Butā Singh 'Granthī'

## ਜੀਵਨ ਚਰਿਤ੍ਰ

## ਮਹੰਤ

# ਮਨੋਹਰ ਦਾਸ ਜੀ

ਪਾਕ ਪਟਨ ਵਾਲਿਓਂ ਕਾ



ਸਮੇਤ ਹਾਲ
ਬਾਵਾ ਪ੍ਰੀਤਮ ਦਾਸ
ਵ ਬਾਵਾ ਸਰੂਪ ਦਾਸ
ਮਹੰਤਾਂ ਦੇ
ਅਤੇ
ਹਾਲ ਬਾਵਾ
ਕਿਸ਼ਨ ਦਾਸ ਦਾ

ਜਿਸਨੂੰ
ਭਾਈ
ਬੂਟਾ ਸਿੰਘ ਜੀ ਗ੍ਰੰਥੀ
ਬੰਗਲਾ ਫਾਜ਼ਲ ਕਾ
ਜ਼ਿਲਾ ਫੀਰੋਜ਼ਪੁਰ
ਨੇ
ਰਚਕੇ ਛਪਵਾ

ਤਸਵੀਰ ਭਾਈ ਬੂਟਾ ਸਿੰਘ ਗ੍ਰੰਥੀ

ਸਰਦਾਰ ਬੁਧ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਦ੍ਵਾਰਾ
ਸ੍ਰੀ ਗੁਰੁਮਤ ਪ੍ਰੈਸ ਸ੍ਰੀ ਅਮ੍ਰਿਤਸਰ ਜੀ ਵਿਖੇ ਛਪਿਆ ॥

ਹਲੀਵਾਰ ੫੦੦, ਜੇ

੧੯੨੯

੧ ੴ ਸਤਿਗੁਰਪ੍ਰਸਾਦਿ॥

ਅਬ ਪੁਸਤਕ ਕ੍ਰਿਸ਼ਨ ਪ੍ਰਕਾਸ਼ ਲਿਖਯਤੇ

॥ ਉਸਤਤੀ ਅਕਾਲ ਪੁਰਖ ॥

ਦੋਹਿਰਾ॥ ਸੱਤਿ ਚਿੱਤ ਆਨੰਦ ਕੋ ਮਮ ਹੀਏ ਧੀਰ॥ ਨਿਮਸ਼ਕਾਰ ਸਭ ਕਰਤ ਹੈਂ ਵਲੀ ਪਿਗੰਬਰ ਪੀਰ॥
ਦੋਹਿਰਾ॥ ਸਤਨਾਮ ਨਿਰਵੈਰ ਹਰ ਜਾਕੋ ਨਾਮ ਕਰਤਾਰ॥ ਐਸੇ ਪ੍ਰਭੂ ਕੋ ਨਮੋ ਹੈ ਬਾਰ ਬਾਰ ਨਿਮਸਕਾਰ ॥
ਦੋਹਿਰਾ॥ ਨਿਰਗੁਣ ਸਰਗੁਣ ਨਿਰੰਕਾਰ ਸਭ ਮੈਂ ਤੁਮਰੋ ਗਿਆਨ॥ ਬੁਧ ਹੀਨ ਤੁਮ ਸਿੰਘ ਕੋ ਬਖਸ਼ੋ ਗਿਆਨ ਕੋ ਭਾਨ ॥

ਬੈਂਤ—ਪ੍ਰਿਥਮੈਂ ਬੰਦਨਾ ਪੁਰਖ ਅਕਾਲ ਅਗੇ ਜਿਸ ਦੇ ਆਸਰੇ ਕੁਲ ਸੰਸਾਰ ਬਾਵਾ। ਭੰਨਣ ਘੜਨ ਜਹਾਨ ਹੈ ਵਸ ਓਹਦੇ ਸਾਰਾ ਉਸਦਾ ਏਹ ਪਸਾਰ ਬਾਵਾ। ਸਾਰੇ ਖੰਡ ਬ੍ਰਹਮੰਡ ਦੇ ਵਿਚ ਰਵਿਆ ਸੱਚੇ ਰਬ ਦਾ ਏਹ ਅਕਾਰ ਬਾਵਾ। ਕੋਈ ਸ਼ਾਹ ਤੇ ਕੋਈ ਕੰਗਾਲ ਕੀਤੇ ਕੋਈ ਮੰਗਦੇ ਖੜੇ ਉਧਾਰ ਬਾਵਾ। ਕੋਈ ਮੰਗਦੇ ਹੱਥ ਪਸਾਰ ਕਰਜਾ ਕੋਈ ਦੇਂਵਦੇ ਹੱਥ ਉਲਾਰ ਬਾਵਾ। ਕੋਈ ਖੜੇ ਹੋ ਰਾਤ ਗੁਜਾਰ ਦੇਂਦੇ ਪੈਹਰੇ ਦਾਰ ਬਨਕੇ ਹੋਕੇ ਮਾਰ ਬਾਵਾ। ਕੋਈ ਸੁਤੇ ਪਏ ਪਾਸਾ ਨਾ ਫੇਰਦੇ ਨੀ ਰਾਤ ਗਈ ਦੀ ਖਬਰ ਨਾਂ ਸਾਰ ਬਾਵਾ । ਕਈ ਲਾਇ ਤਕੀਏ ਬੈਹਨ ਪਾਲਕੀ ਮੈਂ ਕੋਈ ਬੈਠੇ ਸਿਰ ਖਾਕ ਨੂੰ ਡਾਰ ਬਾਵਾ। ਕਿਤੇ

ਰਦਾ ਕਿਤੇ ਜੀਵਾਉਂਦਾ ਹੈ ਕਿਤੇ ਜੀਵਾਂਦਾ ਕਰੇ ਉਧਾਰ
ਵਾ। ਘਟ ਘਟ ਦੇ ਵਿਚ ਪ੍ਰਕਾਸ਼ ਕੀਤਾ ਸਭਨੂੰ ਆਸਰਾ
ਕ ਨਿਰੰਕਾਰ ਬਾਵਾ। ਕੋਈ ਸ਼ਾਹ ਤੇ ਕਿਤੇ ਕੰਗਾਲ
ਤੇ ਖੇਲ ਰੱਬ ਦੇ ਅਪਰ ਅਪਾਰ ਬਾਵਾ। ਪਲ ਵਿੱਚ
ਗਾਲ ਨੂੰ ਰਾਜ ਦੇਵੇ ਰਾਜਾ ਹੋਂਵਦਾ ਫਿਰੇ ਖੁਆਰ ਬਾਵਾ।
ਲ ਵਿਚ ਵੇਖੀਏ ਸੱਯਾਂ ਨੇ ਸੀਸ ਗੁੰਦੇ ਸੋਹਣਾ ਲਾਇਕੇ
ਰ ਸਿੰਗਾਰ ਬਾਵਾ।ਜੁਲਫਾਂ ਟੇਢੀਆਂ ਮੇਢੀਆਂ ਸੋਭਰਹੀ
ਆਂ ਲਾਇਆ ਕੀਮਤੀ ਅਤ੍ਰ ਅਤਾਰ ਬਾਵਾ।ਖੁਸ਼ਬੂ ਨਾਲਹੈ
ਮੈਹਕਿਆ ਕੁਲ ਵੇਹੜਾ ਖਿੜੇ ਫੁਲਾਂ ਦੀ ਜਿਵੇਂ ਬਹਾਰ
ਬਾਵਾ। ਪਲ ਵਿਚ ਦੇਖੀਏ ਰੋਂਦੀਆਂ ਧੋਂਦੀਆਂ ਨੀ ਸਿਰ
ਵਿਚ ਪਾਇਕੇ ਮਿਟੀ ਤੇ ਛਾਰ ਬਾਵਾ। ਕੁਦਰਤ ਓਸਦੀ
ਦਾ ਨਾਂ ਅੰਤ ਆਵੇ ਜਾਈਏ ਓਸਤੋਂ ਸਦਾ ਬਲਿਹਾਰਬਾਵਾ।
ਭਜਨ ਕਰਨ ਗੁਰੂ ਨਾਨਕ ਨਿ੍ੰਕਾਰ ਜੈਸੇ ਦਸੇ ਪਾਤਸਾਹ
ਜੋਤ ਨਿਰੰਕਾਰ ਬਾਵਾ। ਕਲਗੀਧਰ ਗੋਬਿੰਦਸਿੰਘ ਧਰਮ
ਮੂਰਤ ਸਿੰਘ ਸੂਰਮੇ ਕੀਤੇ ਤੱਯਾਰ ਬਾਵਾ। ਹਿੰਦ ਧੂਮ ਦੀ
ਜਿਨਾਂ ਨੇ ਲੱਜਰੱਖੀ ਡੁਬਦੀ ਹਿੰਦਦੀ ਲੀਤੀਹੈ ਸਾਰਬਾਵਾ।
ਜਿਨਾਂ ਪਕੜਕੇ ਤੁਰਕਾਂ ਦਾ ਨਾਸ ਕੀਤਾ ਉਰੰਗਾ ਤੁਰਕ
ਗਿਆ ਝਖ ਮਾਰ ਬਾਵਾ।ਓਹਵੀ ਮੁਖ ਤੋਂ ਵਾਹਿਗੁਰੂਸ਼ਬਦ
ਜਪਦੇ ਮਹਾਂ ਬਲੀ ਦਸਮੇਸ ਅਵਤਾਰਬਾਵਾ। ਗਾਵਨ ਤੁਧ
ਨੂੰ ਜੀਵ ਤੇ ਜੰਤ ਸਾਰੇ ਘੜੀ ਔਖੀ ਬਨੇ ਰਬ ਯਾਰ ਬਾਵਾ।
ਕਿਤੇ ਸਾਧੂ ਮਹਾਤਮਾਂ ਭਜਨ ਕਰਦੇ ਕਿਤੇ ਜੋਤਸੀ ਕਰਨ

ਵਿਚਾਰ ਬਾਵਾ । ਕਿਤੇ ਗਾਂਵਦੇ ਇੰਦ ਤੇ ਚੰਦ ਸੂਰਜ ਜਾਪ ਰੱਬ ਦਾ ਜਪੇ ਨਰ ਨਾਰ ਬਾਵਾ । ਅਰਜਨ ਭੀਖਮ ਤੇ ਕ੍ਰਿਸ਼ਨ ਮੁਰਾਰ ਜੈਸੇ ਜਪੇ ਜਾਪ ਜੋ ਰਾਮ ਅਵਤਾਰ ਬਾਵਾ। ਬ੍ਰਹਮਾ ਬਿਸ਼ਨ ਮਹੇਸ ਸੁਰੇਸ ਜਪਦੇ ਜਪੇ ਜਾਪ ਜੋ ਵਲੀ ਕੰਧਾਰ ਬਾਵਾ। ਰਿਸ਼ੀ ਮੁਨੀ ਮਹਾ-ਤਮਾ ਭਜਨ ਕਰਦੇ ਰਾਜੇ ਛੱਡਕੇ ਰਾਜ ਦੁਬਾਰ ਬਾਵਾ । ਗੋਰਖ ਨਾਥ ਤੇ ਮੰਡਲੀ ਸਿੱਧ ਸਾਰੀ ਤੂਹੀਂ ਤੂਹੀਂ ਹੀ ਕਰੇ ਪੁਕਾਰ ਬਾਵਾ। ਪੂਰਨ ਭਗਤ ਗੋਪੀ ਚੰਦ ਭਰਥਰੀ ਭੀ ਰਾਜੇ ਛੱਡ ਜਪਦੇ ਘਰ ਬਾਰ ਬਾਵਾ। ਨਾਮ ਦੇਵ ਕੰਬੀਰ ਤੇ ਸੈਨ ਨਾਈ ਜਾਪ ਜਪੇ ਰਵਦਾਸ ਚੰਮਾਰ ਬਾਵਾ ।ਧੰਨਾ ਭਗਤ ਜੈਦੇਵ ਨਾਥ ਨਾਰਦ ਪ੍ਰਲ੍ਹਾਦਜਿਹੇ ਸੁਸੀਲਕੁਮਾਰ ਬਾਵਾ। ਕੋਈ ਪਾਪ ਕਰਦੇ ਕੋਈ ਪੁੰਨ ਕਰਦੇ ਪਾਪੀਪੁੰਨੀ ਦੀ ਲੈਂਦਾ ਹੈ ਸਾਰ ਬਾਵਾ। ਕੀੜੀ ਹਸਤੀ ਦੀ ਲੈਂਦਾ ਹੈ ਸਾਰ ਸਾਈਂ ਰੋਜੀ ਦੇਂਵਦਾ ਪ੍ਰਵ੍ਰਦਿਗਾਰ ਬਾਵਾ।ਜਲਵਿਚ ਜੋ ਜੰਤ ਉਪਾਇ ਛੱਡੇ ਲੈਂਦਾ ਓਹਨਾਂ ਦੀ ਆਪ ਓਹ ਸਾਰ ਬਾਵਾ। ਦੰਦ ਦੇਕੇ ਅੰਨ ਓਹ ਦੇਵੰਦਾਈ ਜਨਮਦੇਕੇ ਦੁੱਧ ਅਹਾਰ ਬਾਵਾ। ਪਥਰ ਪ੍ਰਬਤਾਂ ਵਿਚ ਜੋ ਜੰਤ ਕੀਤੇ ਰੋਜੀ ਸਭ ਅਗੇ ਦੇਵੇ ਤਾਰ ਬਾਵਾ । ਖਾਲੀ ਕਿਸੇ ਨੂੰ ਓਹ ਨਾਂ ਰਖਦਾ ਹੈ ਦੇਵੇ ਖਲਕ ਨੂੰ ਓਹ ਆਧਾਰ ਬਾਵਾ। ਪੈਦਾ ਵਾਰ ਹੈ ਕੁਲ ਬ੍ਰਹਮੰਡ ਓਹਦਾ ਰੋਜੀ ਦੇਣ ਲਈ ਖੜਾ ਤਿਆਰ ਬਾਵਾ। ਚਿੰਤਾ ਰੋਜ਼ੀ ਦੀ ਕਰੋ ਨਾਂ ਮੂਲ ਭਾਈ

ਚਿੰਤਾ ਰਖਦਾ ਰਬ ਦਾਤਾਰ ਬਾਵਾ।ਬੰਦਾ ਕੌਣ ਹੈ ਜੋ ਰੋਜ਼ੀ ਦੇਣ ਵਾਲਾ ਦੇਣ ਹਾਰ ਦਾਤਾਰ ਕਰਤਾਰ ਬਾਵਾ। ਕਿਤੇ ਨਸ਼ਟ ਕਰਦਾ ਕਿਤੇ ਸ੍ਰਿਸ਼ਟਰਚਦਾ ਕਿਸੇ ਪਾਇਆਨਹੀਂ ਪਾਰਾਵਾਰ ਬਾਵਾ। ਦ੍ਰਿਸਟ ਆਂਵਦਾ ਕੁਲ ਨੇ ਬਿਨਸ ਜਾਨਾ ਡਿਠਾ ਠੀਕ ਮੈਂ ਸੋਚ ਵਿਚਾਰ ਬਾਵਾ। ਰਾਵਨ ਜੇਹੇ ਭੀ ਸੋਨੇ ਦੀ ਲੰਕ ਰਚਕੇ ਬੈਠੇ ਮਾੜੀਆਂ ਮਹਲ ਉਸਾਰ ਬਾਵਾ। ਜੀਧੀ ਭਾਨ ਸਸਿ ਆਨ ਰਸੋਈ ਕਰਦੇ ਅਗਨੀ ਕਪੜੇ ਧੋਵੰਦੀ ਹਾਰ ਬਾਵਾ। ਇਕ ਲੱਖ ਪੂਤ ਤੇ ਸਵਾ ਲਖ ਪੋਤ੍ਰਾ ਸੀ ਖਲਕ ਕੁਲ ਜਿਸਦੀ ਪਾਨੀ ਹਾਰ ਬਾਵਾ। ਕਾਲ ਬਲੀ ਜਿਨ ਪਾਵੇ ਦੇ ਨਾਲ ਬੱਧਾ ਓਹਵੀ ਕਾਲ ਨੇ ਕੀਤਾ ਅਹਾਰ ਬਾਵਾ। ਵਾਜੇ ਕੂੜ ਦੇ ਕਈ ਵਜਾ ਗਏ ਕਾਰੂੰ ਪਾਤਸਾਹ ਜਿਹੇ ਗਵਾਰ ਬਾਵਾਂ। ਘਰੀਂ ਜਿਨਾਂ ਦੇ ਝੂਲਦੇ ਰੈਹਨ ਹਾਥੀ ਓਹਵੀ ਉੱਠ ਚਲੇ ਹੱਥ ਝਾੜ ਬਾਵਾ। ਸਾਹਦਾਦ ਅਕਬਰ ਆਫਤੂਨ ਜੈਸੇ ਸ਼ਾਹ ਦਾਰਾ ਸਿਕੰਦਰ ਭੀ ਛਾਰ ਬਾਵਾ। ਈਸਾ ਮੂਸਾ ਧਨੰਤ੍ਰੀ ਮੁਸਤਫਾ ਭੀ ਕਰ ਕੂਚ ਏਥੋਂ ਹੋਏ ਪਾਰ ਬਾਵਾ। ਜ਼ਾਲੀ ਰੁਸਤਮ ਪੈਹਲਵਾਨ ਤੇ ਅਲੀ ਜਿਹੇ ਕਾਲ ਛੱਡਦਾ ਨਹੀਂ ਬਲ ਕਾਰ ਬਾਵਾ। ਜ਼ਾਲਮ ਪਾਦਸਾਹ ਸੁਣੋਂ ਮਹਿਮੂਦ ਜੈਸੇ ਨੰਗੇ ਪੈਰ ਹੀ ਗਏ ਪਧਾਰ ਬਾਵਾ।ਗਿਣਨ ਲਗਿਆਂ ਕੁਝ ਨਾਂ ਅੰਤ ਆਵੇ ਮਾਰੇ ਕਾਲ ਨੇ ਬੇਸੁਮਾਰ ਬਾਵਾ। ਕਾਲ ਮਹਾਂ ਬਲਵਾਨ ਨੇ ਲਾਏ ਅਗੇ ਅਖੀਂ ਜਿਨਾਂ ਦੀ ਛਾਯਾ

ਗੁਬਾਰ ਬਾਵਾ। ਹਰ ਇੱਕ ਦੇ ਵਿਚ ਪ੍ਰਕਾਸ਼ ਤੇਰਾ ਦਿਸੈ ਰਬ ਦਾ ਮੈਨੂੰ ਪਸਾਰ ਬਾਵਾ। ਕਿਤੇ ਜੋਗੀਆਂ ਵਿਚ ਵਿਰਾਜ ਬੈਠਾ ਕਿਤੇ ਗਾਂਵਦਾ ਪਕੜ ਸਤਾਰ ਬਾਵਾ। ਕਿਤੇ ਜੰਗ ਦੇ ਵਿਚ ਤੂੰ ਲੜਨ ਲਗਾ ਹੋਕੇ ਸੂਰਮਾ ਪਕੜ ਕਟਾਰ ਬਾਵਾ। ਕਿਤੇ ਫੁਲ ਤੇ ਭੌਰਾ ਭੀ ਆਪ ਬਨਿਓਂ ਕਿਤੇ ਰਾਜ ਹੋ ਚਿਨੇਂ ਦਿਵਾਰ ਬਾਵਾ। ਕਿਤੇ ਰੁਖ ਤੇ ਫਲ ਭੀ ਆਪ ਹੋਇਓਂ ਆਪੇ ਪਾਂਵਦਾ ਬੈਠ ਅਚਾਰ ਬਾਵਾ। ਕਿਤੇ ਬਨ ਹਕੀਮ ਤੂੰ ਨਾੜ ਵੇਖੇਂ ਕਿਤੇ ਆਪ ਹੀ ਹੋਇਓਂ ਬੀਮਾਰ ਬਾਵਾ। ਕਿਤੇ ਰੇਲ ਤੇ ਕਿਤੇ ਤੂੰ ਕਰੇਂ ਸੰਗਲ ਕਿਤੇ ਆਪ ਬੈਠਾ ਦੇਵੇਂ ਤਾਰ ਬਾਵਾ। ਜਿੱਤ ਜਿੱਤ ਕੇ ਕਿਤੇ ਤੂੰ ਹਾਰਨਾਏਂ ਮੈਨੂੰ ਰਬ ਦਾ ਦਿਸੇ ਖਿਲਾਰ ਬਾਵਾ। ਕਿਤੇ ਇਕ ਤੋਂ ਲਖ ਹੀ ਰਚੀ ਦੁਨੀਆਂ ਸੋਹਣੇ ਰਚੇ ਤੂੰ ਸ਼ਹਰ ਬਜ਼ਾਰ ਬਾਵਾ। ਬਾਜੀ ਦੁਨੀਆਂ ਦੀ ਜਦੋਂ ਸਮੇਟ ਲੈਂਦਾ ਇਕੋ ਆਪਹੀ ਰਹੇ ਨਿਰੰਕਾਰ ਬਾਵਾ। ਬੂਟਾ ਸਿੰਘ ਕਹੇ ਕਿਸੇ ਨਾਂ ਅੰਤ ਪਾਯਾ ਬਿਅੰਤ ਰਬ ਤੋਂ ਜਾਈਏ ਬਲਹਾਰ ਬਾਵਾ।

## ਉਸਤਤੀ ਸ੍ਰੀ ਗੁਰੂ ਨਾਨਕ ਜੀ ਸੇ ਲੈਕਰ ਦਸੋਂ ਪਾਤਸ਼ਾਹੋਂ ਕੀ

ਚਰਨਾਂ ਵਿਚ ਸਤਗੁਰਾਂ ਦੇ ਖੜਾ ਹੋਕੇ ਮੁਖੋਂ ਸਤ ਗੁਰੂ ਨਾਮ ਧਿਆਯਾ ਜੇ। ਓਸ ਨੂਰ ਇਲਾਹੀ ਦੀ ਮੂਰਤੀ ਨੂੰ ਰੋਮ ਰੋਮ ਮੇਰੇ ਘਰ ਪਾਇਆ ਜੇ। ਗੁਰ ਧਾਮ ਦੇ ਵਿਚ ਦੀਦਾਰ ਕਰਕੇ ਸਾਰਾ ਰੋਗ ਤੇ ਸੋਗ ਮਿਟਾਇਆ ਜੇ।

ਧੰਨ ਧੰਨ ਗੁਰੂ ਨਾਨਕ ਤੋਂ ਵਾਰੀ ਵੰਵਾਂ ਮੈਨੋਂ ਜੋਉੜਾ ਘੋਲ ਘੁਮਾਯਾ ਜੇ। ਗੁਰੂ ਅੰਗਦ ਹੈਂ ਜੀਵਾਂ ਦੇ ਸੰਗ ਸਾਥੀ ਨਮੋ ਨਮੋ ਹੈ ਮੈਨੇ ਅਲਾਇਆ ਜੇ। ਅਮਰ ਦਾਸ ਗੁਰਦੇਵ ਤੋਂ ਜਾਂਨ ਵਾਰੀ ਜਿਨਾਂ ਗੁਰਾਂ ਦਾ ਵਾਕ ਕਮਾਇਆ ਜੇ। ਰਾਮ ਦਾਸ ਗੁਰ ਦੇਵ ਦਾ ਸੋਹੇ ਤੀਰਥ ਅਮ੍ਰਿਤਸਰ ਨੂੰ ਖੂਬ ਸੁਹਾਯਾਜੇ। ਸੰਖਮਰਮਰ ਤੇ ਸਿਉਨੇ ਦੀ ਜੜਤ ਜੜਿਆ ਸਤਗੁਰਾਂ ਜਿੱਥੇ ਡੇਰਾ ਲਾਇਆ ਜੇ। ਮਹਾਰਾਜ ਧਿਰਾਜ ਅਨੇਕ ਜਾਂਦੇ ਰਾਜੇ ਰਾਣਿਆਂ ਸੀਸ ਝੁਕਾਇਆ ਜੇ। ਨੰਗੇ ਪੈਰਾਂ ਦੀ ਕਰਨ ਪ੍ਰਕ੍ਰਮਿਆਂ ਭੀ ਝਾੜੂ ਫੇਰਦੇ ਵੇਖ ਮੈਂ ਆਇਆ ਜੇ। ਅਟਲ ਰਾਏ ਭੀ ਸੋਭਦੇ ਏਸ ਨਗਰੀ ਰਾਮਦਾਸ ਨੇ ਜਿਨੂੰ ਵਸਾਯਾ ਜੇ। ਬਾਬੇ ਅਟੱਲ ਦਾ ਉੱਚਾ ਦਰਬਾਰ ਭਾਰੀ ਨੌਂ ਮੰਜਲਾਂ ਮੰਦ੍ਰ ਬਨਾਇਆ ਜੇ। ਬੁਢੇ ਬਾਬੇ ਭੀ ਮੁੱਠੀਆਂ ਭਰਨ ਜਾਕੇ ਨਾਲ ਫੁੱਲਾਂ ਦੇ ਬਾਬਾ ਸੁਹਾਯਾ ਜੇ। ਹਰ ਗੋਬਿੰਦ ਦੇ ਹੋਏ ਏਹ ਸਾਹਬ ਜਾਦੇ ਮੰਦ੍ਰ ਕੌਲਾਂ ਦੇ ਕੰਢੇ ਬਨਾਇਆ ਜੇ। ਬਾਬੇ ਟੱਲ ਦੀ ਸਿਫਤ ਨਾਂ ਜਾਇ ਕੀਤੀ ਮੋਏ ਮੋਹਨ ਨੂੰ ਜਿਨਾਂ ਜੀਵਾਇਆ ਜੇ। ਮੇਰੀ ਵਾਰ ਕਰੋੜ ਨਿਮਾਮ ਹੈ ਜੀ ਰਾਮਦਾਸ ਨੂੰ ਸੀਸ ਨਿਵਾਇਆ ਜੇ। ਗੁਰੂ ਅਰਜਨ ਪਿਆਰੇ ਦੀ। ਜੋਤ ਜਾਗੇ ਬਾਣੀ ਰਚਕੇ "ਗ੍ਰੰਥ" ਬਨਾਇਆ ਜੇ ਗੁਰੂ ਗ੍ਰੰਥ ਦੀ ਬੀੜ ਤਿਯਾਰ ਕਰਕੇ ਸਿੰਧ ਸਾਗਰੋਂ ਪਾਰ ਲੰਘਾਇਆ ਜੇ। ਨਾਲ ਦੀਨਤਾ ਦੇ ਮੇਰੀ ਅਰਜ ਬਾਵਾ ਕੋਮਲ

ਚਰਨਾਂ ਤੇ ਸੀਸ ਟਿਕਾਇਆ ਜੇ। ਹਰਿ ਗੋਵਿੰਦ ਜੀ ਪਾਸ ਹੈ ਬਿਨੇ ਮੇਰੀ ਮੀਰੀ ਪੀਰੀ ਨੂੰ ਜਿਨਾਂ ਕਮਾਯਾ ਜੇ। ਹਰੀ ਰਾਇ ਹਰੀ ਕ੍ਰਿਸ਼ਨ ਜੀ ਧਰਮ ਮੂਰਤ ਡੰਕਾ ਧੂਮ ਦਾ ਜਿਨਾਂ ਵਜਾਯਾ ਜੇ। ਗੁਰੂ ਤੇਗ ਬਹਾਦਰ ਜੀ ਦੇਸ਼ ਰਹਬਰ ਸੀਸ ਦੇ ਕੇ ਦੇਸ ਬਚਾਯਾ ਜੇ। ਕਲਗੀਧਰ ਦਸਮੇਸ਼ ਮਹਾਰਾਜ ਜੀਨੇ ਆਕੇ ਜੁਲਮ ਦਾ ਨਾਮ ਮਿਟਾ ਯਾ ਜੇ। ਸਤਗੁਰ ਦਯਾ ਦੇ ਨਿੱਧ ਦਿਆਲ ਮੂਰਤ ਜਗ ਡੁਬਦਾ ਜਿਨਾਂ ਤਰਾਯਾ ਜੇ। ਬੂਟਾ ਹਰੀ ਹੈ ਧੂੜ ਜੋ ਸਤ ਗੁਰਾਂ ਦੀ ਗੁਰ ਚਰਣਾ ਮੇਂ ਸੀਸ ਨਿਵਾਯਾ ਜੇ ॥

ਕਬਿੱਤ ॥ ਕਲਗੀ ਕੀ ਛਬ ਮੋਪੈ ਕਹੀ ਕਛੂ ਨਾਹਿਜਾਇ ਲਾਏ ਹਥਿਆਰ ਦੁਖ ਦੇਸ਼ ਕੇ ਮਿਟਾਨ ਕੋ। ਹੱਥ ਵਿਚ ਬਾਜ ਨੀਲੇ ਘੋੜੇ ਤੇ ਬਿਰਾਜਮਾਨ ਬਾਂਕੀ ਚਾਲ ਚਲਤੇ ਜੋ ਪਕੜ ਕਮਾਨ ਕੋ। ਮਹੇਸ ਵ ਸੁਰੇਸ ਤੇ ਗਨੇਸ ਕੁਲ ਦੇਵਤੇ ਜੋ ਦੇਖ ਦੇਖ ਰਜਤੇ ਨਾਂ ਓਸ ਆਲੀ ਸ਼ਾਨ ਕੋ। ਬੂਟਾ ਸਿੰਘ ਕਹੇ ਗੁਰ ਭਾਨ ਕੇ ਸਮਾਨ ਜਾਨ ਨਰ ਨਾਰੀ ਜਾਕੋ ਜਪੇ ਲਾਇ ਕਰ ਧਿਆਨ ਕੋ॥ਕਬਿੱਤ॥ ਮਹਾਂਬਲੀ ਐਸਾ ਮੈਨੇ ਦੇਖਾ ਨ ਜਹਾਨ ਬੀਚ ਮੁਸਲਮਾਨ ਹੋਵਨੇ ਸੇ ਜਿਸਨੇ ਬਚਾਯਾ ਜੀ। ਕਲਗੀ ਕੇ ਰਖੱਯਾ ਔਰ ਧੂਮ ਕੇ ਬਚੱਯਾ ਆਪ ਦੇਗ ਤੇਗ ਫਤੇ ਜਿਨ ਕਰਕੇ ਵਿਖਾਯਾ ਜੀ। ਉਰੰਗੇ ਪਾਤਸਾਹ ਤੇ ਦੁਰਾਨੀਏ ਪਠਾਨ ਭਾਰੇ ਮੁਗਲੀਏ ਚੁਗਤੇ ਜਿਨ ਜੁਲਮ ਕਮਾਯਾ ਜੀ। ਬੂਟਾ

ਸਿੰਘ ਕਹੇ ਧੰਨ ਧੰਨ ਦਸਮੇਸਪਿਤਾ ਜ਼ਾਲਮਾਂ ਕੋ ਮਾਰ ਜਿਨ ਪਿੱਛੇਕੋ ਹਟਾਯਾ ਜੀ॥ਕਬਿੱਤ॥ ਹਿੰਦੂ ਜੋ ਪਹਾੜੀਓਂ ਨੇ ਵੈਰ ਕੀਆ ਗੁਰਾਂ ਨਾਲ ਲਖਾਂ ਦੁਖ ਹਿੰਦੂਮਹਾਰਾਜਿਓਂ ਨੇ ਪਾਏ ਹੈਂ। ਬਾਈ ਧਾਰ ਊਪਰ ਮਹਾਰਾਜਾ ਜਾਨੋ ਭੀਮ ਸੈਨ ਲਾਖਾਂ ਧ੍ਰੋਹ ਜਿਨ ਗੁਰੂ ਸਾਥ ਹੀ ਕਮਾਏ ਹੈਂ। ਸੂਰਜ ਪ੍ਰਕਾਸ਼ ਸੰਤੋਖ ਸਿਊਂ ਦਾ ਦੇਖ ਲੈਣਾ ਜੈਸੇ ਜੈਸੇ ਗੁਰੂ ਜੀਨੇ ਹਿੰਦੂ ਭੀ ਉੜਾਏ ਹੈਂ। ਅੜੇਗਾ ਸੋ ਝੜੇਗਾ ਜੋ ਗੁਰੂ ਨਾਲ ਲੜੇਗਾ ਬੂਟਾ ਸਿੰਘ ਕਹੇ ਗੁਰੂ ਸਿੰਘ ਹੀ ਸਜਾਏਹੈਂ॥ ਕ:॥ ਸੂਰਜ ਸ਼ਰ੍ਮਾਵੇ ਨਾਂ ਝਮਕ ਮਾਰ ਸਕਦਾ ਹੈ ਚੰਦ੍ਰਮਾਂ ਲਜਾਇਮਾਨ ਦੇਖ ਗੁਰ ਰੂਪ ਕੋ। ਰਾਜੇ ਮਹਾਰਾਜੇ ਜਾਕੇ ਚਰਣੋਂ ਪੈ ਸੀਸ ਧਰੇਂ ਮੇਰੀਨਮੋਂ ਕਲ-ਗੀਧਰ ਭੂਪਨ ਕੇ ਭੂਪ ਕੋ। ਨਰ ਨਾਰੀ ਦੇਖਕੇ ਪ੍ਰਸਿੰਨ ਇੰਦ੍ਰ ਹੋਣ ਸਾਰੇ ਹੋਣ ਪਰਿਸੰਨ ਪਿਆਸੇ ਦੇਖਕੇ ਜਿਉਂ ਕੂਪ ਕੋ। ਬੂਟਾ ਮ੍ਰਿਗਇੰਦ ਧੰਨ ਧੰਨ ਦਸਮੇਸ ਪਿਤਾ ਬਾਰ ਬਾਰ ਨਮੋਂ ਗੁਰ ਵਿਸਨ ਸਰੂਪਕੋ॥ ਕਬਿੱਤ॥ ਦੇਵ ਅਵਤਾਰੋਂ ਸਿਰੋਮਣੀ ਜੋ ਕਾਰਨ ਕਰਣ ਨਾਥ ਜਾਕੇ ਦਰ ਦੇਵੀ ਦੇਵਤੇ ਬਹਾਰੀਆ। ਦੁਖੋਂ ਕੇ ਹਰਯਾ ਹੈਂ ਕੇ ਸੁਖੋਂ ਕੇ ਦਿਵਯਾ ਹੈਂ ਕੇ ਦੇਸ ਕੇ ਬਚਯਾ ਹਉਤੇ ਸਰਨਤੁਹਾਰੀਆ। ਕ੍ਰਿਪਾ ਕੇ ਨਿਧਾਨ ਹੈਂ ਕੇ ਸਭ ਗੁਣੋਂ ਕੀ ਖਾਣ ਬਾਵਾ ਸਿੰਘਨ ਕੇ ਪ੍ਰਾਣ ਤੁਹੀਂ ਮਹਾਂ ਅਵਤਾਰੀਆ। ਦਾਤਿਓਂ ਕਾ ਦਾਤਾ ਮਹਾਂ ਦਾਤਾ ਤੂੰ ਜਹਾਨ ਵਿਚ ਬੂਟਾ ਸਿੰਘ ਕਹੇ

ਲੱਜ ਰਾਖੀ ਤੈਂ ਹਮਾਰੀਆ ॥

## ਕਵੀਓਂ ਅਗੇ ਪ੍ਰਾਰਥਨਾ

ਕਬਿੱਤ ॥ ਮੰਦ ਮੇਰੀ ਮਤ ਬੁਧ ਹੀਣ ਹਾਂ ਜਹਾਨ ਵਿਚ ਦੇਖਿਆ ਨ ਗ੍ਰੰਥ ਕੋਈ ਪਿੰਗਲ ਦੀ ਸਾਰ ਜੀ । ਐਗਣ ਭਰਪੂਰ ਗੁਣ ਪੱਲੇ ਨਹੀਂ ਇੱਕ ਮੇਰੇ ਹੈਗਾ ਹੂੰ ਅਜਾਨ ਰਖ ਲੀਜੋ ਕਰਤਾਰ ਜੀ । ਗਣ ਅਪਗਣ ਲਘੂ ਦੀਰਘ ਨ ਮੂਲ ਜਾਣਾ ਪਿੰਗਲ ਨੂੰ ਦੇਖਿਆ ਨ ਸੋਚਕੇ ਵਿਚਾਰ ਜੀ । ਬੂਟਾ ਮ੍ਰਿਗਇੰਦ ਜਪੇ ਬੈਠਕੇ ਗੋਬਿੰਦ ਠੀਕ ਠੀਕ ਅਨਜਾਨ ਕਹਿਆ ਕਵੀਓ ਪੁਕਾਰ ਜੀ ॥ ਕਬਿੱਤ ॥ ਸਾਇਰਾਂ ਕਵੀ-ਸਰਾਂ ਨੂੰ ਬੇਨਤੀ ਹੈ ਬਾਰ ਬਾਰ ਦਾਸ ਹੈ ਅਜਾਨ ਭੁਲ ਚੁਕ ਨਾ ਵਿਚਾਰਣੀ । ਕਵੀ ਹੰਸ ਰੂਪ ਹੀਰੇ ਮੋਤੀਆਂ ਨੂੰ ਚੁਗ ਲੈਂਦੇ ਦਾਸ ਦੀ ਕਵੀਸ਼ਰੀ ਤੇ ਹਾਸੀ ਨਾ ਖਿਲਾਰਣੀ। ਦਾਨਿਆਂ ਸਿਆਣਿਆਂ ਕਵੀਸ਼ਰਾਂ ਨੂੰ ਬੋਲ ਮੇਰਾ ਏਸ ਜੋ ਗ੍ਰੰਥ ਵਾਲੀ ਬਾਣੀ ਭੀ ਉਚਾਰਣੀ । ਬੂਟਾ ਸਿੰਘ ਕਹੇ ਸੱਚ ਸੱਚ ਮੁਖੋਂ ਬੋਲਣਾ ਜੀ ਬੁਰੀ ਹੋਵੇ ਬੁਰੀ ਭਲੀ ਭਲੀ ਹੀ ਪੁਕਾਰਣੀ ॥

## ਉਸਤਤੀ ਲਾਹੌਰ ਸ਼ਹਿਰ

ਲਾਹੌਰ ਸ਼ਹਰ ਪੰਜਾਬ ਦੇ ਵਿਚ ਸੁੰਦਰ ਮਸ਼ਹੂਰ ਹੈ ਕੁਲ ਸੰਸਾਰ ਬਾਵਾ। ਕੀਤੀ ਜਾਵੇ ਤਾਰੀਫ ਲਾਹੌਰ ਦੀ ਨਾਂ ਮੁਖ ਇਕ ਤੋਂ ਹੋਣ ਜੇ ਚਾਰ ਬਾਵਾ । ਕਿਲੇ ਪਾਸ ਛੇਵੇਂ

ਗੁਰੂ ਚਰਣ ਪਾਏ ਹਰ ਗੋਬਿੰਦ ਦਾ ਹੈ ਦਰਬਾਰ ਬਾਵਾ । ਚੋਜੀ ਸਤਗੁਰੂ ਹਰ ਗੋਬਿੰਦ ਜੀਨੇ ਕੀਤਾ ਧਰਮ ਦਾ ਬੈਠ ਪ੍ਰਚਾਰ ਬਾਵਾ। ਚੌਥੀ ਪਾਤਸਾਹੀ ਰਾਮਦਾਸਜੀਨੇ ਚੂੰਨੇਮੰਡੀ ਮੇਂ ਲਿਆ ਅਵਤਾਰ ਬਾਵਾ। ਗੁਰੂ ਧਾਮ ਲਾਹੌਰ ਦੇ ਵਿਚ ਕਾਫੀ ਸੋਹਣੇ ਸ਼ਹਰ ਤੋਂ ਜਾਈਏ ਬਲਹਾਰ ਬਾਵਾ । ਐਸੇ ਗੁਰੂ ਤੋਂ ਮੈਂ ਬਲਹਾਰ ਜਾਂਵਾਂ ਬਾਰੰਬਾਰ ਮੇਰੀ ਨਿਮਸ਼ਕਾਰ ਬਾਵਾ। ਚਾਰੋਂ ਤਰਫ ਜੋ ਛਬ ਫੁਹਾਰਿਆਂ ਦੀ ਸਮਝੋ ਵਿਚ ਲਾਹੌਰ ਗੁਲਜਾਰ ਬਾਵਾ। ਸਿੰਗਲ ਦੀਪ ਤੇ ਇੰਦ੍ਰ ਪੁਰੀ ਕੀ ਹੈ ਮਾਨੋ ਸ੍ਵਰਗ ਦਾ ਖਾਸ ਅਵਤਾਰ ਬਾਵਾ। ਬਨਿਆ ਮਿਸਰ ਤੇ ਚੀਨ ਤੋਂ ਅਧਕ ਸੁੰਦਰ ਸੋਭਾ ਸ਼ਹਰਦੀ ਅਪਰ ਅਪਾਰ ਬਾਵਾ। ਕਸ਼ਮੀਰ ਕਾਬਲ ਕਲਕਤਾ ਨਾਂ ਤੁਲ ਸਾਰੇ ਏਹਦਾ ਭਾਨ ਦੇ ਵਾਂਗ ਚਮਕਾਰ ਬਾਵਾ । ਕਈ ਬੌਲੀਆਂ ਬਾਗ ਤੇ ਬੁਰਜ ਸੋਹਣੇ ਚੱਲ ਰਹੇ ਕੂਏਂ ਹੈਂ ਬਹਾਰ ਬਾਵਾ। ਸੰਗਮਰਮਰ ਦੇ ਨਾਲ ਅਟਾਰੀਆਂ ਜੋ ਹੀਰੇ ਮੋਤੀਆਂ ਭਰੇ ਭੰਡਾਰ ਬਾਵਾ। ਸੋਭੇ ਲਾਲ ਜਵਾਹਰ ਤੇ ਚੂਨੀਆਂ ਭੀ ਜੜਤ ਸ਼ੈਹਰ ਦੇ ਵਿਚ ਅਪਾਰ ਬਾਵਾ। ਦੁਆਲੇ ਸ਼ੈਹਰ ਦੇ ਨੈਹਰ ਜੋ ਫਿਰੇ ਭੌਂਦੀ ਨਿਰਮਲ ਨੀਰ ਜਿਉਂ ਗੰਗ ਦੀ ਧਾਰ ਬਾਵਾ। ਦਿੱਲੀ ਚਾਂਦਨੀ ਚੌਂਕ ਤੋਂ ਕਿਲਾ ਸੁੰਦਰ ਜਿਥੇ ਰਾਵੀ ਦਰਿਯਾ ਦੀ ਧਾਰ ਬਾਵਾ। ਘਰ ਘਰ ਮੇਂ ਰਾਗੀਆਂ ਵਾਰ ਲਾਈ ਵਾਜਾ ਜੋੜੀ ਤੇ ਵੱਜੇ ਸਤਾਰ ਬਾਵਾ। ਲੂਹਾਰੀ ਸ਼ਹਾਲਮੀ ਸੋਭਾ ਕਸ਼ਮੀਰੀ ਸੋਹਣਾ

ਲਗ ਰਿਹਾ ਹੈ ਡੱਬੀ ਬਜ਼ਾਰ ਬਾਵਾ। ਅਨਾਰ ਕਲੀ ਦੀ ਕਰਾਂ ਤਾਰੀਫ ਕਿਊਂ ਮੁਖ ਛੋਟਾ ਤੇ ਗਲ ਅਪਾਰ ਬਾਵਾ। ਟਾਂਗੇ ਬਘੀਆਂ ਮੋਟਰ ਤੇ ਫਿਟਨ ਫਿਰਦੇ ਆਏ ਲੋਕ ਨੇ ਕਰਣ ਬਪਾਰ ਬਾਵਾ। ਕਿਤੇ ਦੇਖੀਏ ਬਿਜਲੀ ਤੇ ਗੈਸ ਜਗਦੇ ਦੀਪ ਮਾਲਾ ਦੇ ਜਿਵੇਂ ਝਲਕਾਰ ਬਾਵਾ। ਬਾਗ ਸੋਭਦੇ ਕੁਲ ਲਾਹੌਰ ਅੰਦਰ ਮਿਠੇ ਮੇਵੇ ਨੇ ਅੰਬ ਅਨਾਰ ਬਾਵਾ। ਸ਼ਾਲਾ ਬਾਗ ਬਿਦਾਮੀ ਤੇ ਬਾਗ ਮੋਤੀ ਜੇਹੜਾ ਮੋਤੀਆਂ ਨਾਲ ਗੁਲਨਾਰ ਬਾਵਾ। ਨਹੀਂ ਬੀਤਿਆ ਗਲ ਨੂੰ ਸਮਾ ਬਹੁਤਾ ਇਕ ਸੌ ਛਿਹੱਤ੍ਰ ਵਿਚਾਰ ਬਾਵਾ। ਸਤਾਰਾਂ ਸੌ ਨਿੜ੍ਹਾਂਨਵੇਂ ਜਾਨ ਲੈਣਾ ਜਦੋਂ ਲੱਗਿਆ ਅਧਿਕ ਦਰਬਾਰ ਬਾਵਾ। ਮਹਾਰਾਜ ਰਣਜੀਤ ਸਿੰਘ ਤਖਤ ਬੈਠੇ ਹਾਲ ਤਿਨਾ ਦਾ ਕਹਾਂ ਉਚਾਰ ਬਾਵਾ। ਹੀਰੇ ਮੋਤੀਆਂ ਸੁੱਚਿਆਂ ਤਖਤ ਜੜਿਆ ਜਿਥੇ ਲਾਵੇ ਸ੍ਰਕਾਰ ਦ੍ਰਬਾਰ ਬਾਵਾ। ਵਿਸ਼ਕਰਮਾਂ ਨੇ ਤਖਤ ਨੂੰ ਆਪ ਜੜਿਆ ਕੀਤਾ ਐਸਾ ਨਾ ਹੋਰ ਤਿਯਾਰ ਬਾਵਾ। ਮਹਾਰਾਜ ਧਿਰਾਜ ਰਣ ਜੀਤ ਹਰੀ ਸੂਰਬੀਰ ਤੇ ਤੇਜ ਬਲਕਾਰ ਬਾਵਾ। ਸੋਢ ਬੰਸ ਤੇ ਛੱਤ੍ਰੀ ਧ੍ਰਮ ਰਖਕ ਬੁਧਵਾਨ ਤੇ ਚਿੱਤ ਉਦਾਰ ਬਾਵਾ। ਨੀਤੀ ਰਾਜ ਦ੍ਰਬਾਰ ਦੀ ਕੁਲ ਜਾਣੇ ਅਦਲ ਕਰਦਾ ਸੀ ਧ੍ਰਮ ਅਨੁਸਾਰ ਬਾਵਾ। ਜਪ ਜਾਪ ਰਹੁਰਾਸ ਨਿੱਤ ਨੇਮ ਕਰਦਾ ਵਾਹਿਗੁਰੂ ਨਾਮ ਦਾ ਲਿਆ ਅਧਾਰ ਬਾਵਾ। ਪਰ ਇਸਤ੍ਰੀ ਮਾਤਾ ਦੇ ਤੁੱਲ ਜਾਣੇ ਗੁਰ ਬਾਣੀ ਦੇ ਨਾਲ

ਪਿਆਰ ਬਾਵਾ। ਚਿੜੀ ਬਾਜ ਤੇ ਬਕਰੀ ਬਾਘ ਫਿਰਦੇ ਗਊ ਸਿੰਘ ਚਰਦੇ ਇਕੋ ਬਾਰ ਬਾਵਾ। ਐਸਾ ਤੇਜ ਸੀ ਭੂਪ ਦਾ ਦੇਸ ਉਤੇ ਦੂਆ ਦੂਏ ਤੇ ਖਾਵੇ ਨਾਂ ਖਾਰ ਬਾਵਾ। ਮਹਾਰਾਜ ਰਣਜੀਤ ਸਿੰਘ ਚੱਕ੍ਰ ਵਰਤੀ ਪ੍ਰਤਾਪਵਾਨ ਸੀ ਕੁਲ ਸੰਸਾਰ ਬਾਵਾ। ਰਣਜੀਤ ਸਿੰਘ ਦੇ ਸਾਮਣੇ ਹੋਰ ਰਾਜੇ ਦਿਸਨ ਇੰਦ੍ਰ ਜਿਉਂ ਖੜੇ ਬੀਮਾਰ ਬਾਵਾ। ਆਫਤਾਬ ਦੇ ਵਾਂਗ ਰਣਜੀਤ ਹਰੀ ਦੀਵੇ ਤੁਲ ਹੋਰ ਰਾਜ ਕੁਮਾਰ ਬਾਵਾ। ਪਰਸ੍ਵਾਰਥੀ ਬਿਕ੍ਰਮਾ ਰਾਵ ਨਾਲੋਂ ਕਰਨ ਨਾਲੋਂ ਵੀ ਵਧ ਦਤਾਰ ਬਾਵਾ। ਧ੍ਰਮ ਮੂਰਤੀ ਧ੍ਰਮ ਦੀ ਖਾਨ ਰਾਜਾ ਦਯਾਵਾਨ ਤੇ ਸਖੀ ਉਦਾਰ ਬਾਵਾ। ਲਾਹੌਰ ਵਿਚ ਨਾਂ ਕੋਈ ਬੀਮਾਰ ਦਿਸੇ ਮਾਲਦਾਰ ਸਨ ਸੇਠ ਸ਼ਹੂਕਾਰ ਬਾਵਾ। ਧਰਮਵਾਨ ਸਨ ਸ਼ੈਹਰ ਦੇ ਕੁਲ ਵਾਸੀ ਕੋਈ ਤੱਕੇ ਨਾਂ ਕਿਸੇ ਦੀ ਨਾਰ ਬਾਵਾ। ਠੱਗ ਯਾਰ ਬੇਈਮਾਨ ਬਦਕਾਰ ਸਾਰੇ ਨੱਸ ਗਏ ਕੁਲ ਚੋਰ ਚਕਾਰ ਬਾਵਾ। ਨੀਚ ਪਾਪੀ ਦਾ ਕੱਟਦਾ ਸੀਸ ਰਾਜਾ ਮਾਰ ਸੱਟ ਦਾ ਨਾਲ ਕਟਾਰ ਬਾਵਾ। ਅਮਨ ਚੈਨ ਸ਼ਹਨ ਸ਼ਾਹ ਦਾ ਮੁਲਕ ਵਸੇ ਰੰਚਕ ਭਰ ਨਾਂ ਕਦੇ ਅਸਰਾਰ ਬਾਵਾ। ਅਕਲ ਨਹੀਂ ਤਾਰੀਫ ਹੈ ਬਹੁਤ ਭਾਰੀ ਕਰਾਂ ਕਿਵੇਂ ਮੈਂ ਕੁਲ ਸ਼ੁਮਾਰ ਬਾਵਾ। ਰਣਜੀਤ ਸਿੰਘ ਮਹਾਰਾਜ ਦੀ ਇੱਕ ਰਾਣੀ ਜਿੰਦ ਕੌਰ ਤੇ ਹੁਸਨ ਅਪਾਰ ਬਾਵਾ। ਮੁਕਟ ਮਣੀ ਮਹਾਰਾਣੀ ਸੀ ਰੂਪ ਵਾਲੀ ਸੋਭਾ ਪਾ ਰਹੀ ਨਾਲ

ਸ਼ਿੰਗਾਰ ਬਾਵਾ। ਨਰਮ ਡਬਾ ਤੇ ਧਰਮ ਦੇ ਵਿਚ ਕਾਇਮ ਪਤੀਰੂਪਨੂੰ ਜਾਣੇ ਕਰਤਾਰਬਾਵਾ।ਪੁਤ੍ਰ ਚਾਰਸਨ ਰਾਣੀਦੇ ਜਗਤ ਰੋਸ਼ਨ ਖੜਗ ਸਿੰਘ ਨਿਹਾਲ ਉਦਾਰ ਬਾਵਾ । ਸ਼ੇਰ ਸਿੰਘ ਸੀ ਸ਼ੇਰ ਦਾ ਰੂਪ ਲੋਕੋ ਚੌਥਾ ਕੰਵਰ ਦਲੀਪ ਕੁਮਾਰ ਬਾਵਾ।ਮੱਥਾ ਦੱਗਦਾ ਚੌਹਾਂਦਾ ਚੰਦਵਾਂਗੂ ਨੰਗੇ ਖੰਡੇ ਦਾ ਜਿਵੇਂ ਚਮਕਾਰ ਬਾਵਾ । ਰਾਜਾ ਦੇਖਦਾ ਜਦੋ ਕੁਮਾਰ ਚਾਰੇ ਮੁਖੋਂ ਉਚਰੇ ਰਾਵ ਬਲਹਾਰ ਬਾਵਾ । ਮੁਲ ਮਿਲਨ ਨਾਂ ਪੁਤ੍ਰ ਤੇ ਪ੍ਰੇਮ ਪਾਰਸ ਭਾਂਵੇ ਖ੍ਰਚ ਕ੍ਰੋੜ ਹਜ਼ਾਰ ਬਾਵਾ । ਇਕ ਪਾਤਸ਼ਾਹੀ ਦੂਜੇ ਨੇਕ ਪੁਤ੍ਰ ਤੀਜੀ ਇਸਤ੍ਰੀ ਆਗਿਆ ਕਾਰ ਬਾਵਾ। ਚੌਥਾ ਰੋਗ ਨਾਂ ਦੇਹੀ ਨੂੰ ਇੱਕ ਹੋਵੇ ਬਸ ਸ੍ਵਰਗ ਨੀਸਾਣੀਆਂ ਚਾਰ ਬਾਵਾ । ਰਣਜੀਤ ਸਿੰਘ ਮਹਾਂਰਾਜ ਦੇ ਪਾਸ ਚਾਰੇ ਏਹੋ ਮੁਲਕ ਅੰਦ੍ਰ ਚਾਰੇ ਸਾਰ ਬਾਵਾ। ਮਹਾਰਾਜ ਰਣਜੀਤ ਸਿੰਘ ਫੌਜ ਲੈਕੇ ਫਤੇ ਕੀਤਾ ਹੈ ਕਾਬਲ ਕੰਧਾਰ ਬਾਵਾ। ਮਹਾਰਾਜ ਜਿਸ ਤ੍ਰਫਨੂੰ ਕਰਨ ਧਾਵਾ ਸਰ ਮੁਲਕ ਤੇ ਜੈ ਜੈ ਕਾਰ ਬਾਵਾ । ਦੁਰਾਨੀ ਮੁਗਲ ਚੁਗਤਾ ਨਾਂ ਕੋਈ ਅੜਦਾ ਛਡ ਤੋਪਾਂ ਤੇ ਜਾਂਵਦੇ ਹਾਰ ਬਾਵਾ।ਧ੍ਰੋਹੀ ਭੂਪ ਦੀ ਫਿਰੀ ਪ੍ਰਿਥਮੀ ਤੇ ਰਾਹ ਦੇਵੇ ਦਰਯਾ ਦੀ ਧਾਰ ਬਾਵਾ। ਖ੍ਵਾਜੇ ਖਿਜਰ ਨੇ ਰਾਵ ਨੂੰ ਰਾਹ ਦਿਤਾ ਸਣੇ ਫੌਜ ਦੇ ਹੋਗਿਆ ਪਾਰ ਬਾਵਾ । ਬੂਟਾ ਸਿੰਘ ਕਹੇ ਰਬਦਾ ਰੂਪ ਰਾਜਾ ਬਾਰ ਬਾਰ ਮੈਂ ਜਾਵਾਂ ਬਲਹਾਰ ਬਾਵਾ।

—

## ਮਹਾਂਰਾਜਾ ਰਣਜੀਤ ਸਿੰਘ ਜੀ ਦੀ ਅੰਤ੍ਰੰਗ ਕਮੇਟੀ ਲਾਹੌਰ ਮੇਂ

ਮਹਾਂਰਾਜ ਰਣਜੀਤ ਸਿੰਘ ਗੁਰੂ ਜਪਕੇ ਹਲਕਾਰਾ ਘਲਿ ਆ ਲਾਟ ਮੰਗਾਵਨੇ ਨੂੰ। ਲਫਟੈਂਟ ਚੀਫ ਜੋ ਲਾਟ ਹੈਂ ਟੇਕ ਸਿੰਘ ਜੀ ਪੈਹਲੇ ਘਲਿਆ ਓਹਦੇ ਬੁਲਾਵਨੇ ਨੂੰ। ਹਰੀ ਸਿੰਘ ਨਲੂਆ ਤੇ ਗਿਆਨਸਿੰਘਜੀ ਸਦੇ ਕੁਲ ਏਹ ਮਤਾ ਪਕਾਂਵਨੇਨੂੰ।ਸੂਬੇਦਾਰ ਮੇਝ੍ਰ ਤੇ ਜਰਨੈਲ ਭਾਰੇ ਆਏ ਕਰਨੈਲ ਜੋ ਹੁਕਮ ਵਜਾਵਨੇ ਨੂੰ। ਹੋਰ ਆਏ ਕਪਤਾਨ ਕਮਾਂਡਅਫਸਰ ਤਮੀਲ ਹੁਕਮਦੀ ਸਭਾਸੁਹਾਂਵਨੇਨੂੰ ਕੱਠੇ ਹੋਏ ਕੁਲ ਮੀਰ ਦੀਵਾਨ ਸਾਰੇ ਮਹਾਂਰਾਜ ਦਾ ਹੁਕਮ ਕਮਾਂਵਨੇ ਨੂੰ। ਲਾਟ ਆਂਵਦਾ ਦੇਖ ਕੁਲ ਅਦਬ ਕਰਦੇ ਮੰਤ੍ਰੀ ਅਗੋਂ ਦੀ ਗਿਆ ਲਿਆਵਨੇਨੂੰ। ਕੁਰਸੀ ਲਾਟ ਦੀ ਰਾਵ ਦੇ ਕੋਲ ਸੋਭੇ ਬਰਦੀ ਪਾਈ ਹੈ ਸਭਾ ਸੁਹਾਵਨੇ ਨੂੰ। ਮਹਾਂਰਾਜ ਰਣਜੀਤ ਸਿੰਘ ਆਪ ਬੋਲੇ ਸਾਰੀ ਸਭਾ ਤੋਂ ਗੱਲ ਪੁਛਾਵਨੇ ਨੂੰ । ਦਸੋ ਕਿਵੇਂ ਮੁਲਤਾਨ ਨੂੰ ਫਤੇ ਕਰੀਏ ਰਾਵ ਪੁਛਦਾ ਜਿਤ ਦੇ ਪਾਵਨੇ ਨੂੰ। ਸਾਰੇ ਆਖਦੇ ਪੁਛ ਲੌ ਟੇਕ ਸਿੰਘ ਤੋਂ ਜੇਹੜਾ ਲਾਟ ਹੈ ਫੌਜ ਲੜਾਵਨੇ ਨੂੰ। ਸ਼ਾਰਾ ਰਾਵ ਨੇ ਲਾਟ ਦੀ ਤਰਫ ਕੀਤਾ ਟੇਕ ਸਿੰਘ ਬੋਲੇ ਮਨ ਭਾਵਨੇ ਨੂੰ। ਟੇਕ ਸਿੰਘ ਜੀ ਆਖਦੇ ਰਾਇ ਸਾਡੀ ਕੁਲ ਦੇਸ ਦੇ ਏਥੇ ਬੁਲਾਵਨੇ ਨੂੰ । ਬੁਧ ਵਾਰ ਨੂੰ ਕਰੋ ਅਕੱਠ ਭਾਰਾ ਘਲੋ ਡਾਕੀਏ ਫੌਜ ਮੰਗਾਂਵਨੇ ਨੂੰ ।

ਟੇਕ ਸਿੰਘ ਦੀ ਰਾਵ ਨੇ ਰਾਇ ਮੰਨੀ ਬੁਧਵਾਰ ਦਰਬਾਰ ਲਗਾਵਨੇ ਨੂੰ। ਬੂਟਾ ਸਿੰਘ ਹੁਣ ਰਾਵ ਦਾ ਹੁਕਮ ਹੋਯਾ ਬੁਧਵਾਰ ਜੋ ਕੁਲ ਦੇ ਆਂਵਨੇ ਨੂੰ।

## ਮਹਾਂਰਾਜ ਰਣਜੀਤ ਸਿੰਘ ਕਾ ਦ੍ਰਬਾਰ ਲਗਾਨਾ

ਮਹਾਂਰਾਜ ਰਣਜੀਤ ਸਿੰਘ ਤਖਤ ਬੈਹਕੇ ਕੁਲ ਡਾਕੀਆਂ ਤਾਂਈ ਬੁਲਾਂਵਦਾਈ। ਦੇਸ ਦੇਸ ਨੂੰ ਡਾਕੀਏ ਤੋਰ ਦੇਂਦਾ ਪਿੰਡ ਪਿੰਡ ਮੇਂ ਡਾਕ ਪੁਚਾਂਵਦਾਈ। ਆਖੇ ਪਰਜਾ ਨੂੰ ਜਾਇਕੇ ਹੁਕਮ ਕਰਣਾ ਰਾਵ ਡਾਕੀਆਂ ਤਾਂਈ ਫੁਰਮਾਂਵ ਦਾਈ। ਬੁਧਵਾਰ ਨੂੰ ਕੁਲ ਲਾਹੌਰ ਆਓ ਸਖਤ ਭੂਪ ਏਹ ਹੁਕਮ ਸੁਨਾਂਵਦਾਈ। ਬੁਧਵਾਰ ਜੋ ਨਾਂ ਲਾਹੌਰ ਆਵੇ ਨ੍ਰਿਪ ਤੇਗ ਦਾ ਡਰ ਬਤਾਂਵਦਾਈ। ਕਰਾਂ ਤੁਰਤ ਸ਼ਹੀਦ ਮੈਂ ਓਸ ਤਾਂਈ ਜੇਹੜਾ ਹੁਕਮ ਅਦੂਲ ਕਰਾਂਵਦਾਈ। ਹੁਕਮ ਨਿਰਪ ਦਾ ਡਾਕੀਏ ਲੈ ਚਲੇ ਜ਼ਿਲੇ ਜ਼ਿਲੇ ਨੂੰ ਜਾਇ ਧਮਕਾਂਵਦਾਈ। ਰਾਵ ਆਖਿਆ ਸੀ ਜਿਵੇਂ ਡਾਕੀਆਂ ਨੂੰ ਡਾਕੀ ਪ੍ਰਜਾ ਨੂੰ ਓਵੇਂ ਸੁਨਾਂਵਦਾਈ। ਸਾਰੇ ਮੁਲਕ ਨੂੰ ਕੁਲ ਮਲੂਮ ਹੋਯਾ ਬੁਧਵਾਰ ਨੂੰ ਰਾਵ ਬੁਲਾਂਵਦਾਈ। ਜਿਤਨਾਂ ਮੁਲਕ ਸੀ ਰਾਵ ਦੇ ਰਾਜ ਅੰਦਰ ਕੁਲ ਤੁਰ ਲਾਹੌਰ ਨੂੰ ਧਾਂਵਦਾਈ। ਬੁਧਵਾਰ ਕੁਲ ਰਾਵ ਦੇ ਪਾਸ ਪੁਜੇ ਅਜ ਖੂਬ ਲਾਹੌਰ ਸੁਹਾਂਵਦਾਈ। ਮੋਢੇ ਨਾਲ ਵਜੇ ਮੋਢਾ ਨਰਾਂ ਦਾ ਜੀ ਕੁਝ ਭੀੜ ਦਾ ਅੰਤ ਨਾਂ ਆਂਵਦਾਈ। ਮਹਾਂਰਾਜ ਸੀ ਤਖਤ ਤੇ ਖੜਾ ਹੋਕੇ ਪ੍ਰਜਾ ਸਾਰੀ ਨੂੰ ਹੁਕਮ ਸੁਨਾਂਵਦਾਈ।

ਭੂਪ ਸ਼ੇਰ ਦੇ ਵਾਂਗਰਾਂ ਗਰਜ ਬੋਲੇ ਕਰਣਾ ਫਤੇ ਮੁਲਤਾਂਨ ਅਲਾਂਵਦਾਈ। ਪੂਜਾ ਆਖਦੀ ਗਲ ਮਨਜ਼ੂਰ ਸ਼ਾਹਾ ਤੇਰਾ ਹੁਕਮ ਨਾਂ ਕੋਈ ਭੁਆਂਵਦਾਈ। ਕਰੋ ਫਤੇ ਮੁਲਤਾਨ ਨੂੰ ਸ਼ਾਹ ਸਾਡੇ ਬੱਚਾ ਬੱਚਾ ਏਹ ਕੂਕ ਸੁਨਾਂਵਦਾਈ। ਸਾਰੇ ਸੂਰਮੇਂ ਤੇਗ ਦੇ ਫੜਨ ਵਾਲੇ ਕਾਇਰ ਇਕ ਨਾਂਹੀ ਨਜ਼ਰ ਆਂਵਦਾਈ। ਚੜੀਆਂ ਲਾਲੀਆਂ ਕੁਲ ਨੂੰ ਜੰਗ ਸੁਣਕੇ ਲਾਟ ਸਾਹਿਬ ਭੀ ਖੁਸ਼ੀ ਮੰਨਾਂਵਦਾਈ।ਲਾਟ ਸਾਹਿਬ ਨੇ ਕਲ ਦਾ ਹੁਕਮ ਦਿੱਤਾ ਅਜ ਏਥੇ ਅਰਾਮ ਬਤਾਂਵਦਾਈ। ਅਜ ਵਿਚ ਲਾਹੌਰ ਅਰਾਮ ਕਟੋ ਭਲਕੇ ਵਲ ਮੁਲਤਾਨ ਫੁਰਮਾਂਵਦਾਈ।ਲਾਟ ਟੇਕਸਿੰਘ ਫੌਜ ਦਾ ਕੁਲ ਡੇਰਾ ਆਪ ਕਿਲੇ ਦੇ ਵਿੱਚ ਕਰਵਾਂਵਦਾਈ। ਬੂਟਾ ਸਿੰਘ ਕਹੇ ਕਲ ਨੂੰ ਫੌਜ ਟੁਰਸੀ ਹੋਣਾ ਸੋ ਜੋ ਰਬ ਨੂੰ ਭਾਂਵਦਾਈ।

### ਵਾਕ ਕਵੀ ਹਾਲ ਲਾਟ ਸਾਹਿਬ

ਲਾਟ ਟੇਕ ਸਿੰਘ ਧਰਮ ਦੀ ਮੂਰਤੀ ਸੀ ਸੁਨਦਾ ਨਾਲ ਪਰੇਮ ਦੇ ਗਿਆਨ ਬਾਵਾ। ਸਾਧੂ ਸੰਤਾਂ ਮਹੈਤਾਂ ਦੇ ਪਾਸ ਜਾਕੇ ਸੁਭ ਕਥਾ ਸੁਨਦਾ ਲਾਇ ਕਾਂਨ ਬਾਵਾ। ਨਿਸਚਾ ਰਖਦਾ ਕਲਗੀਆਂ ਵਾਲੜੇ ਤੇ ਨਾਨਕ ਨਾਮ ਤੋਂ ਹੋਯਾ ਕੁਰਬਾਨ ਬਾਵਾ। ਕਈ ਖੂਹ ਸਰਾਂਈ ਤੇ ਧ੍ਰਮ ਸ਼ਾਲਾ ਸਦਾਵਰਤ ਲਾਇ ਕਰਦਾ ਦਾਨ ਬਾਵਾ। ਗ੍ਰੀਬ ਗੁਰਬ ਤੇ ਰਛਿਆ ਕਰਨ ਵਾਲਾ ਦੁਖੀ ਦੀਨ ਤੇ ਸਦਾ ਮਿਹਰਬਾਨ ਬਾਵਾ। ਭੁਖੇ ਤੁਆਂਮ ਤੇ ਨੰਗੇਨੂੰ ਦੇਵੇ ਬਸਤ੍ਰ ਦੁਖੀ ਪੁਰਸ਼

ਤੇ ਵਾਰਦਾ ਪ੍ਰਾਨ ਬਾਵਾ। ਕੋਈ ਦੁਖੀ ਯਤੀਮ ਸਵਾਲ ਕਰਦਾ ਪੂਰਾ ਝੱਟ ਕਰਦਾ ਕੈਹਣਾ ਮਾਨ ਬਾਵਾ। ਆਪ ਲਖਮੁਸੀਬਤਾਂ ਝਾਗ ਲੈਂਦਾ ਦੁਖੀ ਪੁਰਸ਼ ਤੋਂ ਵਾਰਦਾ ਜਾਨ ਬਾਵਾ॥ਮਹਾਂ ਬੀਰ ਦੇ ਵਾਂਗ ਬਲਵਾਨ ਭਾਰਾ ਧਰਮ ਮੂਰਤੀ ਗੁਣਾ ਦੀ ਖਾਨ ਬਾਵਾ। ਧਰਮ ਪੁਤ੍ਰ ਜਹਾਨ ਤੇ ਮੋਰ ਧੁਜ ਜੀ ਹਰੀ ਚੰਦ ਜੀ ਰਾਵ ਨੂੰ ਠਾਨ ਬਾਵਾ। ਜਾਣੋ ਰਾਜਾ ਸੂਜ਼ਾਲ ਧ੍ਰਮਾਤਮਾ ਭੀ ਮਸ਼ਹੂਰ ਏਹ ਕੁਲ ਜਹਾਨ ਬਾਵਾ। ਟੇਕ ਸਿੰਘ ਸਤਵਾਦੀਆ ਸਭ ਨਾਲੋਂ ਚੰਗੀ ਰਾਜਿਆਂ ਤੋਂ ਮਾਰੇ ਸ਼ਾਨ ਬਾਵਾ। ਭਗਤ ਪੂਰਾ ਸੀ ਭਗਤ ਕਬੀਰ ਵਾਙੂ ਆਠੋ ਜਾਮ ਹੀ ਜਪੇ ਭਗਵਾਨ ਬਾਵਾ। ਪਰਸਰਾਮ ਦੇ ਵਾਗਰਾਂ ਛਤ੍ਰੀ ਸੀ ਉਚਾ ਦ੍ਰਸ਼ਨੀ ਖੂਬ ਜੁਆਨ ਬਾਵਾ। ਧਨੀ ਤੇਗ ਦਾ ਰਾਮ ਦੇ ਤੀਰ ਵਾਙੂ ਗੋਯਾ ਕ੍ਰਿਸ਼ਨ ਆਯਾ ਪਕੜ ਬਾਨ ਬਾਵਾ। ਮੱਥਾ ਚੱਮਕਦਾ ਨੰਗੀ ਤਲਵਾਰ ਵਾਙੂ ਦਮਕ ਰਿਹਾ ਹੈ ਜਿਸ ਤਰਾਂ ਭਾਨ ਬਾਵਾ। ਲਫਟੈਂਟ ਚੀਫ ਕੀ ਰਾਵ ਦਾ ਰੂਪ ਜਾਣੋ ਮੰਨੇ ਮੂਲ ਨਾਂ ਕਿਸੇ ਦੀ ਆਨ ਬਾਵਾ। ਸਾਧੂ ਸੰਤਾਂ ਦੀ ਸੇਵਾ ਬਿਅੰਤ ਕਰਦਾ ਗੋਕੇ ਦੁਧ ਪਿਆਂਵਦਾ ਛਾਨ ਬਾਵਾ। ਨੰਗੇ ਕਿਤੇ ਮਹਾਤਮਾ ਨਜ਼ਰ ਆਵਨ ਜਾਇ ਦੇਵੰਦਾ ਬਾਨਾਂ ਦੇ ਥਾਨ ਬਾਵਾ। ਅਠੇ ਪੈਹਰ ਸੀ ਰਬ ਦੇ ਰੰਗ ਰਤਾ ਵਿਚ ਨਾਮ ਦੇ ਹੋਯਾ ਗਲਤਾਨ ਬਾਵਾ। ਬੂਟਾ ਸਿੰਘ ਬਲਿਹਾਰ ਧਰਮਾਤਮਾ ਤੋਂ ਬਾਰ ਬਾਰ ਜਾਵਾਂ ਕੁਰਬਾਨ ਬਾਵਾ॥

ਧਾਵਾ ਕਰਨਾਂ ਮੁਲਤਾਨ ਨੂੰ ਮਹਾਰਾਜਾ ਰਣਜੀਤਸਿੰਘ ਨੇ ਸੂਬਾ ਵੀਰਨੂੰ ਫੌਜ ਤਯਾਰ ਹੋਈ ਫਤੇ ਕਰਣ ਮੁਲਤਾਨ ਨੂੰ ਜਾਂਵਦੇ ਨੀ । ਤੋਪਾਂ ਕਿਰਚਾਂ ਬੰਦੂਕਾਂ ਤਮਾਚੇ ਲੈਕੇ ਤਲਵਾਰਾਂ ਨਾਲ ਜੁਆਨ ਸੁਹਾਂਵਦੇਨੀ । ਢਾਲਾਂ ਹੱਥ ਸੰਜੋਆਂ ਨੇ ਬਦਨ ਉਤੇ ਪੇਚ ਕਸ ਪਿਸਤੌਲ ਲਟਕਾਂਵਦੇ ਨੀ। ਦਾਰੂ ਸਿੱਕਾ ਬਰੂਦ ਬਿਅੰਤ ਲੀਤਾ ਤੰਬੂ ਉਨਾਂ ਤੇ ਲੱਦੀ ਲੈ ਜਾਂਵਦੇਨੀ । ਹਾਥੀ ਪੀਂਨਸਾਂ ਮੋਟਰ ਤੇ ਫਿਟਨ ਚਲੇ ਰਥ ਹੋਰ ਲਏ ਮਨ ਭਾਂਵਦੇ ਨੀ। ਘੋੜ ਚੜੇ ਸਵਾਰ ੜੇ ਕਈ ਪੈਦਲ ਵਾਂਗ ਆਂਧੀ ਦੇ ਧੂੜ ਉਡਾਂਵਦੇ ਨੀ । ਕੁਛ ਅੰਤ ਹਿਸਾਬ ਨਾ ਫੌਜ ਵਾਲਾ ਨਾਲ ਲਾਟ ਕਪਤਾਨ ਭੀ ਧਾਂਵਦੇ ਨੀ। ਹਰੀ ਸਿੰਘ ਨਲੂਏ ਜੇਹੇ ਨਾਲ-ਚਲੇ ਜੇੜੇ ਜੰਗ ਤੋਂ ਖੌਫ ਨਾਂ ਖਾਂਵਦੇਨੀ।ਤੁਰਕਸਤਾਨ ਤੇ ਕਾਬਲ ਦੇ ਮੁਲਕਅੰਦਰ ਮੁਗਲ ਬੱਚਿਆਂਤਾਂਈ ਡਰਾਂਵਦੇਨੀ।ਹੂਆ ਆਯਾ ਏਹ ਆਖ ਡਰਾਨ ਬਚੇ ਨਿਆਨੇ ਰੋਂਦਿਆਂ ਚੁਪ ਕਰਾਂਵਦੇਨੀ। ਹਰੀ ਸਿੰਘ ਦੀ ਧੋਹੀ ਨੂੰ ਜਗ ਜਾਨੇ ਮੁਗਲ ਨਾਮ ਸੁਣਕੇ ਖੌਫ ਖਾਂਵਦੇਨੀ ।ਹਰੀ ਸਿੰਘ ਨਲੂਏ ਤਾਂਈ ਦੇਖ ਸਾਰੇ ਮੁਗਲ ਧੌਣ ਤੇ ਸੀਸ ਝੁਕਾਂਵਦੇ ਨੀ । ਵੈਰ ਇਕ ਜਿਨ ਹਰੀ ਸਿੰਘ ਵੇਖਿਆ ਜੇ ਨਾਮ ਲੜਨ ਦਾ ਓਹ ਭੁਲਾਂਵਦੇ ਨੀ । ਹਰੀ ਸਿੰਘ ਤੋਂ ਵਧਕੇ ਟੇਕ ਸਿੰਘ ਜੀ ਜੇਹੜੇ ਫੌਜ ਦੇ ਲਾਟ ਕਹਾਂਵਦੇ ਨੀ । ਲਾਟ ਜੰਗੀ ਜੋ ਕੁਲ ਸੀ ਫੌਜ ਉਤੇ ਨਾਮ ਟੇਕ ਸਿੰਘ

ਸਾਹਬ ਸਦਾਂਵਦੇਨੀ। ਕਰਨਾ ਸਰ ਮੁਲਤਾਨ ਮੁਲਤਾਨ ਕੂਕਨ ਸਿੰਘ ਸੂਰਮੇ ਬੜਕ ਫੁਰਮਾਂਵਦੇ ਨੀ। ਟੇਕ ਸਿੰਘ ਮਹਾਰਾਜ ਦੇ ਵਾਂਗ ਧਰਮੀ ਸੂਰਬੀਰ ਬਲਵਾਨ ਕਹਾਂਵਦੇ ਨੀ। ਜਿਸ ਮੁਲਕ ਨੂੰ ਫਤੇ ਮਹਾਰਾਜ ਚਾਂਵਨ ਤੁਰਤ ਟੇਕ ਸਿੰਘ ਲਾਟ ਸਿਧਾਂਵਦੇ ਨੀ। ਟੇਕ ਸਿੰਘ ਮਹਾਰਾਜ ਜੀ ਲੜਨ ਜਿੱਥੇ ਸਰ ਕੀਤੇ ਬਗੈਰ ਨਾਂ ਆਂਵਦੇ ਨੀ। ਬੰਸ ਛੱਤ੍ਰੀ ਸ਼ਰਮ ਤੇ ਧਰਮ ਵਾਲੇ ਦੀਨ ਦੁਖੀ ਦਾ ਹੱਥ ਵਟਾਂਵਦੇ ਨੀ। ਕਈ ਵਾਰ ਏਹ ਹੱਦਾਂ ਤੇ ਲੜੇ ਜਾਕੇ ਨਾਲ ਤੇਗ ਦੇ ਫਤੇ ਏਹ ਪਾਂਵਦੇ ਨੀ। ਜੈ ਜੈ ਕਾਰ ਤੇ ਧਰਮ ਦਾ ਬਜੇ ਡੰਕਾ ਜਿੱਥੇ ਟੇਕ ਸਿੰਘ ਹੱਥ ਉਠਾਂਵਦੇ ਨੀ। ਭੀਮ ਸੈਨ ਤੋਂ ਵਧ ਬਲਵਾਨ ਭਾਰੇ ਰੱਥ ਨਲ ਤੋਂ ਵਧ ਦੁੜਾਂਵਦੇ ਨੀ। ਸਿਪਾਹੀ ਫੌਜ ਦਾ ਕੋਈ ਜੇ ਹੋਵੇ ਜ਼ਖਮੀ ਮਲਮ ਪਟੀਆਂ ਬੰਨਨ ਏਹ ਜਾਂਵਦੇ ਨੀ। ਐਸੇ ਮਹਾਂ ਉਪਕਾਰੀ ਜਹਾਨ ਉਤੇ ਵਿਰਲੇ ਵਿਰਲੇ ਬਾਵਾ ਨਜਰੀਂ ਆਂਵਦੇ ਨੀ। ਰਣਜੀਤ ਸਿੰਘ ਮਹਾਰਾਜ ਤੇ ਲਾਟ ਸਾਹਿਬ ਹੁਕਮ ਫੌਜ ਨੂੰ ਏਹ ਅਲਾਂਵਦੇ ਨੀ। ਅਜ ਰਾਤ ਸੁਹਾਗ ਦਰਯਾ ਉਤੇ ਆਸਨ ਸਾਰਿਆਂ ਦੇ ਓਥੇ ਲਾਂਵਦੇ ਨੀ। ਅਜ ਕਰੋ ਅਨੰਦ ਅਰਾਮ ਸਾਰੇ ਟੇਕ ਸਿੰਘ ਜੀ ਹੁਕਮ ਚਲਾਂਵਦੇਨੀ। ਹੁਕਮ ਸੁਣ ਲਿਯਾ ਫੌਜ ਨੇ ਲਾਟ ਵਾਲ ਡੇਰੇ ਸੁਹਾਗ ਦੇ ਉਤੇ ਜਮਾਂਵਦੇਨੀ। ਡੇਰਾ ਫੌਜ ਨੇ ਕੀਤਾ ਦਰਯਾ ਕੰਢੇ ਭਾਵੀ ਰਾਮ ਜੋ ਹੋਰ ਵਰਤਾਂਵਦੇਨੀ। ਬੰਦਾ

ਲਖਾਂ ਹੀ ਕੰਮਾਂ ਨੂੰ ਕੀਤਾ ਚਾਹੇ ਹੁੰਦੇ ਸੋਈ ਕਰਤਾਰ ਨੂੰ ਭਾਂਵਦੇਨੀ। ਨਰ ਹੋਰ ਚਾਹੇ ਸਾਂਈ ਹੋਰ ਕਰਦਾ ਭੇਤ ਰਬ ਦੇ ਪਾਏ ਨਾਂ ਜਾਂਵਦੇਨੀ। ਬੂਟਾ ਸਿੰਘ ਕਹੇ ਜਪੋ ਭਗਵਾਨ ਬਾਵਾ ਸਾਂਈ ਸੱਚੇ ਦੇ ਅੰਤ ਨਾਂ ਆਂਵਦੇ ਨੀ।

ਸੁੰਦਰ ਬਾਰ ਦੇਖਕੇ ਮਹਾਰਾਜ ਜੀ ਨੇ ਸ਼ਿਕਾਰ ਖੇਡਨ ਦੀ ਅਭਿਲਾਖਾ ਪ੍ਰਗਟ ਕਰਣੀ ਰਸਤੇ ਮੁਲਤਾਨ ਦੇ

ਮਹਾਰਾਜ ਰਣਜੀਤ ਸਿੰਘ ਦੇਖ ਜੰਗਲ ਲਾਟ ਸਾਹਿਬ ਨੂੰ ਝਟ ਬੁਲਾਂਵਦਾਈ। ਲਾਟ ਟੇਕ ਸਿੰਘ ਜਾਇਕੇ ਹੋਏ ਹਾਜ਼ਰ ਕਰੋ ਹੁਕਮ ਜਾ ਬਚਨ ਅਲਾਂਵਦਾ ਈ। ਕੀ ਹੁਕਮ ਹਜ਼ੂਰ ਦਾ ਲਾਟ ਆਖੇ ਬੰਦਾ ਹਾਜਰ ਨਾਂ ਡੇਰ ਨੂੰ ਲਾਂਵਦਾ ਈ। ਸੀਸ ਮੰਗੋ ਤਾਂ ਹਾਜਰ ਸ੍ਰਕਾਰ ਮੇਰੀ ਦੇਵਾਂ ਹੁਣੇ ਨਾ ਢਿਲ ਮੈਂ ਲਾਂਵਦਾਈ।ਦੇਵੋ ਸਿਖੀਆ ਮਹੁਰਾ ਤਾਂ ਖੰਡ ਜਾਣਾ ਲਾਵਾਂ ਡੇਰ ਨਾ ਹੁਣੇ ਮੈਂ ਖਾਂਵਦਾਈ। ਟੋਟਾ ਟੋਟਾ ਜੇ ਕਰੋ ਸਰੀਰ ਮੇਰਾ ਬੰਦਾ ਵਾਕ ਨਾਂ ਤੇਰਾ ਉਲਟਾਂਵਦਾਈ। ਨਿਮਕ ਖਾਧਾ ਮੈਂ ਤੇਰੇ ਖਜਾਨੜੇ ਦਾ ਭਲਾ ਤੈਂਡੜਾ ਬੰਦਾ ਏਹ ਚਾਹੁੰਦਾਈ। ਕਰੋ ਹੁਕਮ ਸ੍ਰਕਾਰ ਨਿਸੰਗ ਮੈਨੂੰ ਤੇਰੇ ਹੁਕਮ ਨੂੰ ਦਾਸ ਕਮਾਂਵਦਾਈ। ਅਜੇ ਲਾਟ ਤੇ ਰਾਵ ਸੀ ਬਚਨ ਕਰਦੇ ਮਲਕ ਹਾਂਸ਼ਾਂ ਤੋਂ ਵਾਗੀ ਭੀ ਆਂਵਦਾਈ।ਆਇ ਛੇੜੂ ਬਿਅੰਤ ਪੁਕਾਰ ਕਰਦਾ ਦੁਖ ਰਿਆਇਆ ਦੇ ਆਇ ਜਤਾਂਵਦਾਈ। ਆਖੇ ਮਾਰ ਖੋਰ ਸ਼ੇਰ ਇਸ ਬਾਰ ਅੰਦ੍ਰ ਜੇਹੜਾ ਲੋਕਾਂ ਦੀ ਰੱਤ ਪਿਆ ਨ੍ਹਾਂਵਦਾਈ। ਨਹੀ ਛਡੇ ਓਹ ਖਾਵੇ

ਜਰੂਰ ਰਾਜਾ ਬੰਦਾ ਜੀਉਂਦਾ ਏਥੋਂ ਨਾਂ ਜਾਂਵਦਾਈ। ਚਲੋ ਪਿੰਡ ਦੇ ਵਿੱਚ ਚਲ ਕਰੋ ਡੇਰਾ ਨਹੀ ਸ਼ੇਰ ਹੁਣੇ ਫੌਜ ਉਡਾਂਵਦਾਈ। ਫਿਰ ਕਹੋਗੇ ਕਿਸੇ ਨਾਂ ਗੱਲ ਕੀਤੀ ਫਰਜ ਬੰਦਾ ਭੀ ਸਿਰੇ ਤੋਂ ਲਾਂਹਵਦਾਈ। ਦਸ ਦੇਵਨਾ ਫਰਜ ਸੀ ਆਜਜ਼ਾਂ ਦਾ ਕਰੋ ਜਿਵੇਂ ਹਜੂਰ ਨੂੰ ਭਾਂਵਦਾਈ। ਭਾਰੀ ਦੇਕੇ ਇਨਾਮ ਉਸ ਵਾਗੀ ਤਾਂਈ ਰਾਵ ਪਿੰਡਨੂੰ ਝਟ ਪੁਤਾਂਵਦਾਈ। ਖੁਸ਼ੀ ਹੋਂਵਦਾ ਜਾਂਵਦਾ ਅਜ ਛੇੜੂ ਮਨਮੰਗੀ ਮੁਰਾਦ ਜਿਉਂ ਪਾਂਵਦਾਈ। ਛੇੜੂ ਟੋਰਕੇ ਪਿਛੋਂ ਮਹਾਰਾਜ ਬੋਲੇ ਅਜ ਚਿਤ ਸ਼ਿਕਾਰ ਨੂੰ ਚਾਂਹਵਦਾਈ । ਕਿਆ ਸੁਹਾਗ ਦਰਯਾਤੇ ਬਾਰ ਸੋਹਣੀ ਏਥੇ ਝੱਲ ਦਾ ਅੰਤ ਨਾ ਆਂਵਦਾਈ। ਸਜਾੜ ਹਰਨ ਬਘਿਆੜ ਤੇ ਸ਼ੇਰ ਫਿਰਦੇ ਏਥੇ ਮੋਰ ਭੀ ਪੈਲਾਂ ਨੂੰ ਪਾਂਵਦਾਈ। ਬਾਘ ਚਿਤ੍ਰੇ ਰਿਛ ਲੰਗੂਰ ਗਿਦੜ ਭਾਂਤ ਭਾਂਤ ਦੀ ਬੋਲੀ ਸੁਨਾਂਵਦਾਈ। ਕੱਲ ਏਥੇ ਸ਼ਿਕਾਰ ਜਰੂਰ ਖੇਡੋ ਰਾਵ ਆਪ ਏਹ ਮੁਖੋਂ ਫੁਰਮਾਂਵਦਾਈ। ਰਾਵ ਕੁਲ ਸੀ ਫੌਜ ਉਠਾ ਆਖੇ ਬੋਲੇ ਝੱਟ ਜੋ ਬਲੀ ਕਹਾਉਂਦਾਈ। ਕਲ ਦੇਵਾਂ ਇਨਾਮ ਬਿਅੰਤ ਭਾਰਾ ਮਨ ਮੰਗੀ ਮੁਰਾਦ ਓਹ ਪਾਂਵਦਾਈ। ਜੇਹੜਾ ਸ਼ੇਰ ਦੇ ਨਾਲ ਜਾ ਲੜੇ ਪੈਹਲੇ ਅਤੇ ਸ਼ੇਰ ਨੂੰ ਮਾਰ ਵਿਖਾਂਵਦਾਈ। ਸਾਰੇ ਰਾਵ ਦਾ ਹੁਕਮ ਸੁਨ ਚੁਪ ਹੋਏ ਕੋਈ ਫੌਜੀ ਨਾਂ ਤੇਗ ਉਠਾਂਵਦਾਈ।ਮੰਗੇਮੁਖਤੋਂ ਰਾਵ ਕਹੇ ਦੇਵਾਂ ਓਹ ਜੇਹੜਾ ਸ਼ੇਰ ਨੂੰ ਮਾਰ ਖਪਾਂਵਦਾਈ। ਮਾਰ ਖੋਰ ਹੈ ਸ਼ੇਰ ਇਸ ਬਾਰ ਅੰਦਰੋਂ

ਹੜਾ ਕਈਆਂ ਮਨੁਖਾਂ ਨੂੰ ਖਾਂਵਦਾਈ। ਦੇਵਾਂ ਮੁਲਕ ਜੰਗੀਰ ਮੈ ਓਸ ਤਾਈਂ ਜੇਹੜਾ ਸ਼ੇਰਨੂੰ ਮਾਰ ਮੁਕਾਂਉਦਾਈ। ਬੂਟਾ ਸਿੰਘ ਕਹੇ ਫੌਜ ਕੁਲ ਚੁੱਪ ਹੋਈ ਰਾਵ ਫੇਰ ਏਹ ਬਚਨ ਚਲਾਂਵਦਾਈ। ਤਥਾ

ਰਾਵ ਕਹੇ ਕੋਈ ਫੌਜ ਦੇ ਵਿਚੂੰ ਉੱਠੇ ਅਜ ਸ਼ੇਰ ਨੂੰ ਮਾਰ ਵਿਖਾਈਏਜੀ।ਮੈਨੂੰ ਸ਼ੌਕ ਹੈ ਇਕ ਸ਼ਿਕਾਰ ਵਾਲਾ ਕੋਈ ਛੋਦੇ ਪਿਸਤੌਲ ਚਲਾਈਏ ਜੀ। ਮੇਰੀ ਰੁਚੀ ਹੈ ਸ਼ੇਰ ਦੇ ਮਾਰਨੇ ਦੀ ਕੋਈ ਤੇਗ ਨੂੰ ਝਟ ਉਠਾਈਏ ਜੀ। ਦੇਵਾਂ ਅਜ ਇਨਾਮ ਉਸ ਮਰਦਤਾਂਈ ਜ਼ਰਾ ਸ਼ੇਰਨੂੰ ਪੰਜਾ ਮਿਲਾਈਏ ਜੀ। ਦਸਤ ਬਸਤ ਜੋ ਸੇਰ ਦੇ ਨਾਲ ਕਰਸੀ ਧਨੀ ਤੇਗ ਦਾ ਓਹਨੂੰ ਬੁਲਾਈਏ ਜੀ।ਸਾਰੀ ਫੌਜ ਸੁਣਕੇ ਚੁਪ ਚਾਪ ਹੋਈ ਮੂਰਦੇ ਹਾਂਨੀ ਕੁਲ ਨਰਾਂ ਤੇ ਛਾਈਏ ਜੀ।ਹਰੀ ਸਿੰਘ ਸੁਣ ਕੇ ਚੁਪ ਚਾਪ ਹੋਏ ਟੇਕ ਸਿੰਘ ਦੀ ਵਾਰੀ ਹੁਣਆਈਏਜੀ। ਬੜ੍ਹਕ ਮਾਰਕੇ ਟੇਕ ਸਿੰਘ ਝੱਟ ਬੋਲੇ ਹਟਨ ਸੂਰੇ ਨਾਂ ਚਾਹੇ ਹਟਾਈਏ ਜੀ।ਚੋਰ ਚੋਰੀਆਂ ਕਰਣੋਂ ਨਾਂ ਕਦੇ ਰਹਿੰਦੇ ਭਾਵੇਂ ਉਮਰ ਦੀ ਕੈਦ ਕਰਾਈਏਜੀ।ਡੰਗ ਮਾਰਣੋਂ ਸੱਪ ਨਾ ਮੂਲ ਟਲਦਾ ਚਾਹੇ ਅਮ੍ਰਿਤਦੇ ਘੁਟਪਿਆਈਏਜੀ।ਬਿਛੂਲੜੇਗਾ ਸੱਚ ਏਹ ਜਾਨ ਬਾਵਾ ਚਾਹੇ ਸੀਸ ਤੇ ਚੁੰਮਕੇ ਚਾਈਏ ਜੀ। ਤੁੰਮਾਂ ਹੋਵਨਾਂ ਕਦੇ ਤਰਬੂਜ ਨਾਹੀ ਭਾਵੇਂ ਖੰਡ ਦੇ ਵਿਚ ਰਲਾਈਏਜੀ। ਹੋਣਾ ਗਧੇ ਨੇ ਗਊ ਦਾ ਰੂਪ ਨਾਹੀਂ ਭਾਵੇਂ ਗੰਗ ਦੇ ਵਿੱਚ ਨੁਹਾਈਏਜੀ। ਸਿੱਧੀ ਹੋਵੇ ਨਾਂ ਕੁਤੇ ਦੀ

ਪੂਛ ਬਾਵਾ ਚਾਹੇ ਵਾਂਸ ਦੇ ਨੜੇ ਪੁਰਾਈਏ ਜੀ। ਰਹੇ ਕਾਗ ਨਾ ਵਿਸਟਾਦੇ ਖਾਨਬਾਝੋਂ ਭਾਵੇਂ ਵੇਦਭਗਵਾਨਪੜ੍ਹਾਈਏ ਜੀ। ਸ਼ਮਾਦਾਨ ਨੂੰ ਦੇਖ ਪਤੰਗ ਮਰਸੀ ਜਰਾ ਦੀਵੇ ਦੀ ਲਾਟ ਵਿਖਾਈਏਜੀ। ਭੌਰਾ ਫੁਲਾਂ ਦੇ ਬਾਝ ਨਾਂ ਮੂਲ ਰੈਂਹ ਦਾ ਮੱਛੀ ਨੀਰ ਦੇ ਬਾਝ ਕੁਮਲਾਈਏ ਜੀ। ਹੋਯਾ ਲਾਟ ਉਦਾਸ ਸ਼ਿਕਾਰ ਬਾਝੋਂ ਆਖੇ ਹੁਣੇ ਹੀ ਤੇਗ ਫੜਾਈਏਜੀ। ਆਖੇ ਕਰਾਂ ਸ਼ਿਕਾਰ ਹੁਣ ਸ਼ੇਰ ਵਾਲਾ ਅਜ ਤਬਾ ਮੇਰੀਏਹੋ ਆਈਏਜੀ। ਹਟਾਂ ਮੂਲ ਨਾ ਸੁਣੇਂ ਸੂਕਾਰ ਮੇਰੀ ਭਾਵੇਂ ਸ਼ੇਰ ਦੇ ਨਾਲ ਲੜਾਈਏ ਜੀ।ਬੂਟਾ ਸਿੰਘ ਕਹੇ ਸੂਰੇ ਨਾ ਕਦੇ ਟਲਦੇ ਟੇਕ ਸਿੰਘ ਦੀ ਫਿਰੀ ਦੁਹਾਈਏ ਜੀ।

### ਮਹਾਰਾਜਾ ਰਣਜੀਤ ਸਿੰਘ ਕਾ ਫੌਜ ਕੋ ਸ਼ੇਰ ਕੋ ਨਾਂ ਮਾਰਤੇ ਜਾਨ ਕਰ ਲਾਟ ਟੇਕਸਿੰਘ ਕੋ ਕੈਹਣਾ ਕਿ ਤੁਮ ਸ਼ੇਰ ਕਾ ਸ਼ਿਕਾਰ ਕਰੋ !

ਮਹਾਂਰਾਜ ਰਣਜੀਤ ਸਿੰਘ ਆਪ ਕੈਂਹਦੇ ਜਾਕੇ ਸ਼ੇਰ ਨੂੰ ਹੁਣੇ ਤੂੰ ਕੱਟ ਲਾਟਾ। ਸ਼ੇਰ ਸੁਣਕੇ ਫੌਜ ਦੀ ਰੱਤ ਸੁਕੀ ਦਿਲ ਗਏ ਜੁਆਨਾਂ ਦੇ ਘੱਟ ਲਾਟਾ। ਬਾਮਨ ਬਾਂਗ ਤੇ ਕਾਜ਼ੀ ਜਿਉਂ ਸੰਖ ਸੁਨਕੇ ਆਪੋ ਆਪ ਜਾਂਦੇ ਫਟਾ ਫੱਟ ਲਾਟਾ। ਸੱਪ ਨਿਉਲ ਕੋਲੋਂ ਗਊ ਸ਼ੇਰ ਕੋਲੋਂ ਭੁਖਾ ਰੋਟੀ ਨੂੰ ਪੈਂਦਾ ਕਰ ਝੱਟ ਲਾਟਾ। ਟੁਟ ਗਏ ਨੇ ਲੱਕ ਕੁਲ ਫੌਜ ਵਾਲੇ ਸ਼ੇਰ ਨਾਮ ਸੁਣਕੇ ਗਏ ਹੱਟ ਲਾਟਾ। ਫੌਜ ਇਸਤਰਾਂ ਇਥੇ ਨਾ ਧੀਰ ਧਰਦੀ ਚੰਦ ਵੇਖ ਜਿਉਂ

ਚੋਰ ਗਿਆ ਝੱਟ ਲਾਟਾ । ਸ਼ੇਰ ਸਾਮ੍ਹਣੇ ਫੌਜ ਨਾ ਸਾਰੀ ਹੁੰਦੀ ਆਖ ਆਖ ਮੈਂ ਗਿਆ ਹਾਂ ਹੱਟ ਲਾਟਾ । ਏਥੇ ਹਰੀ ਸਿੰਘ ਨਲੂਆ ਭੀ ਚੁੱਪ ਹੋਯਾ ਤੂੰਹੀਂ ਮਾਰਕੇ ਸ਼ੇਰ ਨੂੰ ਸੱਟ ਲਾਟਾ । ਸਾਰੀ ਫੌਜ ਨੂੰ ਆਸਰਾ ਇਕ ਤੇਰਾ ਫੀਤੀ ਫੀਤੀ ਕਰ ਸ਼ੇਰ ਨੂੰ ਝੱਟ ਲਾਟਾ । ਤੇਰੇ ਜਿਹਾ ਦਲੇਰ ਨਾਂ ਵਿਚ ਦੁਨੀਆਂ ਸ਼ਹਤ ਸਮਝ ਕੇ ਸ਼ੇਰ ਨੂੰ ਚੱਟ ਲਾਟਾ। ਇੰਵ ਕਰੀਂ ਤੂੰ ਸੇਰ ਦੇ ਲੱਖ ਟੋਟੇ ਖੇਤੀ ਵਢੱਦਾ ਜਿਸ ਤਰਾਂ ਜੱਟ ਲਾਟਾ । ਸਿਰ ਮੂਧਾ ਤੂੰ ਸ਼ੇਰ ਨੂੰ ਜਾਇ ਸਿਟੀਂ ਧੋਬੀ ਲੀੜੇ ਜਿਉਂ ਲੈਂਦਾ ਹੈ ਛੱਟ ਲਾਟਾ। ਪੈਹਲੇ ਪੈਂਤੜਾ ਸ਼ੇਰ ਦੇ ਨਾਲ ਪਾਈਂ ਛਾਲ ਮਾਰਦਾ ਜਿਸ ਤਰਾਂ ਨੱਟ ਲਾਟਾ । ਕਲਗੀ ਵਾਲੇ ਦਾ ਹਿਰਦੇ ਧਿਆਨ ਧਾਰੀਂ ਫੇਰ ਸ਼ੇਰ ਮਾਰੀਂ ਝਟਾ ਪੱਟ ਲਾਟਾ । ਤੈਨੂੰ ਦੁੱਧ ਤੇ ਮਖਨੀ ਪਾਲਿਆ ਮੈਂ ਖਟੀ ਸ਼ੇਰ ਦੇ ਨਾਲ ਤੂੰ ਖੱਟ ਲਾਟਾ। ਕਰੀਂ ਕੀਮੀਆਂ ਸ਼ੇਰ ਦਾ ਵਾਂਗ ਆਟੇ ਆਰੀ ਕਰੇ ਜਿਉਂ ਲਕੜ ਦੇ ਫੱਟ ਲਾਟਾ। ਜਾਕੇ ਸ਼ੇਰਦੇ ਸਾਮਣੇ ਖੂਬ ਠਣਕੀਂ ਬਣੀਂ ਖੋਟਾ ਰੁਪਯਾ ਨਾਂ ਬੱਟ ਲਾਟਾ । ਵੱਜ ਗੱਜ ਕੇ ਸ਼ੇਰ ਨੂੰ ਜਾਇ ਮਾਰੀਂ ਬਾਣੀ ਉੱਚਰੇ ਜਿਸ ਤਰਾਂ ਭੱਟ ਲਾਟਾ । ਸ਼ੇਰ ਮਾਰਕੇ ਲਹੂ ਦਾ ਭਰੀਂ ਸਗਲਾ ਲਿਲਾਰੀ ਨੀਲ ਦਾ ਭਰੇ ਜਿਉਂ ਮੱਟ ਲਾਟਾ । ਲਾਕੇ ਸ਼ਸਤ੍ਰ ਤੇ ਬਸਤ੍ਰ ਤਿਯਾਰ ਹੋ ਜਾ ਹੁਣੇ ਸ਼ੇਰ ਦੀ ਤਰਫ ਤੂੰ ਰੱਟ ਲਾਟਾ । ਬੂਟਾ ਸਿੰਘ ਕਹੇ ਸ਼ੇਰ ਦੇ ਜੀਵੰਦੇ ਦੀ ਪੈਹਲੇ ਮੁਛ ਦੀ

ਲਾਹੀਂ ਤੂੰ ਲੱਟ ਲਾਟਾ ॥

ਲਾਟ ਟੇਕ ਸਿੰਘ ਜੀ ਨੇ ਮਹਾਂਰਾਜ ਰਣਜੀਤ ਸਿੰਘ
ਕਾ ਹੁਕਮ ਮਾਨ ਕਰ ਸ਼ੇਰ ਮਾਰਨੇ ਕੀ ਤਿਯਾਰੀ
ਕਰਨੀ ਔਰ ਕੁਲ ਫੌਜੀਓਂ ਨੇ ਅਫਸੋਸ ਕਰਨਾ

ਪੈਹਲੇ ਸਭ ਤੋਂ ਲਾਟ ਨੇ ਮੁਖ ਵਿਚੋਂ ਨਾਮ ਰਬ ਦਾ ਆਨ ਉਚਾਰਿਆਈ। ਪੈਹਨੀ ਬਰਦੀ ਤੇ ਹਥ ਮੇਂ ਲਿਆ ਸੇਲਾ ਨਾਲੇ ਢਾਲ ਨੂੰ ਖੂਬ ਸਵਾਰਿਆਈ। ਫੌਜੀ ਆਖਦੇ ਰਾਵ ਦੀ ਔਧ ਪੁਜੀ ਏਹਨੂੰ ਮੌਤ ਨੇ ਹੋਕਰਾ ਮਾਰਿਆਈ। ਏਹਦੀ ਮੁਕਗਈ ਚੋਗ ਜਹਾਨ ਉਤੋਂ ਏਹਨੂੰ ਕਾਲ ਨੇ ਅਜ ਪੁਕਾਰਿਆਈ। ਭੋਏਂ ਮੰਡਲਾ ਲਾਟ ਦਾ ਏਥੇ ਬਨਨਾ ਹੋਨ ਹਾਰ ਨੂੰ ਕਿਸੇ ਨਾ ਟਾਰਿਆਈ। ਏਸ ਸ਼ੇਰ ਨੇ ਸੂਰਮੇ ਕਈ ਮਾਰੇ ਏਥੇ ਲਾਟ ਦਾ ਭਾਗ ਵੀ ਹਾਰਿਆਈ। ਮੌਤ ਆਂਵਦੀ ਜਦੋਂ ਪਤੰਗ ਤਾਂਈ ਦੀਵੇ ਉਤੇ ਸਰੀਰ ਉਸ ਵਾਰਿਆਈ। ਝੂਹੇ ਸੱਪ ਨੂੰ ਮੌਤ ਜਾ ਘੇਰਦੀ ਜੇ ਰਾਹ ਵਿਚ ਉਸ ਫਨ ਖਿਲਾਰਿਆਈ। ਏਸੇ ਤਰਾਂ ਇਸਨੇ ਕਾਲਵੱਸ ਹੋਣਾ ਅਕਾਲ ਮ੍ਰਿਤੂ ਸੇ ਜਾਵੇ ਏਹ ਮਾਰਿ-ਆਈ। ਸ਼ੇਰ ਮਾਰਕੇ ਏਹਨੂੰ ਫਨਾਹ ਕਰਸੀ ਫੌਜੀ ਰਲ ਕੁਲ ਏਹੋ ਪੁਕਾਰਿਆਈ। ਕਈ ਆਖਦੇ ਲਾਟ ਦੇ ਵੱਸ ਨਾਹੀਂ ਸਾਰਾ ਭਾਵੀ ਨੇ ਪਾਸਾ ਖਿਲਾਰਿਆਈ। ਮੌਤ ਲਾਟ ਦੀ ਏਸ ਬਹਾਨੜੇ ਹੈ ਰੁਕੇ ਕਾਲ ਨਾਂ ਅੱਜ ਹੁਣ ਆਰਿ-ਆਈ। ਚੌਦਾਂ ਬਰਸ ਬਨਬਾਸ ਇਸ ਹੋਣੀ ਦਿਤਾ ਰਾਮ

ਚੰਦ ਜੋ ਖਾਸ ਅਵਤਾਰਿਆਈ। ਫੌਜੀ ਆਖਦੇ ਚੰਗਾ ਮੁਲਤਾਨ ਤਾਂਈਂ ਫਤੇ ਅਜ ਕੀਤਾ ਰਲ ਸਾਰਿਆਈ। ਰਾਹ ਵਿਚ ਅੱਜ ਲਾਟ ਲੁਟੀਜ ਜਾਸੀ ਸੁੰਵੀ ਜੰਵ ਕਿਸ ਕੰਮ ਬਿਨ ਲਾੜਿਆਈ। ਫੌਜੀ ਕੈਂਹਦੇ ਇਸ ਲਾਟ ਬਿਨ ਫੌਜ ਸੁੰਵੀ ਅਕਾਸ ਸੁੰਵਾਂ ਜਿਉਂ ਬਾਝ ਸਤਾਰਿਆਈ। ਰੋਸੀ ਰਾਵ ਨਾ ਬੰਨਸੀ ਧੀਰ ਕੋਈ ਰੋਸੀ ਫੌਜ ਸਾਰੀ ਕਰ ਕਰ ਪਿਆਰਿਆਈ। ਵੈਣ ਪਾਇਕੇ ਰੋਣਗੇ ਕੁਲ ਏਥੇ ਛੱਡ ਗਿਉਂ ਹਾਇ ਤਖਤ ਹਜਾਰਿਆਈ। ਬੂਟਾ ਸਿੰਘ ਕਹੇ ਲਾਟ ਬਿਨ ਸੁੰਵ ਬਾਵਾ ਸੁੰਵਾਂ ਮੈਹਲ ਜਿਉਂ ਬਾਝ ਚੁਬਾਰਿਆਈ।

## ਲਾਟ ਟੇਕ ਸਿੰਘ ਜੀਨੇ ਸ਼ੇਰ ਕੋ ਮਾਰਨੇ ਜਾਨਾ ਔਰ ਫੌਜ ਨੇ ਰੋਕਨਾ

ਲਾਟ ਸ਼ੇਰ ਵਲ ਜਾਂਦੇ ਨੂੰ ਵੇਖਕੇ ਤੇ ਸਾਰੀ ਫੌਜ ਨੇ ਜਾਇ ਪੁਕਾਰਿਆਈ। ਬੁਤ ਰੂਹ ਬਾਝੋਂ ਫੌਜ ਤੁਧ ਬਾਝੋਂ ਆਵੇ ਕੰਮ ਨਾਂ ਲਾਟ ਪਿਆਰਿਆਈ। ਤੁਰਤ ਦੇਣੀ ਮਨਜ਼ੂਰ ਤੈਂ ਜਿੰਦ ਕੀਤੀ ਵਾਕ ਰਾਵ ਦਾ ਤੁਧ ਨਾਂ ਟਾਰਿ-ਆਈ। ਧੰਨ ਧੰਨ ਹੈ ਤੁਧ ਦਾ ਜਨਮ ਲਾਟਾ ਇਕੀ ਕੁਲਾਂ ਨੂੰ ਤੁਧ ਨੇ ਤਾਰਿਆਈ। ਤੇਰੇ ਬੈਠਿਆਂ ਫੌਜ ਨੇ ਰਤੀ ਜਿਨਾਂ ਸੁਪਨੇ ਵਿਚ ਨਾ ਦੁਖ ਚਿਤਾਰਿਆਈ। ਕੁਲ ਫੌਜ ਨੂੰ ਧੂੰ ਅੰਧੇਰ ਹੋਸੀ ਸ਼ੇਰ ਨਾਲ ਨਾਂ ਲੜੀਂ ਪਿਆਰਿਆਈ। ਫੌਜ ਤੁਧ ਵਲ ਦੇਖ ਲਾਚਾਰ ਹੋਈ ਤੇਰਾ ਦੁਖ ਨਾਂ ਜਾਵੇ

ਸਹਾਰਿਆਈ। ਬੋਟ ਆਲ੍ਹਣੇ ਵਿਚ ਤਿਉਂ ਫੌਜ ਸਾਰੀ ਪੰਛੀ ਬਣ ਤੂੰ ਚੋਗ ਚੁਗਾਰਿਆਈ। ਸ਼ੇਰ ਮਹਾਂ ਬਲਵਾਨ ਇਸ ਬਾਰ ਅੰਦਰ ਲਾਟਾ ਜਾਂਵੀ ਨਾਂ ਸਿੱਧਾਸਿਧਾਰਿਆਈ। ਲਾਟਾ ਸਾਡਾ ਤੂੰ ਅਸੀ ਹਾਂ ਫੌਜ ਤੇਰੀ ਕੁਲ ਖੇਲ ਹੈ ਤੇਰਾ ਖਿਲਾਰਿਆਈ। ਜੋਬਨ ਸੁੰਦਰ ਸਰੀਰ ਬਲਕਾਰ ਲਾਟਾ ਹਾਇ ਸ਼ੇਰ ਤੋਂ ਜਾਂਵੇਂ ਹੁਣ ਮਾਰਿਆਈ। ਗਲੇ ਸਵਰਨ ਮਾਲਾ ਛੈਲ ਵਾਂਗ ਯੂਸਫ ਲਫਟੈਂਟ ਲਾਟਾ ਕੀ ਚਿਤ ਵਿਚਾਰਿਆਈ। ਸ਼ੇਰ ਮਾਰੇਗਾ ਤੁਧ ਨੂੰ ਲਾਟ ਸਾਡੇ ਹੋਸੀ ਮੇਲ ਨਾ ਫੇਰ ਸਤਾਰਿਆਈ। ਬੇਤਰਸ ਬੇਦਰਦ ਬੇਰਹਮ ਹੋਕੇ ਗਲਾਂ ਕਰੇਂ ਕਿਉਂ ਵਾਂਗ ਨਿਆਰਿਆਈ। ਜਿਸਮ ਵਿਚ ਮੌਜੂਦ ਹੈ ਜਾਨ ਲਾਟਾ ਓਨਾਂ ਚਿਰ ਤੂੰ ਫਿਰੇਂ ਸ਼ਿੰਗਾਰਿਆਈ। ਧ੍ਰੋਹੀ ਮੰਨ ਜਾ ਵਾਸਤਾ ਫੌਜ ਵਾਲਾ ਸ਼ੇਰ ਮਾਰਨਾ ਚਿੱਤ ਕੀ ਧਾਰਿਆਈ। ਬੂਟਾ ਸਿੰਘ ਕਹੇ ਪਿਛੇ ਤੂੰ ਹਟ ਲਾਟਾ ਫੌਜੀ ਕੁਲ ਜਾਸੀ ਤੈਥੋਂ ਵਾਰਿਆਈ।

### ਵਾਕ ਲਾਟ ਕਾ ਫੌਜ ਪ੍ਰਤੀ

ਲਾਟ ਆਖਦਾ ਕਲਗੀਧਰ ਕਰੀ ਕ੍ਰਿਪਾ ਅਜ ਭਾਗ ਜਗਾਏ ਕਰਤਾਰ ਫੌਜੇ। ਮੇਰੀ ਦੇਹ ਜੇ ਰਾਵ ਦੇ ਅਰਥ ਆਵੇ ਏਹਦੀ ਸ਼ੁਕਰ ਕ੍ਰੋੜ ਹਜਾਰ ਫੌਜੇ। ਇਸ ਰਾਵ ਦਾ ਨਿਮਕ ਬਿਅੰਤ ਖਾਧਾ ਭਾਗ ਮੇਰੇ ਨੇ ਅਪਰ ਅਪਾਰ ਫੌਜੇ। ਏਹ ਸਰੀਰ ਮਲ ਮੂਤ ਤੇ ਗੰਦਗੀ ਦਾ ਭਰਿਆ ਹੋਇਆ ਹੈ ਸਰਬ ਪ੍ਰਕਾਰ ਫੌਜੇ। ਸੁਪਨਾ ਰਾਤ ਦਾ

ਤਿਵੇਂ ਸੰਸਾਰ ਭਾਸੈ ਸਚਾ ਰਬਦਾ ਨਾਮ ਵਿਚਾਰ ਫੌਜੇ। ਨਾਮ ਰਬਦਾ ਤੇ ਦੂਜਾ ਧਰਮ ਸਾਥੀ ਨਾਲ ਹੋਰ ਨਾ ਕਾਰ ਵਿਹਾਰ ਫੌਜੇ। ਚਾਬਕ ਗਿਆਨ ਦਾ ਅਸਾਂ ਹੈ ਹੱਥ ਫੜਿਆ ਮੋੜੀ ਵਾਗ ਮਨ ਘੋੜੇ ਦੀ ਹਾਰ ਫੌਜੇ। ਬਾਰ ਬਾਰ ਜੁਆਨੋ ਨਾ ਲਾਟ ਆਖੋ ਏਥੇ ਲਾਟ ਨਾ ਰਾਵ ਸੁਕਾਰ ਫੌਜੇ। ਕੋਈ ਕਿਸੇ ਦਾ ਯਾਰ ਨਾਂ ਜੱਗ ਉਤੇ ਮੇਲਾ ਬੇੜੀ ਦਾ ਤਿਵੇਂ ਸੰਸਾਰ ਫੌਜੇ। ਜਦੋਂ ਲਗ ਜਾਂਦਾ ਬੇੜਾ ਪਾਰ ਕੰਢੇ ਆਪੋ ਆਪ ਹੀ ਜਾਂਦੇ ਪਧਾਰ ਫੌਜੇ। ਝੂਠੇ ਕਈ ਖੁਆਬ ਪੈ ਔਣ ਰਾਤੀਂ ਤਿਵੇਂ ਸਮਝ ਲੈ ਜਗਤ ਫਰਾਰ ਫੌਜੇ। ਭਾਈ ਭੈਣ ਨਾ ਯਾਰ ਤੇ ਮਿਤ੍ਰ ਬੇਲੀ ਸਾਰੇ ਮਤਲਬੀ ਪੁਤ੍ਰ ਤੇ ਨਾਰ ਫੌਜੇ। ਅੰਤ ਸਮੇ ਨਾਂ ਕੋਈ ਵੀ ਕੰਮ ਆਵੇ ਐਵੇਂ ਝੂਠਦੇ ਕੁਲ ਪਿਆਰ ਫੌਜੇ। ਦਾਵੇ ਛਡੋ ਜਹਾਨ ਦੇ ਕੁਲ ਮੈਨੇ ਨਾਮ ਰਬ ਦਾ ਲਿਆ ਚਿਤਾਰਫੌਜੇ। ਜੰਮਨਵੇਲੇ ਨਾ ਲਾਟ ਸੀ ਨਾਲ ਥੋਡੇ ਕਾਹਦੇ ਵਾਸਤੇਹੋਵੇਂ ਲਚਾਰ ਫੌਜੇ। ਮਰਨ ਸਮੇ ਨਾਂ ਲਾਟ ਨੇ ਨਾਲ ਜਾਣਾ ਰੰਗ ਕੀਤਾ ਕਿਉਂ ਜ਼ਰਦ ਵਿਸਾਰ ਫੌਜੇ। ਫੁਰਨੇ ਵਿਚ ਮੈਂ ਲਾਟ ਲਫਟੰਟ ਹੋਯਾ ਫੁਰਨੇ ਵਿਚ ਏਹ ਫੌਜ ਅਪਾਰ ਫੌਜੇ। ਅਬੇ ਤਬੇ ਹਮ ਤੁਮ ਵੋਹ ਯੇਹ ਫੁਰਨਾ ਫੁਰਨੇ ਵਿੱਚ ਮੈਂ ਹੈਂ ਸਰਦਾਰ ਫੌਜੇ। ਫੌਜ ਕੁਲ ਮੁਹਤੈਤ ਅਖਤਿਆਰ ਕਿੱਥੇ ਕੋਈ ਲਾਟ ਨਾ ਕੋਈ ਸਰਕਾਰ ਫੌਜੇ। ਫੁਰਨੇ ਵਿਚ ਮੁਲਤਾਨ ਤੇ ਕੀਤਾ ਧਾਵਾ ਸੁਪਨੇ

ਮਾਤ੍ਰ ਹੈ ਕੁਲ ਬਿਵਹਾਰ ਫੌਜੇ। ਫੁਰੰਨੇ ਵਿਚ ਮੈਂ ਸ਼ੇਰ ਦੇ ਨਾਲ ਲੜਸਾਂ ਸ਼ੇਰ ਜਾਇਕੇ ਸਿੱਟਾਂਗਾ ਮਾਰ ਫੌਜੇ। ਜੀਵ ਬ੍ਰਹਮ ਦੇ ਵਿਚ ਨਾਂ ਭੇਦਕੋਈ ਐਵੇਂ ਭੁਲਕੇ ਬਨੇ ਗਵਾਰ ਫੌਜੇ। ਪਾਣੀ ਵਿਚੋਂ ਬਿਅੰਤ ਤੁਰੰਗ ਉਠਨ ਨਾਮ ਬੁਲ ਬੁਲਾ ਕੈਹਨ ਪੁਕਾਰ ਫੌਜੇ । ਆਖਰ ਕਾਰ ਜਦ ਬੁਲ ਬੁਲੇ ਬਿਨਸ ਜਾਂਦੇ ਪਾਣੀ ਬੁਲਬੁਲੇ ਕੁਲ ਵਿਚਾਰ ਫੌਜੇ। ਜਲ ਵਿਚ ਜਿਉਂ ਜਲ ਮਿਲਾਇ ਦੇਈਏ ਨਿਆਰਾ ਹੋਵੇ ਨਾਂ ਕਿਸੀ ਪ੍ਰਕਾਰ ਫੌਜੇ। ਤਿਵੇਂ ਰੱਬ ਤੇ ਤੁਧ ਦਾ ਭੇਦ ਨਾਹੀਂ ਐਵੇਂ ਭੁਲਕੇ ਹੋਵੇਂ ਖੁਆਰ ਫੌਜੇ। ਅਕਾਲ ਪੁਰਖ ਦੇ ਇਕ ਗਿਆਨ ਬਾਝੋਂ ਚੁਰਾਸੀ ਲਖ ਜੂੰਨੀਂ ਭੋਗੀ ਹਾਰ ਫੌਜੇ। ਮੇਰੀ ਮੇਰੀ ਕਰਦੇ ਕੈਰੋਂ ਗਏ ਪਾਂਡਵ ਜਿਨਾਂ ਕੋਲ ਸੀ ਦਰਬ ਅਪਾਰ ਫੌਜੇ।ਬਾਰਾਂ ਜੋਜਨ ਸੀ ਸ੍ਵਰਨ ਦਾ ਝੂਲੇ ਛਤ੍ਰ ਸੂਰ ਬੀਰ ਸਨ ਬੜੇ ਬਲਕਾਰ ਫੌਜੇ।ਹਿਮਾਂਚਲ ਪ੍ਰਬਤਮੇ ਹੱਡ ਤੇ ਚੰਮਰੁਲਗਏ ਖਾਵਨਗੀਧ ਨਾ ਗਿਝ ਮੁਰ ਦਾਰ ਫੌਜੇ।ਦਾਵੇ ਬੰਨਦੀ ਦੁਨੀਆਂ ਹੈ ਕੂੜਵਾਲੇ ਮੈਨੂੰਲੋੜ ਨਾ ਬਾਝ ਕਰਤਾਰ ਫੌਜੇ। ਮਾਨ ਹਾਨ ਦੁਖ ਸੁਖ ਨੂੰ ਇਕ ਜਾਣਾ ਲੋਹੇ ਕੰਚਨ ਤੇ ਮਾਰਾ ਨਾਂ ਧਾਰ ਫੌਜੇ। ਦੁਨੀਆਂ ਵਿਚ ਵਸੇ ਰਹੇ ਅਤੀਤ ਨਿਆਰਾ ਕਵਲ ਫੁਲ ਦੇ ਵਾਂਗ ਪਿਆਰਫੌਜੇ। ਕਵਲ ਫੁਲ ਜਿਉਂ ਜਲਦੇ ਰਹੇ ਉਤੇ ਥੱਲੇ ਆਵੇ ਨਾਹੀ ਇਕ ਵਾਰ ਫੌਜੇ। ਅਸ੍ਵ ਲਾਟ ਜਿਸ ਧਰਤੀ ਤੇ ਖੜਾ ਦਿਸੇ ਏਥੇ ਖੜ ਗਏ ਕਈ ਸਵਾਰ ਫੌਜੇ। ਕਈ

ਲਾਟ ਤੇ ਸ਼ੇਰ ਭੀ ਹੋਇ ਪੈਹਲੇ ਇਥੇ ਕਰ .ਗਏ ਕਈ ਸਿਕਾਰ ਫੌਜੇ।ਗ੍ਰੀਬ ਗੁਰਬੇ ਦੀਰਤ ਜੋ ਨ੍ਹਾਨਵਾਲੇ ਧਰਿਆ ਛੱਡਕੇ ਹੋਗਏ ਪਾਰ ਫੌਜੇ। ਦਾਵੇ ਬੰਨਕੇ ਮੈਹਲ ਤੇ ਦਰਬ ਜੋੜਨ ਆਯੂ ਲੋੜਦੇ ਬ੍ਰਸ ਹਜ਼ਾਰ ਫੌਜੇ। ਬਨ ਬਨ ਬੈਠਦੇ ਚੌਧਰੀ ਸ਼ਾਹ ਸਾਰੇ ਕਾਲ ਪਕੜ ਕੰਨੋਂ ਕਢੇ ਬਾਹਰ ਫੌਜੇ। ਛਿਨ ਮਾਤ੍ਰਦਾ ਕੁਛਵਿਸਾਹ ਨਾਂਹੀ ਅੱਖ ਫਰਕਨਦੀ ਮਿਲੇ ਨਾਂ ਵਾਰ ਫੌਜੇ। ਬਾਲੂ ਭੀਤ ਦੇ ਮੈਹਲ ਮੁਨਾਰੜੇ ਨੂੰ ਢੈਹਨ ਲਗਿਆਂ ਲਗੇ ਨਾਂ ਬਾਰ ਫੌਜੇ।ਇਹ ਦੇਹ ਅਨਿੱਤ ਨਾਂ ਨਿਤ ਰੈਹਸੀ ਕਲਗੀ ਵਾਲੜਾ ਗਿਆ ਪੁਕਾਰ ਫੌਜੇ। ਇਸ ਰਾਵ ਦਾ ਨਿਮਕ ਮੈਂ ਠੀਕ ਖਾਧਾ ਮੰਨਾਂ ਰਾਵਦਾ ਹੁਕਮ ਇਕ ਵਾਰ ਫੌਜੇ। ਹਰੀ ਚੰਦ੍ਰ ਨੇ ਜਿਸਤ੍ਹਾਂ ਨੀਰ ਭਰਿਆ ਘੜਾ ਚੱਕ ਚੰਡਾਲਦੇ ਦੁਆਰ ਫੌਜੇ। ਤਿਂਵੇਂ ਰਾਵ ਦੇ ਕਹੇ ਤੇ ਸੇਰ ਮਾਰਾਂ ਕਲਗੀਧਰ ਨੂੰ ਲੈਸਾਂ ਪੁਕਾਰ ਫੌਜੇ। ਬੂਟਾ ਸਿੰਘ ਕਹੇਰਾਵਤੋਂ ਲਾਟ ਵਾਰੀ ਕਾਲੀਰਾਤ ਤੇਵਾਰੀਚਕਾਰ ਫੌਜੇ।

ਫੌਜਨੇ ਕੁਰਲਾਟ ਪਾਕੇ ਰੋਕਨਾ ਕੇ ਸ਼ੇਰ ਮਾਰਨ
ਸੂਕਾਰ ਨਾ ਜਾਵੇ ॥

ਸਾਰੀਫੌਜ ਹੱਥ ਜੋੜਕੇ ਅਰਜ਼ ਕਰਦੀ ਸਾਨੂੰਮਾਰ ਨਾ ਕਰੀਂ ਫਰਾਰਲਾਟਾ।ਤੇਰੇ ਬਾਝ ਕੁਲ ਫੌਜ ਏਹਮਿਰਤ ਹੋਸੀ ਰਾਵ ਰੋਵਸੀਜ਼ਾਰੋ ਹੀ ਜਾਰਲਾਟਾ।ਦੁਕਾਨਬਾਝਪੂੰਜੀ ਤਾਲਾਬਾਝ ਕੁੰਜੀ ਮੱਛੀ ਨੀਰਦੇ ਬਾਝ ਮੁਰਦਾਰ ਲਾਟਾ।ਬੁਧ ਬਾਝਬੰਦਾ ਸੁਖ ਭਾਗ ਬੰਦਾ ਨਦੀ ਨਾਵ ਬਾਝੋਂ ਕੌਣ ਪਾਰ ਲਾਟਾ ।

ਰਾਗੀ ਕੰਠ ਬਾਝੋਂ ਪੈਸਾ ਗੱਠ ਬਾਝੋਂ ਚਕਵੀ ਸੂਰਦੇ ਬਾਝ ਲਚਾਰ ਲਾਟਾ॥ਚਾਲ ਬਾਝ ਘੋੜਾ ਮੱਲਮ ਬਾਝ ਫੋੜਾ ਛੁਟ ਸਕੇ ਨਾਮੂਲ ਵਿਚਾਰਲਾਟਾ॥ਸਾਕ ਮੇਲ ਬਾਝੋਂ ਦੀਵਾਤੇਲ ਬਾਝੋਂ ਬੁਤਰੂਹਤੋਂ ਬਾਝ ਮੁਰਦਾਰ ਲਾਟਾ।ਧਾਂਈਪਾਣੀ ਬਾਝੋਂ ਧਣ ਦਾਂਨੀ ਬਾਝੋ ਜੂਆ ਜੂਤ ਬਾਝੋਂ ਆਵੇ ਹਾਰ ਲਾਟਾ। ਨਾਰੀ ਪਤੀ ਬਾਝੋਂ ਜੋਗੀ ਜਤੀ ਬਾਝੋਂ ਵੈਸ਼ ਕੰਮ ਨਾਂ ਬਾਝ ਬਿਉਪਾਰ ਲਾਟਾ॥ ਸੂਰਾ ਯੁਧ ਤੇ ਖੀਰ ਜਿਉਂ ਦੁਧਬਾਝੋਂ ਪੁਤ ਬਾਝ ਜਿਉਂ ਗਰਿਸਤ ਖ਼ੁਆਰ ਲਾਟਾ । ਘਰਦੀ ਨਾਰਦੇ ਬਾਝ ਈਮਾਨ ਨਾਹੀਂ ਕਲਗੀ ਧਰ ਜੀ ਗਏ ਉਚਾਰ ਲਾਟਾ। ਦੁਧ ਬਾਝ ਗਾਂਈਂ ਮੁਲ ਪਾਂਨ ਨਾਹੀਂ ਤੁਧ ਬਾਝ ਏਹ ਫੌਜ ਗੁਆਰ ਲਾਟਾ। ਤੇਰੇ ਬੈਠਿਆਂ ਸਭ ਅਰਾਮ ਵਸਨ ਤੇਰੇ ਬਾਝ ਨਾਂ ਕਾਰ ਵਿਹਾਰ ਲਾਟਾ । ਬਸ ਵਾਸਤਾ ਤੈਨੂੰ ਹਈ ਫੌਜ ਵਾਲਾ ਜਾਕੇ ਸ਼ੇਰ ਨੂੰ ਮੂਲ ਨਾਂ ਮਾਰ ਲਾਟਾ। ਦਸਮੇਂ ਪਾਤਸ਼ਾਹ ਦਾ ਤੈਨੂੰ ਵਾਸਤਾਈ ਸ਼ੇਰ ਨਾਲ ਨਾਂ ਕਰੀਂ ਤਕਰਾਰ ਲਾਟਾ। ਮਾਨਸ ਜਨਮ ਅਮੋਲਕ ਕਰਤਾਰ ਦਿਤਾ ਮਿਲਨਾਂ ਏਸ ਨਾਹੀਂ ਬਾਰ ਬਾਰ ਲਾਟਾ। ਅਰਜ ਮੰਨਨੀ ਤੁਧ ਦਾ ਧਰਮ ਸਾਂਈਆਂ ਅਸਾਡੀ ਆਜਜ਼ਾਂ ਦੀ ਪੁਕਾਰ ਲਾਟਾ । ਧਰਮ ਮੂਰਤੀ ਦੁਨੀਆਂ ਤੇ ਥੰਮ ਸਾਡਾ ਕਮ ਕੀਤੋਈ ਨੇਕ ਸੰਸਾਰ ਲਾਟਾ। ਬੂਟਾ ਸਿੰਘ ਕਹੇ ਵਾਸਤਾ ਫੌਜ ਵਾਲਾ ਸ਼ੇਰ ਨਾਲ ਨਾਂ ਕਰੀਂ ਗੁਫਤਾਰ ਲਾਟਾ ॥

## ਵਾਕ ਕਵੀ

ਨਿਰਧਨ ਪੁਰਸ਼ ਨੂੰ ਆਦਰ ਨਾਂ ਕੋਈ ਦੇਂਦਾ ਧਨ ਵਾਨ ਦੇ ਟੁਰਨ ਕੁਲ ਨਾਲ ਬਾਵਾ। ਧਨ ਪਲੇ ਤਾਂ ਮੰਨੇ ਤਮਾਮ ਦੁਨੀਆਂ ਧਨੀ ਲੋਕ ਦੀ ਉਪਮਾ ਤਿੰਨ ਕਾਲ ਬਾਵਾ। ਪੁਤਰ ਮਿਤਰ ਤੇ ਸਜਨ ਪ੍ਰਵਾਰ ਸਾਰਾ ਸੇਵਾ ਕਰਦੇ ਨੇ ਕੁਲ ਕਮਾਲ ਬਾਵਾ। ਪਾਸ ਦੰਮ ਤਾਂ ਕੰਮ ਕੁਲ ਰਾਸ ਜਾਣੋ ਬਿਨਾਂ ਦੰਮਾ ਤੋਂ ਹਾਲ ਜਵਾਲ ਬਾਵਾ। ਪੈਸੇ ਹੁੰਦਿਆਂ ਯਾਰ ਕਰੋੜ ਬਨਦਾ ਮਿਲਦੇ ਹਾਰਸ਼ਿੰਗਾਰ ਤੇ ਲਾਲ ਬਾਵਾ। ਪੈਸਾ ਪਾਸ ਤੇ ਐਸ਼ ਬਹਾਰ ਲੁਟੀ ਲਭ ਪਵੇ ਤਲਵਾਰ ਤੇ ਢਾਲ ਬਾਵਾ। ਧਨੀ ਪੁਰਸ਼ ਜੇ ਜੰਗਲ ਦੇ ਵਿਚ ਜਾਵੇ ਓਹਦਾ ਕਰੇ ਜਹਾਨ ਖਿਆਲ ਬਾਵਾ। ਪੈਸਾ ਪਾਸ ਤੇ ਭੈਣ ਕਹੇ ਵੀਰ ਆਯਾ ਜੀਜਾ ਸਾਲੇ ਦੀ ਕਰੇ ਸਮਾਲ ਬਾਵਾ। ਪੈਸਾ ਪਲੇ ਤਾਂ ਸੱਸ ਕਹੇ ਆਯਾ ਨੀਂਗਰ ਮਾਲਪੂੜੇ ਖੁਆਵੇ ਆਦਰ ਨਾਲ ਬਾਵਾ। ਸੱਸ ਕਈ ਪ੍ਰਕਾਰ ਦੇ ਆਦ੍ਰ ਕਰਦੀ ਤਲੀ ਹੋਈ ਅਗੇ ਧਰੇ ਦਾਲ ਬਾਵਾ। ਨਿਰਧਨ ਪੁਰਸ਼ ਦੀ ਸੁਣੇ ਨਾਂ ਗਲ ਕੋਈ ਏਹ ਭੀ ਦਸ ਦਿਆਂ ਨਾਲਦੇ ਨਾਲ ਬਾਵਾ। ਸਾਕ ਸੈਨ ਮਿਤ੍ਰ ਯਾਰ ਮਤਲਬਾਂ ਦੇ ਆਪੋ ਆਪਨੀ ਖੇਡਦੇ ਚਾਲ ਬਾਵਾ। ਬਿਨਾਂ ਪੈਸਿਓਂ ਮਾਤਾ ਤੇ ਭੈਣ ਨਾਰੀ ਕੁਤੇ ਵਾਂਗ ਦੇਵਨ ਰੋਟੀ ਡਾਲ ਬਾਵਾ। ਕੋਈ ਕਿਸੇ ਨੂੰ ਯਾਰੋ ਨਾਂ ਪੁਛਦਾਏ ਬਿਨਾ ਮਤਲਬੋਂ ਸੁਣੇ ਨਾਂ ਗਾਲ ਬਾਵਾ। ਲਾਟ ਜਾਨਕੇ ਫੌਜੀ ਸੀ

ਅਰਜ ਕਰਦੇ ਹੱਥ ਜੋੜ ਕੇ ਕਰਨ ਸਵਾਲ ਬਾਵਾ। ਕੋਈ ਕਿਸੇ ਦਾ ਮਰੇ ਨ ਕੋਈ ਰੋਵੇ ਕੋਈ ਪੱਟੇ ਨਾਂ ਸਿਰਾਂਦੇਵਾਲ ਬਾਵਾ। ਮਰੇ ਪੁਤ ਤਾਂ ਆਖਦਾ ਲੁਟਿਆ ਮੈਂ ਫੇਰ ਆਖਦਾ ਆਯਾ ਹਾਇ ਕਾਲ ਬਾਵਾ। ਸੁਖਾਂ ਵਾਸੜੇ ਲਾਟ ਦੇ ਮਗਰ ਫੌਜੀ ਮੋੜਨ ਵਾਸਤੇ ਖੇਡਦੇ ਚਾਲ ਬਾਵਾ। ਗਰਜ ਵਾਸਤੇ ਮੋੜਦੇ ਲਾਟ ਤਾਂਈ ਦੁਨੀਆਂ ਸੁਖਾਂ ਲਈ ਪਿੱਟੇ ਧੰਧਾਲ ਬਾਵਾ। ਬੂਟਾ ਸਿੰਘ ਕਹੇ ਓਹ ਨਾਂ ਮੂਲ ਮੁੜਦੇ ਜਿਨਾਂ ਸਮਝਿਆ ਇੱਕ ਅਕਾਲ ਬਾਵਾ।

### ਲਾਟ ਟੇਕ ਸਿੰਘ ਜੀ ਨੇ ਫੌਜ ਸੇ ਵਿਦਾ ਹੋਕਰ ਸ਼ੇਰ ਕੋ ਮਾਰਨੇ ਜਾਨਾ ਬਾਰ ਮੇਂ

ਹੱਥ ਢ਼ਾਲ ਤੇ ਸਿ਼ਲਾ ਸਜਾਇਕੇ ਤੇ ਲਾਟ ਬਾਰ ਵਿੱਚ ਗਿਆਈ ਆ ਬਾਵਾ। ਭੋਰੇ ਰੋਲ ਜਾ ਖੂਬ ਲਲਕਾਰਿਆ ਸੂ ਸ਼ੇਰਾ ਛਡ ਨਾਂ ਜਾਂਈ ਤੂੰ ਥਾਂ ਬਾਵਾ। ਸ਼ੇਰ ਹੈਂ ਤਾਂ ਸਾਮ੍ਹ ਨਾਂ ਆ ਮੈਨੂੰ ਕੰਡ ਦੇ ਨਾ ਮੁੜ ਨੂੰ ਜਾ ਬਾਵਾ। ਮੇਰਾ ਛੱਤ੍ਰੀ ਧਰਮ ਲਲਕਾਰਨਾਸੀ ਵਜ ਗਜ ਕੇ ਦਿਤਾ ਅਲਾ ਬਾਵਾ। ਕੰਡ ਦੇਵਨੀ ਤੁਧ ਦਾ ਧਰਮ ਨਾਹੀਂ ਕੰਡ ਦੇ ਨਾ ਲੀਕ ਲੁਆ ਬਾਵਾ। ਲਾਟ ਟੇਕ ਸਿੰਘ ਮੁਖੋਂ ਅਕਾਲ ਕਹਿਕੇ ਕਲਗੀ ਵਾਲੇ ਨੂੰ ਲਿਆ ਧਿਆ ਬਾਵਾ। ਤ੍ਰੂਤੀ ਜੋੜ ਲਈ ਸ੍ਰੀ ਦਸਮੇਸ ਵਲੋ ਬਾਜਾਂ ਵਾਲੜਾ ਲਿਆ ਮਨਾ ਬਾਵਾ। ਮੰਨੀ ਬੇਨਤੀ ਸ੍ਰੀ ਦਸਮੇਸ ਜੀ ਨੇ ਆਇ ਆਪ ਨਾ ਕੀਤੀ ਕਜਾ ਬਾਵਾ। ਕਲਗੀ ਵਾਲੇ ਨੇ ਖੰਡਾ ਜੋ ਆਪ ਦਿਤਾ

ਟੇਕ ਸਿੰਘ ਦੇ ਹੱਥ ਫੜਾ ਬਾਵਾ । ਰਖੇ ਜਿਸਨੂੰ ਆਪ ਕਰਤਾਰ ਸਚਾ ਓਹਨੂੰ ਲਗੇ ਨਾ ਤਤੜੀ ਵਾ ਬਾਵਾ। ਦੁਸ਼ਮਨ ਹੋਵੇ ਜੇ ਕੁਲ ਸੰਸਾਰ ਓਹਦਾ ਕੋਈ ਵੇਖੇ ਨਾ ਅੱਖ ਭੁਆ ਬਾਵਾ । ਪ੍ਰਹਲਾਦ ਉਤੇ ਹਰਨਾਕਸ਼ ਕਰੋਪ ਹੋਕੇ ਆਖੇ ਹੁਣੇ ਮੈਂ ਸਟਾਂ ਉੜਾ ਬਾਵਾ । ਤਪਤ ਥੰਮ ਦੇ ਨਾਲ ਪ੍ਰਹਲਾਦ ਤਾਂਈ ਦਿਤਾ ਝਟ ਸੀ ਦੁਸ਼ਟ ਨੇ ਲਾ ਬਾਵਾ। ਆਖੇ ਅਜ ਪ੍ਰਹਲਾਦ ਨੂੰ ਮਾਰਸਾਂ ਮੈਂ ਸਕਿਆ ਰੋਮ ਨਾ ਓਹਦਾ ਗੁਆ ਬਾਵਾ। ਪ੍ਰਹਲਾਦ ਭਗਤ ਦੀ ਰਖਿਆ ਕਰਨ ਖਾਤਰ ਨਰਸਿੰਘ ਰੂਪ ਬਨਕੇ ਆਏ ਧਾ ਬਾਵਾ। ਹਰਨਾਕਸ਼ ਰਾਖਸ਼ ਭਗਵਾਨ ਨੇ ਕੀਤਾ ਚੂਰਾ ਨੌਹਾਂ ਨਾਲ ਹੀ ਦਿਤਾ ਮੁਕਾ ਬਾਵਾ। ਤੰਦੂਆ ਹਾਥੀ ਨੂੰ ਜਲ ਦੇ ਵਿਚ ਆਖੇ ਤੈਨੂੰ ਸਿਟਾਂਗਾ ਅਜ ਡੁਬਾ ਬਾਵਾ । ਹਾਥੀ ਕੀਤੀ ਪੁਕਾਰ ਕਰਤਾਰ ਅਗੇ ਕੋਈ ਸਕੇ ਨਾ ਅਜ ਛੁਡਾ ਬਾਵਾ। ਦੁਖ ਹਰਨ ਤੇ ਸੁਖਾਂ ਦੇ ਦੇਨ ਹਾਰੇ ਸੁਨਕੇ ਅਰਜ ਨੂੰ ਗਏ ਨੀ ਆ ਬਾਵਾ। ਤੰਦੂਆ ਵਢਿਆ ਪ੍ਰਭੂ ਨੇ ਨਾਲ ਚੱਕਰ ਗਜ ਭਗਤ ਨੂੰ ਲਿਆ ਬਚਾ ਬਾਵਾ । ਦੁਸਾਸ਼ਨ ਸਭਾ ਦੇ ਵਿਚ ਦ੍ਰੋਪਤੀ ਨੂੰ ਨੰਗੀ ਕਰਨ ਦਾ ਕੀਤਾ ਉਪਾ ਬਾਵਾ। ਭਗਤੀ ਕ੍ਰਿਸ਼ਨ ਦੀ ਕੀਤੀ ਦ੍ਰੋਪਤੀ ਨੇ ਮੁਰਲੀ ਵਾਲੜਾ ਹੋਯਾ ਸਹਾ ਬਾਵਾ। ਚੀਰ ਲਬੇ ਨਾ ਦ੍ਰੋਪਤਾ ਭਗਤਨੀ ਦੇ ਦੁਸ਼ਟ ਹਾਰ ਗਿਆ ਜ਼ੋਰ ਲਗਾ ਬਾਵਾ । ਨਾਮਾ ਭਗਤ ਸੁਲਤਾਨ ਨੇ ਪਕੜ ਲੀਤਾ ਆਖੇ ਤੈਨੂੰ ਅਜ ਦੇਵਾਂ ਸਜਾ

ਬਾਵਾ। ਗਊ ਮਾਰਕੇ ਨਾਮੇ ਦੇ ਧਰੀ ਅਗੇ ਆਖੇ ਨਾਮਿਆਂ ਗਊ ਜਿਵਾ ਬਾਵਾ। ਜੇਕਰ ਅਜ ਨਾ ਗਊ ਜਿਵਾਵਸੇਂ ਤੂੰ ਗਊ ਨਾਲ ਦਿਆਂ ਤੈਨੂੰ ਰਲਾ ਬਾਵਾ। ਗਊ ਮੋਈ ਭਗਵਾਨ ਜਿਵਾਇ ਦਿਤੀ ਲਗੀ ਭਗਤ ਨੂੰ ਨਹੀਂ ਅਜਾ ਬਾਵਾ। ਕਲਗੀਧਰ ਪ੍ਰਸੰਨ ਹੈ ਲਾਟ ਉਤੇ ਜਿਵੇਂ ਆਖੇ ਤਿਵੇਂ ਹੁੰਦੀ ਜਾ ਬਾਵਾ। ਖੰਡਾ ਕਲਗੀਧਰ ਹੱਥਾਂ ਦੇ ਨਾਲ ਦਿਤਾ ਮੁਖੋਂ ਦਿਤਾ ਏਹ ਆਪ ਅਲਾਬਾਵਾ। ਅਰਜਨਪਿਛੇ ਜਿਉਂ ਕ੍ਰਿਸ਼ਨ ਤਿਉਂ ਜਾਨ ਸਾਨੂੰ ਫੜੀ ਅਸਾਂਹੈ ਤੁਧ ਦੀ ਬਾਂਹ ਬਾਵਾ। ਜਿਵੇਂ ਧੰਨੇ ਦੇ ਵਛੇ ਮੈਂ ਆਪ ਚਾਰੇ ਪਾਯਾ ਧੰਨੇ ਦੇ ਮਾਲ ਨੂੰ ਘਾਹ ਬਾਵਾ। ਤੇਰੀ ਸਿਖੀ ਨੂੰ ਵੇਖ ਪ੍ਰਸੰਨ ਹੋਯਾ ਜਿਵੇਂ ਭਾਂਵਦੀ ਤਿਵੇਂ ਕਰਵਾ ਬਾਵਾ।ਭਗਤੀ ਦੇਖ ਤੇਰੀ ਬੇੜਾਪਾਰ ਕੀਤਾ ਬਨਕੇ ਅਸਾਂਨੇ ਆਪ ਮਲਾਹ ਬਾਵਾ। ਰਛਿਆ ਭਗਤ ਦੀ ਕਰਨੀ ਏਹ ਧਰਮ ਮੇਰਾ ਕੀਤੀ ਆਦਦੀ ਮੈਨੇ ਸਲਾਹ ਬਾਵਾ। ਏਨੀ ਆਖ ਸਤਗੁਰੂ ਅਲੋਪ ਹੋਏ ਸਤ ਗੁਰ ਜੋਤ ਮੇਂ ਜੋਤ ਮਿਲਜਾ ਬਾਵਾ। ਅਚੰਭਾ ਲਗਿਆ ਲਾਟ ਨੂੰ ਗੁਰੂ ਵਾਲਾ ਖੁਸ਼ੀ ਨਾਲ ਫਿਰ ਸ਼ੇਰ ਬੁਲਾ ਬਾਵਾ। ਲਾਟ ਆਖਦਾ ਸ਼ੇਰ ਦਾ ਧਰਮ ਹੁੰਦਾ ਸਨਮੁਖ ਹੋਇ ਦੋ ਹੱਥ ਚਲਾ ਬਾਵਾ। ਜੇਤੂੰ ਸ਼ੇਰ ਹੈਂ ਸ਼ੀਹਣੀਦਾ ਦੁਧ ਪੀਤਾ ਨਾ ਤੂੰ ਦੁਧਨੂੰ ਲੀਕ ਲੁਆ ਬਾਵਾ। ਬੋਲੀ ਸ਼ੇਰ ਦੇ ਸੀਨੇ ਨੂੰ ਚਾਕ ਕੀਤਾ ਲੜਨ ਮਰਨ ਦੀ ਕੀਤੀ ਸਲਾਹ ਬਾਵਾ। ਭਬਕ ਮਾਰ ਕੇ ਘੋਰੇ ਤੋਂ ਬਾਹਰ

ਆਯਾ ਛਿਆ ਸ਼ੇਰ ਨੇ ਕੈਹਰ ਦਾ ਸਾਹ ਬਾਵਾ। ਏਸ ਬੋਲੀ ਦਾ ਲੁਤਫ ਤੂੰ ਚਖ ਲਾਟਾ ਬਚਕੇ ਮੁਝ ਤੋਂ ਅਜ ਨਾ ਜਾ ਬਾਵਾ। ਸ਼ੇਰ ਗੂਜਿਆ ਲਾਟ ਦੇ ਕੋਲ ਆਕੇ ਆਖੇ ਤੈਨੂੰ ਹੁਣ ਦੇਵਾਂ ਗੁਆ ਬਾਵਾ। ਤੇਰੇ ਜੇਹੇ ਮੈਂ ਸੂਰਮੇਂ ਲੱਖ ਮਾਰੇ ਛਤ੍ਰੀ ਹੋ ਨਾ ਪਿਠ ਪਰਤਾ ਬਾਵਾ। ਅੰਸ ਛਤ੍ਰੀ ਦੀ ਨਾਂ ਹੋਵਸੇਂ ਤੂੰ ਜੇਕਰ ਜਾਂਵੇਂਗਾ ਕੰਡ ਵਿਖਾ ਬਾਵਾ। ਇਤਨੀ ਸ਼ੇਰ ਦੇ ਮੂੰਹ ਵਿਚ ਗਲ ਆਹੀ ਖੰਡਾ ਲਾਟ ਨੇ ਕੀਤਾ ਉਤਾਂਹ ਬਾਵਾ। ਬਿਜਲੀ ਵਾਂਗ ਜਾਂ ਖੰਡੇ ਦੀ ਧਾਰ ਚਮਕੀ ਸ਼ੇਰ ਨਸਿਆ ਹੋਸ਼ ਭੁਲਾ ਬਾਵਾ। ਬੂਟਾ ਸਿੰਘ ਕਹੇ ਸ਼ੇਰ ਨੇ ਭਾਂਜ ਖਾਧੀ ਜਦੋਂ ਲਾਟ ਨੇ ਕੀਤੀ ਨਿਗਾਹ ਬਾਵਾ।

### ਹਾਲ ਸ਼ੇਰ ਵਾਕ ਕਵੀ

ਸ਼ੇਰ ਚਮਕ ਦੇ ਖੰਡੇ ਨੂੰ ਵੇਖਕੇ ਤੇ ਚੀਕਾਂ ਮਾਰਕੇ ਨਸਿਆ ਜਾਂਵਦਾਈ। ਕਾਂਮੀਂ ਨਸਦਾ ਜਿਵੇਂ ਸਤ ਸੰਗ ਕੋਲੋਂ ਚੋਰ ਚੰਦ ਨੂੰ ਵੇਖਕੇ ਧਾਂਵਦਾਈ। ਬਾਂਮਨ ਬਾਂਗ ਕੋਲੋਂ ਕਾਜ਼ੀ ਸੰਖ ਸੁਨਕੇ ਆਪੋ ਆਪਨੇ ਧਾਮ ਨੂੰ ਜਾਂਵ ਦਾਈ। ਸੂਮ ਦਾਨ ਦੀ ਜਗਾ ਤੋਂ ਪੈਰ ਪੱਟੇ ਸੱਪ ਡਾਂਗ ਦੇ ਅਗੇ ਨਾ ਆਂਵਦਾ ਈ। ਪਰਸਰਾਮ ਕੋਲੋਂ ਨਸੇ ਛਤ੍ਰੀ ਜੋ ਸ਼ੇਰ ਗਊ ਨੂੰ ਜਾਇ ਭਜਾਂਵਦਾਈ। ਹਾਥੀ ਨਸ ਦਾ ਹੈ ਜੈਸੇ ਬਿਰੀ ਕੋਲੋਂ ਬਾਜ ਅਗੇ ਨਾ ਪੰਛੀ ਕੋਈ ਆਂਵਦਾਈ। ਨੱਲ ਰਾਜਾ ਨੇ ਇੰਦ੍ਰ ਤੋਂ ਭਾਂਜ ਖਾਧੀ ਕੂੰਈ ਬਾਜ ਨੂੰ ਭੀ ਅਗੇ ਲਾਂਵਦਾਈ। ਬਾਂਮਨ ਨਸੇ ਕਸਾਈ ਦੇ

ਸੰਗ ਕੋਲੋਂ ਪੈਸਾ ਜੂਏ ਅਗੇ ਨਸ ਜਾਂਵਦਾਈ। ਬਬਰੂ ਬਾਹਨ ਤੋਂ ਕੈਰਵ ਤੇ ਪਾਂਡਵ ਨਸੇ ਪਾਪ ਰਾਮ ਦੇ ਨਾਮ ਤੇ ਧਾਂਵਦਾਈ। ਨਸੇ ਸੰਤ ਚੰਡਾਲ ਦੇ ਗ੍ਰਾਮ ਪਾਸੋਂ ਤੁਆਮ ਭੁਖ ਨੂੰ ਖੂਬ ਭਜਾਂਵਦਾਈ। ਗਊ ਘਾਤ ਕੋਲੋਂ ਹਿੰਦੂ ਨਸ ਜਾਂਦੇ ਸੂਰਾ ਕਾਇਰ ਨੂੰ ਠੀਕ ਨਸਾਂਵਦਾਈ। ਮਾਸ ਮਦ੍ਰਾ ਤੋਂ ਨਸਦਾ ਵੈਸ਼ਨੋ ਜੋ ਭਲਾ ਲੋਕ ਅਲਜਾਮ ਤੇ ਧਾਂਵ ਦਾਈ। ਪਾਪ ਕਰਨ ਤੋਂ ਧਰਮੀ ਨਸ ਜਾਂਦਾ ਰਵ ਬਰਫ ਨੂੰ ਝੱਟ ਉਡਾਂਵਦਾਈ। ਨਸਨ ਮੋਮਨ ਜਿਉਂ ਸੂਰ ਹਰਾਮ ਕੋਲੋਂ ਰੋਗ ਨਸ ਜਾਂਦਾ ਬੂਟੀ ਖਾਂਵਦਾਈ। ਭੈਰੋਂ ਨਸ ਦਾ ਜਿਵੇਂ ਮਹਾਂਬੀਰ ਕੋਲੋਂ ਸੁਗ੍ਰੀਵ ਬਾਲੀ ਤੋਂ ਨਸਿਆ ਜਾਂਵਦਾਈ। ਕਾਫਰ ਨਸੇ ਕੁਰਾਨ ਕਲਾਮ ਕੋਲੋਂ ਪਾਪੀ ਗੁਰੂ ਦੇ ਸ਼ਬਦ ਨਾਂ ਗਾਂਵਦਾਈ। ਕੰਸ ਨਸਿਆ ਕ੍ਰਿਸ਼ਨ ਦੇ ਬਾਨ ਕੋਲੋਂ ਰਾਵਨ ਰਾਮ ਦੇ ਬਾਨ ਤੋਂ ਧਾਂਵਦਾਈ। ਭੌਰਾ ਨਸਿਆ ਭੂੰਡ ਦੇ ਸੰਗ ਕੋਲੋਂ ਹੰਸ ਕਾਗ ਦਾ ਸੰਗ ਨਾ ਚਾਂਵਦਾਈ। ਲੋਗ ਨਸਦੇ ਜਿਵੇਂ ਪਲੇਗ ਕੋਲੋਂ ਸੁਭਾ ਸ਼ਾਮ ਕੋਲੋਂ ਨਸ ਜਾਂਵਦਾਈ। ਖੁਸ਼ਕੀ ਨਸਦੀ ਰੋਗਨ ਬਿਦਾਮ ਅਗੇ ਸ਼ਰਬਤ ਸੰਦਲ ਦਾ ਗਮੀ ਨਸਾਂਵਦਾਈ। ਸ੍ਰੀ ਗੁਰੂ ਨਾਨਕ ਤੋਂ ਨਸਿਆ ਗੁਰੂ ਗੋਰਖ ਸ਼ੇਰ ਉਸੇ ਤਰਾਂ ਨਸਿਆ ਜਾਂਵਦਾਈ। ਲਫਟੰਟ ਟੇਕ ਸਿੰਘ ਲਾਟ ਦੇ ਸ਼ੇਰ ਅਗੇ ਪਿੱਠ ਦੇਕੇ ਭਜਿਆ ਜਾਂਵਦਾਈ। ਸ਼ੇਰ ਅਟ ਕਿਆ ਇਕ ਨਾ ਮਿੰਟ ਓਥੇ ਕਾਇਰ ਹੋਇਕੇ ਭਾਜ ਹੀ

ਖਾਂਵਦਾਈ। ਬੂਟਾ ਸਿੰਘ ਕਹੇ ਕਾਲ ਦੇ ਜੱਗ ਅਗੇ ਰਾਵ ਰੰਕ ਕੁਲ ਨਸਿਆ ਜਾਂਵਦਾਈ।

ਲਾਟ ਨੇ ਸ਼ੇਰ ਕੋ ਮਾਰਨੇ ਜਾਨਾ ਸਮੀਪ

ਹੱਥ ਖੰਡੇ ਨੂੰ ਪਕੜ ਕੇ ਲਾਟ ਜੀਨੇ ਅਗੋਂ ਹੋਇਕੇ ਸ਼ੇਰ ਨੂੰ ਘੇਰਿਆਈ। ਭੱਜੇ ਜਾਂਵਦੇ ਸ਼ੇਰ ਨੂੰ ਵੇਖਕੇ ਤੇ ਘੋੜਾ ਅਗੋਂ ਦੀ ਜਾਇਕੇ ਫੇਰਿਆਈ । ਆਯਾ ਸੂਰਮੇ ਹੱਥਕ੍ਰਿਪਾਨ ਖੰਡਾ ਬਾਜੂ ਸ਼ੇਰ ਦੇ ਨੂੰ ਹੱਥ ਗੇਰਿਆਈ।ਖੌਫ ਮੌਤ ਦਾ ਸੂਰਮੇ ਤਜਾਗ ਦਿਤਾ ਮਾਰਨ ਮਰਨ ਤੋਂ ਰਤੀ ਨਾਂ ਠੈਰਿਆਈ। ਮਦਦ ਜਿਨਾਂ ਦੀ ਕਲਗੀਧਰ ਗੁਰੂ ਸਚਾ ਓਹ ਕੀ ਜਾਨਦੇ ਸ਼ੇਰ ਬਘੇਰਿਆਈ। ਸ਼ੇਰ ਭਜਿਆ ਬਾਜੂ ਛੁਡਾਇਕੇ ਤੇ ਚੀਕਾਂ ਮਾਰੀਆਂ ਪਾਸਾ ਨਾਂ ਫੇਰਿਆਈ । ਪੌਣ ਵਾਂਗ ਤੁਰੰਗ ਸੀ ਲਾਟ ਵਾਲਾ ਝਟਾ ਝਟ ਫਿਰ ਸ਼ੇਰ ਨੂੰ ਹੇਰਿਆਈ। ਬੂਟਾ ਸਿੰਘ ਕਹੇ ਜਿਨਾਂ ਤੇ ਰਬ ਰਾਜੀ ਕੰਮ ਉਹਨਾਂ ਦੇ ਹੋਣ ਚੰਗੇਰਿਆਈ।

ਲਾਟ ਟੇਕ ਸਿੰਘ ਜੀ ਨੇ ਬੋਲੀ ਮਾਰਕੇ ਸ਼ੇਰ ਕੋ ਰੋਕਨਾ

ਲਾਟ ਟੇਕ ਸਿੰਘ ਸ਼ੇਰ ਨੂੰ ਮਾਰ ਤਾਨਾ ਆਖੇ ਸ਼ੇਰਾਂ ਨੇ ਭਾਂਜ ਫਿਰ ਖਾਵਨੀ ਕੀ।ਛਤ੍ਰੀ ਹੋਇਕੇ ਸ਼ਸਤ੍ਰ ਤਿਯਾਗਦੇਵੇ ਦਸੋ ਓਸਨੇ ਜਿਤ ਫਿਰ ਪਾਵਨੀ ਕੀ। ਵੈਸ਼ ਹੋਇ ਜੋ ਨਹੀ ਬਿਉਪਾਰ ਕਰਦਾ ਖਟੋ ਓਸਨੇ ਖਟਕੇ ਖਾਵਨੀ ਕੀ।ਸ਼ੇਰ ਨਾਮ ਰਖਾਨ ਦੀ ਲੋੜ ਕੀਸੀ ਲੀਕ ਵਡਿਆਂਤਾਂਈ ਲੁਆ ਵਨੀ ਕੀ। ਸ਼ੇਰ ਨਹੀਂ ਤੂੰ ਠੀਕ ਕੋਈ ਹੈਂ ਚੀਤਾ ਪਿਠ

ਦੇਕੇ ਕਦਰ ਗਵਾਵਨੀ ਕੀ।ਜੇਕਰ ਦੀਵਿਆਂ ਗੈਸ ਨੂੰ ਮਾਤ ਕੀਤਾ ਕਦਰ ਗੈਸ ਦੀ ਕਿਸੇ ਨੇ ਪਾਵਨੀ ਕੀ। ਸ਼ੇਰ ਨਹੀਂ ਤੂੰ ਗਿਦੜ ਹੈ ਜਾਨਿਆ ਮੈਂ ਨੱਚੇ ਲੰਡੀਂ ਤਾਂ ਸਭਾ ਰਿਝਾਂਵਨੀ ਕੀ। ਜੇਕਰ ਜਾਣਿਆਂ ਮਿਰਤ ਜਰੂਰ ਹੋਣਾ ਲੁਕ ਛਿਪ ਕੇ ਉਮਰ ਬਿਤਾਵਨੀ ਕੀ । ਡੁਬ ਜਾਵੇ ਜੇ ਨੌਕਾ ਹਾਇ ਕਾਠ ਵਾਲੀ ਬੇੜੀ ਕਾਗਜ਼ਾਂ ਦੀ ਪਾਰ ਜਾਂਵਨੀ ਕੀ। ਠੀਕ ਠੀਕ ਯਾ ਰਿਛ ਲੰਗੂਰ ਹੈਂ ਤੂੰ ਦੇਹੀ ਬੰਦਿਆਂ ਦੀ ਤੈਨੇ ਖਾਂਵਨੀ ਕੀ। ਹੋਸੇਂ ਸ਼ੇਰ ਤਾਂ ਪਿਛੇ ਨੂੰ ਪਰਤ ਪੈਸੇਂ ਹੋਸੇਂ ਲੂਮੜੀ ਤਾਂ ਠੈਰ ਜਾਵਨੀ ਕੀ। ਬੂਟਾ ਸਿੰਘ ਕਹੇ ਲਾਟ ਲਲਕਾਰ ਬੋਲੇ ਨਾਰੀ ਨਰਾਂ ਦੇ ਨਾਲ ਲੜਾਵਨੀ ਕੀ।

ਸ਼ੇਰ ਕੀ ਦਿਲ ਸੇ ਦਲੀਲ ਵਾਕ ਕਵੀ

ਸ਼ੇਰ ਸੋਚਿਆ ਆਪਨੇ ਚਿਤ ਅੰਦਰ ਵਾਰ ਵਾਰ ਇਹ ਪਿਆ ਲਲਕਾਰਦਾਏ। ਪਿਛੇ ਮੇਰੇ ਏਹ ਘੋੜਾ ਦੁੜਾਂਵਦਾ ਹੈ ਮਗਰਾ ਏਸ ਕੀਤਾ ਗੁਨਹਗਾਰਦਾ ਏ। ਕਿਸੇ ਵੇਲੇ ਦਾ ਬੋਲਿਆ ਪੇਸ਼ ਆਯਾ ਨਿਆਉਂ ਸਚਾ ਉਸ ਮੌਲਾ ਗੁਫਾਰ ਦਾਏ। ਕੁਫਰ ਬੋਲਿਆ ਵਿਚ ਤਕੱਬਰੀ ਦੇ ਕਾਫਰ ਦਿਲ ਏਹ ਕਿਸੇ ਕਹਾਰਦਾਏ। ਭਜਿਆਂ ਏਸਨੇ ਮੈਨੂੰ ਨਾਂ ਜਾਣ ਦੇਣਾ ਭਾਣਾ ਵਰਤਸੀ ਉਸ ਗੁਫਤਾਰਦਾਏ। ਜੁਧ ਵਿਚ ਮਰਸੀ ਸੋਈ ਮੁਕਤ ਹੋਸੀ ਦਸਵਾਂ ਪਾਤਸ਼ਾਹ ਆਪ ਪੁਕਾਰਦਾਏ। ਸਨਮੁਖ ਹੋਇਕੇ ਏਸਦੇ ਲੜੋ ਏਥੇ ਭਾਣਾ

ਹੋਸੀ ਜੋ ਓਸ ਕਰਤਾਰਦਾਏ । ਬੰਦ ਬੰਦ ਕਟਾਵਾਂ ਨਾ ਹਟਾਂ ਪਿਛੇ ਪਕੀ ਸ਼ੇਰ ਇਹ ਚਿਤ ਮੈਂ ਧਾਰਦਾਏ । ਛਤ੍ਰੀ ਹੋਇਕੇ ਨਸੇ ਜੋ ਮੌਤ ਕੋਲੋਂ ਕਾਲਾ ਮੂੰਹ ਪ੍ਰਲੋਕ ਪਧਾਰ ਦਾਏ। ਸੂਰੇ ਸ਼ੇਰ ਨਾਂ ਨਸਦੇ ਮੌਤ ਪਾਸੋਂ ਬਾਰ ਬਾਰ ਏਹ ਵੇਦ ਪੁਕਾਰਦਾਏ ! ਸ਼ੇਰ ਸਮਝਿਆ ਮਾਰਾਂ ਜੇ ਲਾਟ ਨੂੰ ਮੈਂ ਰਾਜਾ ਬਨ ਗਿਆ ਮੈਂ ਇਸ ਬਾਰਦਾਏ। ਕੋਈ ਔਸੀ ਨਾਂ ਮੇਰੀ ਇਸ ਹੱਦ ਅੰਦਰ ਮੇਰਾ ਜਸ ਸੰਸਾਰ ਪੁਕਾਰ ਦਾਏ। ਕੁਝ ਹੋਰ ਜੇ ਜੀਵਾਂ ਨੂੰ ਦੁਖ ਦਿਤਾ ਏਹ ਭੀ ਪਾਪ ਵਾਲਾ ਬੋਝਾ ਭਾਰਦਾਏ । ਏਹ ਦੇਹ ਮਿਥਿਆ ਨਹੀਂ ਸਤ ਵਸਤੂ ਕਲਗੀਧਰ ਏਹ ਵਾਕ ਉਚਾਰਦਾਏ । ਫਰੌਨ ਇਮਦਾਦ ਸਦਾਦ ਨਾਂ ਜੱਗ ਉਤੇ ਚਾਲੀ ਗੰਜ ਕਾਰੂ ਕਿਉਂ ਧਾਰਦਾਏ। ਦੰਤ ਬਕ੍ਰ ਸਿਸਪਾਲ ਤੇ ਰਾਵਨ ਜੇਹੇ ਅਗੇ ਕਾਲ ਦੇ ਕੋਈ ਨਾ ਠਾਰਦਾਏ। ਸ਼ਾਹਾਦਾਰਾ ਸਿਕੰਦ੍ਰ ਮਹਿਮੂਦ ਆਯਾ ਬੇੜਾ ਕੁਲ ਦਿਸੇ ਸ਼ੈਹਰੋਂ ਬਾਹਰਦਾਏ । ਈਸਾ ਮੂਸਾ ਤੇ ਰੁਸਤਮ ਯਾ ਅਲੀ ਜੇਹੇ ਗਾਹਕ ਆਯਾ ਏਥੇ ਹੈਗਾ ਪਾਰਦਾਏ । ਰਾਮ ਕ੍ਰਿਸ਼ਨ ਸਾਰੇ ਸੌਦਾ ਲੈਨ ਆਏ ਗਾਹਕ ਹੋਰਸੇ ਸ਼ੈਹਰ ਬਜਾਰਦਾਏ। ਰੈਹਨਾ ਕਿਸੇ ਨੇ ਜਗ ਦੇ ਵਿਚ ਨਾਹੀਂ ਗੁਰੂ ਨਾਨਕ ਜੀ ਏਹੋ ਉਚਾਰ ਦਾਏ। ਵਾਂਗ ਕੀਮੀਏ ਹੋਵੇ ਸਰੀਰ ਸਾਡਾ ਸੀ ਸੂਰਮਾਂ ਨਹੀਂ ਉਚਾਰਦਾਏ। ਸ਼ੇਰ ਖੜਾ ਹੋ ਲਾਟ ਨੂੰ ਗਰਜਿਆ ਜੇ ਬੋਲ ਮੁਖ ਤੋਂ ਖੂਬ ਪੁਕਾਰਦਾਏ।ਨਸ ਜਾਵਨਾ ਕੰਮ ਹੈ

ਕਾਇਰਾਂ ਦਾ ਆਖੇ ਨੱਸਾਂ ਨਾ ਹੱਥ ਉਲਾਰਦਾਇ। ਨੱਸੇ ਹੁਣ ਸੋ ਬੀਜ ਹਰਾਮ ਦਾ ਹੈ ਨਾਲੇ ਗੱਜਕੇ ਸ਼ੇਰ ਲਲਕਾਰਦਾਇ। ਬੂਟਾ ਸਿੰਘ ਕਹੇ ਰੱਬ ਵਿਸਾਰ ਕੇ ਤੇ ਆਨ ਜਾਨ ਦੇ ਦੁਖ ਸਹਾਰਦਾਇ।

## ਵਾਕ ਸ਼ੇਰ ਲਾਟ ਪ੍ਰਤਿ

ਸ਼ੇਰ ਆਖਦਾ ਪਿਛਾਂ ਨਾ ਪੈਰ ਪੱਟਾਂ ਤੈਨੂੰ ਮਾਰ ਮੈਂ ਕਰਾਂ ਫਰਾਰ ਲਾਟਾ। ਯਾ ਤੂੰ ਮੇਰੇ ਪੇਟੇ ਯਾ ਮੈਂ ਤੇਰੇ ਪੇਟੇ ਮੇਰੀ ਗਲ ਤੇ ਕਰੀਂ ਇਤਬਾਰ ਲਾਟਾ। ਅਗੇ ਭਜਿਆ ਹੁਣ ਨਾ ਮੂਲ ਭਜਾਂ ਚਾਹੇ ਮਾਰ ਦੇ ਨਾਲ ਕਟਾਰ ਲਾਟਾ। ਚੰਦ ਚੜ੍ਹੇ ਹਨੇਰੇ ਨੇ ਨਸ਼ ਜਾਨਾ ਸੂਰਜ ਚੜ੍ਹਦਿਆਂ ਤਾਰੇ ਫਰਾਰ ਲਾਟਾ। ਨਿਉਲ ਸਾਮ੍ਹਣੇ ਸੱਪ ਨਾ ਠੈਹਰਨਾਏਂ ਤਿਵੇਂ ਨਸੇਂਗਾ ਅਜ ਤੂੰ ਹਾਰ ਲਾਟਾ। ਦੀਵੇ ਉਤੇ ਪਤੰਗ ਜਰੂਰ ਮਰਸੀ ਤਿਵੇਂ ਖੜਾ ਮੈਂ ਪੈਰ ਪਸਾਰ ਲਾਟਾ। ਢੰਗੇ ਘਤਿਆਂ ਬਲਦ ਨਾ ਦੁਧ ਦੇਂਦੇ ਗਊ ਖੇਤੀ ਨਾ ਵਾਹਵੇ ਸਰਦਾਰ ਲਾਟਾ। ਕੋਲੇ ਚਿਟੇ ਨਾ ਹੋਣ ਸਬੂਨ ਲਾਯਾਂ ਰੂੰਈ ਵਿਚ ਨਾ ਬੁਝੇ ਅੰਗਿਆਰ ਲਾਟਾ। ਦੁਧ ਬਾਝ ਨਾ ਖੀਰ ਨੇ ਰਿੱਝਨਾਂਏ ਮੂਤ ਵਿਚ ਨਾ ਮੱਛੀਆਂ ਮਾਰ ਲਾਟਾ। ਪਾਣੀ ਪਾਇਆਂ ਦੀਵੇ ਨਾ ਕਦੇ ਜਗਦੇ ਕਾਗ ਹੰਸ ਨਾ ਹੋਣ ਵਿਚਾਰ ਲਾਟਾ। ਗਧੇ ਗਊ ਦੇ ਰੂਪ ਨੂੰ ਧਾਰਨਾ ਕੀ ਲੇਲਾ ਭੇਡ ਦਾ ਉੱਠ ਨਾ ਯਾਰ ਲਾਟਾ। ਬਾਝ ਮੇਘ ਪਪੀਹਾ ਪ੍ਰਸੰਨ ਨਾਹੀਂ ਵਗੇ ਲਖ ਸਮੁੰਦਰ

ਦੀ ਧਾਰ ਲਾਟਾ। ਅੰਧੀ ਸਾਮਨੇ ਦੀਵਿਆਂ ਠੈਹਰਨਾ ਕੀ ਤਿਵੇਂ ਭਜੇਂ ਤੂੰ ਹੋਇ ਲਾਚਾਰ ਲਾਟਾ। ਅੰਨੇ ਹੋਣਾ ਸੁਜਾਖੇ ਦਾ ਰੂਪ ਨਾਹੀਂ ਗੈਸ ਸੂਰਜ ਲਈ ਲਖ ਹਜਾਰ ਲਾਟਾ। ਸਿੱਧੀ ਹੋਵੇ ਨਾ ਕੁੱਤੇ ਦੀ ਪੂਛ ਬਾਵਾ ਗਲੇ ਪੱਥਰ ਨਾ ਸਿੰਧ ਮਝਾਰ ਲਾਟਾ। ਗੂੰਗੇ ਗਾਇਨ ਕੀ ਸਭਾ ਦੇ ਵਿਚ ਕਰਨਾਬੋਲੇ ਸੁਨਣਾ ਕੀ ਹੋ ਹੁਸ਼ਿਆਰਲਾਟਾ।ਕਾਜੀਮੰਦਰ ਮੇਂ ਸੰਖ ਬਜਾਵਨਾ ਕੀ ਖੁਸ਼ੀ ਸਮੇ ਨਾ ਹੋਵੇ ਸੰਸਾਰ ਲਾਟਾ। ਮੋਤੀ ਛਡਕੇ ਹੰਸ ਨਾ ਦਾਲ ਖਾਂਦੇ ਸਾਡਾ ਕੰਮ ਹੈ ਕਰੀਏ ਸ਼ਿਕਾਰ ਲਾਟਾ। ਦਸ ਖੁਸਰੇ ਪੁਤ੍ਰ ਖਿਡਾਵਨਾ ਕੀ ਪਿੰਗਲੇ ਹੋਣਾ ਕੀ ਪਰਬਤੋਂ ਪਾਰ ਲਾਟਾ। ਸੱਪ ਜੀਂਵਦੇ ਮਨੀ ਤਿਆਗਨੀ ਕੀ ਮੱਛੀ ਡੁਬੇ ਨਾ ਨੀਰ ਮਝਾਰ ਲਾਟਾ। ਦੇਣ ਮਿਸ਼ਰ ਨਾ ਬਾਂਗ ਮਸੀਤ ਜਾਕੇ ਤਿਵੇਂ ਭਜਨਾ ਅਜ ਲਾਚਾਰ ਲਾਟਾ। ਸ਼ੇਰ ਆਖਦਾ ਹੁਣ ਨਾ ਮੂਲ ਭਜਾਂ ਮੇਰਾ ਪ੍ਰਣ ਹੋਯਾ ਵਾਰ ਵਾਰ ਲਾਟਾ। ਬੂਟਾ ਸਿੰਘ ਕਹੇ ਸ਼ੇਰ ਹੁਣ ਨਸਦਾ ਨਾ ਸਚ ਸਚ ਤੂੰ ਲਈਂ ਵਿਚਾਰ ਲਾਟਾ।

### ਲਾਟ ਕੀ ਅਪਨੇ ਮਨ ਮੇਂ ਵਿਚਾਰ ਕਰਨੀ

ਲਾਟ ਸੋਚਿਆ ਅਪਨੇ ਚਿਤ ਅੰਦਰ ਹੁਣ ਸ਼ੇਰ ਨੇ ਪੈਰ ਨਾ ਪਟਨਾਏ। ਜੇਕਰ ਸ਼ੇਰ ਅਗੇ ਅਜ ਨੱਸ ਜਾਵਾਂ ਨਾਮ ਲਾਟ ਵਾਲਾ ਮੇਰਾ ਹਟਨਾਏ। ਫੌਜ ਲਾ ਰਹੀ ਜੋਰ ਨਾ ਮੁੜ ਮੰਨੀ ਪਾਸਾ ਯੁਧ ਤੋਂ ਹੁਣ ਕੀ ਵਟਨਾਏ। ਦਾਵਾ ਛਡ ਜਹਾਨ ਦਾ ਮੌਤ ਮੰਡੀ ਅਸਾਂ ਸੂਰਿਆਂ ਦਿਲ ਕੀ

ਘਟਨਾਏ। ਕਲਗੀ ਵਾਲੜਾ ਗੁਰੂ ਹੈ ਵਲ ਮੇਰੀ ਮਨਾ ਸ਼ੇਰ ਨੇ ਅਜ ਕੀ ਖਟਨਾਏ। ਸ਼ੇਰ ਨਾਲ ਤੂੰ ਲੜ ਹੁਸ਼ਿਆਰ ਹੋਕੇ ਆਖਰ ਕਾਲ ਕਸਾਈ ਨੇ ਕਟਨਾਏ । ਡਰੇਂ ਕਾਸ ਨੂੰ ਕੁਲ ਜਹਾਨ ਜਾਸੀ ਬੂਟਾ ਜਗ ਤੋਂ ਕੁਲ ਨੇ ਪਟਨਾਏ। ਏਹ ਜੇ ਸ਼ੇਰ ਤੇ ਸੂਰਮਾ ਨਾਮ ਤੇਰਾ ਫੜਕੇ ਖੰਡਾ ਤੇ ਪਿਛੇਂ ਕਿਉਂ ਹਟਨਾਏਂ। ਜੇਕਰ ਜਾਨਿਆ ਮਿਰਤ ਜਰੂਰ ਹੋਸੀ ਹੋਣਹਾਰ ਤੋਂ ਕਾਸਨੂੰ ਨਟਨਾਏ। ਕਲਗੀਧਰ ਜੀ ਆਪ ਸਹਾਇ ਤੇਰੀ ਫਿਕਰ ਗਮ ਨੂੰ ਅਜੇ ਨਾ ਸਟ ਨਾਏ। ਵਾਰ ਵਾਰ ਏਹ ਚਿਤ ਨੂੰ ਕਰੇ ਤਕੜਾ ਛਤ੍ਰੀ ਹੋਇਕੇ ਅਗੇ ਨਾ ਡਟਨਾਏ। ਸਮਝ ਸੋਚ ਤੂੰ ਆਪਨੇ ਮਨ ਅੰਦਰ ਚੋਲਾ ਦੇਹ ਮਲ ਮੂਤ ਦਾ ਫਟਨਾਏ । ਕੰਮ ਕੀ- ਤਿਆਂ ਕੁਲ ਪਿਆਰ ਕਰਦੇ ਫੋਕੀ ਦੇਹਨੂੰ ਕਿਸੇ ਨਾ ਚਟ ਨਾਏ। ਮਾਰ ਸ਼ੇਰ ਨੂੰ ਕਰਤੂੰ ਅਠ ਟੋਟੇ ਇਕ ਰੋਜ ਜਹਾਨ ਤੋਂ ਰਟਨਾਏ। ਕਾਹਦੇ ਵਾਸਤੇ ਡੇਰੀਆਂ ਲਾਵਨਾਏਂ ਮਨਾ ਸ਼ੇਰ ਨੂੰ ਕਿਉਂ ਨਹੀਂ ਕਟਨਾਏ। ਬੂਟਾ ਸਿੰਘ ਕਹੇ ਸ਼ੇਰ ਤਾਂ ਨਸ ਦਾ ਨਾ ਹੁਣ ਲਾਟ ਨੇ ਭੀ ਨਹੀਂ ਹਟਨਾਏ।

### ਲਾਟ ਨੇ ਸ਼ੇਰ ਕੋ ਮਾਰਨਾ

ਆਯਾ ਗਰਜਦਾ ਸ਼ੇਰ ਸੀ ਚੱਕ ਪੰਜੇ ਜਾਣੋਂ ਲਾਟ ਨੂੰ ਅਜ ਏਹ ਪਾੜਦਾਈ। ਅਗੋਂ ਲਾਟ ਭੀ ਦਾਉ ਬਚਾਇਕੇ ਤੇ ਮੁਖੋਂ ਕ੍ਰੋਧ ਸੇ ਝਟ ਕਿਲਕਾਰਦਾਈ। ਅਖਾਂ ਲਾਲ ਤੇ ਕ੍ਰੋਧ ਦੇ ਨਾਲ ਭਰਿਆ ਜਾਣੋਂ ਖੰਡੇ ਸੇ ਸ਼ੇਰ ਨੂੰ ਮਾਰ

ਦਾਈ। ਮਥਾ ਕ੍ਰੋਧ ਦੇ ਜੋਸ਼ ਅੰਗਿਆਰ ਕੀਤਾ ਲਾਟ ਸ਼ੇਰ ਨੂੰ ਅਜ ਨਿਘਾਰਦਾਈ। ਅਗੋਂ ਸ਼ੇਰ ਭੀ ਕੜਕਦਾ ਵਾਂਗ ਬਿਜਲੀ ਜਾਣੋ ਲਾਟ ਵਾਲਾ ਗੁਲਾ ਰਾੜਦਾਈ। ਗੋਲੇ ਤੋਪ ਬੰਦੂਕ ਦਾ ਖੜਕ ਏਕੂੰ ਜਿਵੇਂ ਕੜਕ ਬਦਲ ਪਿੰਡ ਸਾੜਦਾਈ। ਜਿਵੇਂ ਹੋਏ ਬਰੂਦ ਨੂੰ ਅੱਗ ਲਗੀ ਤਿਵੇਂ ਖੜਕ ਆਵੇ ਏਸ ਬਾਰਦਾਈ। ਸ਼ੇਰ ਗੜਕਦਾ ਸਬਰ ਨਾ ਮਿੰਟ ਕਰਦਾ ਕ੍ਰੋਧ ਕ੍ਰੋਧ ਸੇ ਪੰਜਾ ਉਲਾਰਦਾਈ। ਸੱਜਾ ਚਕੇ ਪੰਜਾ ਖੱਬਾ ਮਾਰ ਦੇਂਦਾ ਸ਼ੇਰ ਮਸਤਿਆ ਕਿਸੇ ਕਹਾਰਦਾਈ। ਅਗੋਂ ਲਾਟ ਨੂੰ ਚੰੜਿਆ ਪੂਰੇ ਮੁਰਸ਼ਦ ਦੋਹਾਂ ਪੰਜਿਆਂ ਨੂੰ ਹੱਥ ਡਾਰਦਾਈ। ਦੋਵੇਂ ਪਕੜ ਪੰਜੇ ਸਿਰ ਤੇ ਲਾਟ ਰਖੇ ਨਾਲੇ ਖੰਡੇ ਨੂੰ ਖੂਬ ਸਵਾਰਦਾਈ। ਅਗੋਂ ਸ਼ੇਰ ਸੁਜਾਨ ਚਲਾਕ ਭਾਰਾ ਦਾਉ ਆਪਨਾ ਆਪ ਸੰਭਾਰਦਾਈ। ਗੇੜਾ ਬੰਨਿਆ ਸ਼ੇਰ ਨੇ ਲਾਟ ਦੁਆਲੇ ਇਕ ਮਿੰਟ ਨਾ ਸ਼ੇਰ ਭੀ ਠਾਹਰਦਾਈ। ਘਮਸਾਨ ਦੋਹਾਂ ਦਾ ਹੱਦੋਂ ਬੇਹੱਦ ਹੋਯਾ ਜਾਣੋ ਆਇਆ ਘੁਲਾਟੀਆ ਸ਼ਾਹਰਦਾਈ। ਕਿਕਰ ਸਿੰਘ ਤੇ ਲੜਨ ਗੁਲਾਮ ਲਗੇ ਕੇਹੜਾ ਜਿਤਦਾ ਤੇ ਕੇਹੜਾ ਹਾਰਦਾਈ। ਕੈਰਵ ਪਾਂਡਵ ਨੇ ਏਥੇ ਅਜ ਜੁਧ ਕਰਦੇ ਪਤਾ ਲਗੇ ਨਾ ਪਾਰ ਉਰਾਰ ਦਾਈ। ਜਾਣੋ ਜਰਮਣ ਤੇ ਬ੍ਰਿਟਸ਼ ਦਾ ਜੁਧ ਹੋਯਾ ਕੌਣ ਜਿਤਦਾ ਤੇ ਕੌਣ ਹਾਰਦਾਈ। ਜਰਮਨ ਸ਼ੇਰ ਨੇ ਏਥੇ ਅਜ ਹਾਰ ਜਾਨਾ ਬ੍ਰਿਟਸ਼ ਲਾਟ ਹੁਣ ਜਿਤ ਨੂੰ ਧਾਰਦਾਈ।

ਫੌਜ ਭਾਲਦੀ ਫਿਰੇ ਕੁਲ ਲਾਟ ਤਾਂਈ ਰਣਜੀਤ ਸਿੰਘ ਵੀ ਨਾਲ ਪਧਾਰਦਾਈ। ਰਣਜੀਤ ਸਿੰਘ ਮਹਾਰਾਜ ਤੇ ਫੌਜ ਭਾਲੇ ਪਤਾ ਲਗੇ ਨਾ ਲਾਟ ਸਰਦਾਰਦਾਈ। ਆਨ ਵੇਖਨ ਤੇ ਸ਼ੇਰ ਤੇ ਲਾਟ ਲੜਦੇ ਕੰਬੇ ਕੁਲਫੌਜੀ ਸਰਕਾਰ ਦਾਈ। ਵਿਚ ਤੰਬਿਆਂ ਦੇ ਦਸਤ ਨਿਕਲ ਜਾਂਦੇ ਕਾਇਰ ਦਿਲ ਨਾ ਕਿਸੇ ਦਾ ਠਾਹਰਦਾਈ। ਫੌਜੀ ਡਰਕੇ ਡੇਰੇ ਦੀ ਵਲ ਭਜੇ ਕੌਣ ਸ਼ੇਰ ਦਾ ਤੇਜ ਸਹਾਰਦਾਈ। ਵੇਖੇ ਆਪ ਰਣਜੀਤਸਿੰਘ ਨਾਲ ਅਖਾਂ ਸ਼ੇਰ ਮਸਤ ਲੜਦਾ ਏਸਬਾਰ ਦਾ ਈ।ਸ਼ੇਰ ਕੜਕਿਆ ਗੜਕਿਆ ਬੜਕਿਆ ਜੇ ਖੂੰਨ ਲਾਟਦਾ ਪੀਣਾਂ ਪੁਕਾਰਦਾਈ। ਸ਼ੇਰ ਆਖਦਾਹੈ ਮੇਰੇ ਅਗੇ ਲਾਟਾ ਬਲੀ ਸੂਰਾ ਵੀ ਕੋਈ ਨਾ ਠਾਹਰਦਾਈ। ਲਖਾਂ ਸੂਰਮੇ ਜਿੰਨ ਤੇ ਦੈਂਤ ਮਾਰੇ ਲੜੇ ਨਾਲ ਮੇਰੇ ਸੋਈ ਹਾਰ ਦਾਈ। ਰਣਜੀਤ ਸਿੰਘ ਦੁਰਬਚਨ ਸੁਨ ਸ਼ੇਰ ਵਾਲੇ ਮੂੰਹ ਬੰਦ ਨਾ ਵਾਕ ਉਚਾਰਦਾਈ। ਜਰਮਨ ਬ੍ਰਿਟਸ਼ ਦੀ ਹੋਣ ਲੜਾਈ ਲਗੀ ਕੀ ਰਜਵਾੜਾ ਕੋਈ ਟੰਗ ਪਸਾਰਦਾਈ। ਸੂਲਹਾ ਸਫਾਈ ਰਜਵਾੜਿਆਂ ਕੀ ਕਰਨੀ ਆਪੋ ਅਪਨਾ ਫਿਕਰ ਗੁਜਾਰਦਾਈ। ਏਸੇ ਤਰਾਂ ਰਣਜੀਤ ਸਿੰਘ ਚੁਪ ਹੋਗਏ ਉਤ੍ਰ ਸ਼ੇਰ ਨੂੰ ਨਹੀਂ ਉਚਾਰਦਾਈ।ਰਣਜੀਤ ਸਿੰਘ ਨੂੰ ਆਪਦਾ ਫਿਕਰ ਹੋਯਾ ਵਿਚਾਰ ਆਪ ਦੀ ਪਿਆ ਵਿਚਾਰਦਾਈ। ਏਥੋਂ ਅਪਨਾ ਆਪ ਸਮ੍ਹਾਲ ਜਾਈਏ ਬਿਨਾ ਤੇਗ ਸੂਰਾ ਕਿਸ ਕਾਰਦਾਈ। ਇਕ ਟੀਲੇ ਤੇ ਚੜ

ਰਣਜੀਤਸਿੰਘਜੀ ਮੁਖੋਂ ਲਾਟਨੂੰ ਪਿਆ ਲਲਕਾਰਦਾਈ। ਸ਼ੇਰ ਰੋਕਿਆ ਰਹੇ ਨਾ ਮੂਲ ਲੋਕੋ ਗੜਕ ਬੜਕਕੇ ਵਾਕ ਉਚਾਰਦਾਈ। ਬੋਲੇ ਸ਼ੇਰ ਨੂੰ ਕੜਕ ਕੇ ਲਾਟ ਸਾਹਿਬਮੈਂ ਭੀ ਕਿਸੇ ਤੋਂ ਕਦੀ ਨਾ ਹਾਰਦਾਈ। ਜਰਮਨ ਰੂਸ ਫਰਾਂਸ ਤੇ ਰੂਮ ਸ਼ੇਰਾ ਪਾਸਾ ਛਡਿਆ ਨਹੀਂ ਕੰਧਾਰਦਾਈ। ਕੁਲ ਦੁਨੀਆਂ ਨੂੰ ਮੁਝ ਨੇ ਫਤੇ ਕੀਤਾ ਪਾਸਾ ਛਡਿਆ ਨਾ ਦਿਸ਼ਾ ਚਾਰਦਾਈ। ਆਖਰ ਸੁਭਾ ਤੋਂ ਸ਼ਾਮ ਦਾ ਵਕਤ ਹੋਯਾ ਸ਼ੇਰ ਹਾਰਿਆ ਲਾਟ ਨਾ ਹਾਰਦਾਈ। ਆਖਰ ਸ਼ੇਰ ਦੇ ਪੇਟ ਮੇਂ ਲਾਟ ਜੀਨੇ ਖੰਡਾ ਝਟ ਵਾਹਣਾ ਜੇਹੜਾ ਸਾਰ ਦਾਈ। ਸਤਨਾਮ ਕੈਹਕੇ ਮੁਖੋਂ ਵਾਹਜ਼ਾ ਖੰਡਾ ਕਲਗੀਧਰ ਨੂੰ ਨਾਲੇ ਚਿਤਾਰਦਾ ਈ। ਗੂਚ ਗੂਚ ਕਰਕੇ ਖੰਡਾ ਪਾਰ ਹੋਇਆ ਸ਼ੇਰ ਬਨਿਆ ਪ੍ਰਾਹੁਣਾ ਪਾਰ ਦਾਈ। ਫੇਰ ਰੂਹ ਉਦਾਸੀਆਂ ਪਕੜ ਲਈਆਂ ਟੁਰਿਆ ਝਟ ਹੋ ਫੀਲ ਸਵਾਰਦਾਈ। ਨਿਰੀ ਲੋਥ ਤੇ ਲਹੂ ਕੁਲ ਨਜਰ ਆਵੇ ਸੁੰਞਾ ਦਿਸੇ ਕੋਠਾ ਘਰ ਬਾਰਦਾਈ। ਸ਼ੇਰ ਸੌਂ ਗਿਆ ਮੌਤ ਦੀ ਨੀਂਦ ਅੰਦਰ ਪਾਸਾ ਪ੍ਰਤ ਕੇ ਕਦੇ ਨਾ ਮਾਰਦਾਈ। ਲਹੂ ਚਲਿਆ ਲਾਲ ਜਮੀਨ ਹੋਈ ਸ਼ੇਰ ਝਟ ਪ੍ਰਲੋਕ ਪਧਾਰਦਾਈ। ਹੋਏ ਲੋਕ ਉਸ ਮੁਲਕ ਦੇ ਕੁਲ ਕੱਠੇ ਜਿਤ ਲਾਟ ਦੀ ਕੁਲ ਪੁਕਾਰਦਾਈ। ਸ਼ੇਰ ਮੋਏ ਨੂੰ ਵੇਖਦੀ ਕੁਲ ਦੁਨੀਆਂ ਫੌਜੀ ਆ ਗਿਆ ਕੁਲ ਸਰਕਾਰਦਾਈ। ਬੂਟਾ ਸਿੰਘ ਕਹੇ ਲਾਟ ਨੇ ਫਤੇ ਪਾਈ

ਨਾਰੀ ਨਰ ਕੁਲ ਓਥੇ ਉਚਾਰਦਾਈ। ਤਥਾ

ਵੇਲੇ ਸੰਧਿਆ ਲਾਟ ਨੇ ਸ਼ੇਰ ਤਾਂਈ ਦਿਤਾ ਨਾਲ ਕ੍ਰਿਪਾਨ ਦੇ ਕੱਟ ਬਾਵਾ। ਹੈਸੀ ਉਮਰ ਉਸ ਸ਼ੇਰ ਦੀ ਬਹੁਤ ਭਾਰੀ ਕੀਤੀ ਨਾਲ ਕ੍ਰਿਪਾਨ ਦੇ ਘਟ ਬਾਵਾ। ਲਹੂ ਚਲਿਆ ਲਾਲ ਜਮੀਨ ਹੋਈ ਜਿਵੇਂ ਆਵੇ ਸਮੁੰਦ੍ਰ ਦੀ ਛਟ ਬਾਵਾ। ਸ਼ੇਰ ਹੱਦਤੋਂ ਹੋਇ ਬੇਹੱਦ ਲੜਿਆ ਕੀਤੀ ਸ਼ੇਰ ਨੇ ਵੀ ਨਾਹੀਂ ਘਟ ਬਾਵਾ। ਲਾਟ ਟੇਕ ਸਿੰਘ ਸ਼ੇਰ ਦ੍ਰਾ ਕੀਤਾ ਕੁਤਰਾ ਵਢੇ ਖੇਤ੍ਰੀ ਜਿਸ ਤਰਾਂ ਜੱਟ ਬਾਵਾ। ਪੇਟ ਸ਼ੇਰ ਦਾ ਲਾਟ ਨੇ ਪਾੜ ਦਿਤਾ ਆਰੀ ਕਰੇ ਜਿਉਂ ਲਕੜ ਦੇ ਫਟ ਬਾਵਾ। ਸ਼ਾਂਤੀ ਲਾਟ ਨੇ ਦੇਸ ਦੇ ਵਿਚ ਪਾਈ ਸੀਤਲ ਪੌਣ ਆਈ ਲਟਾ ਲਟ ਬਾਵਾ। ਮ੍ਰਿਗ ਸਜਾੜ ਤੇ ਲੂੰਮੜੀ ਹੋਰ ਗਿਦੜ ਬੰਦੇ ਖੁਸ਼ੀ ਹੋਏ ਝਟਾ ਝਟ ਬਾਵਾ। ਦੁਆਲੇ ਲਾਟ ਦੇ ਭੀੜ ਬੇਅੰਤ ਹੋਈ ਮੇਲਾ ਸੁਨ ਖਲਕਤ ਆਵੇ ਰੱਟ ਬਾਵਾ। ਕੁਲ ਫੌਜ ਰਣਜੀਤ ਸਿੰਘ ਖੁਸ਼ੀ ਹੋਯਾ ਜਦੋਂ ਵੇਖਿਆ ਲਾਟ ਦਾ ਝਟ ਬਾਵਾ। ਰਣਜੀਤ ਸਿੰਘ ਦੇ ਲਾਟ ਨੇ ਧਰੇ ਅਗੇ ਵੱਢ ਵੱਢਕੇ ਸ਼ੇਰ ਦੇ ਪੱਟ ਬਾਵਾ। ਬੂਟਾ ਸਿੰਘ ਕਹੇ ਸ਼ੇਰ ਦੀ ਮੌਤ ਹੋਈ ਬਦਲ ਵਰਸਿਆ ਚਾੜਕੇ ਘੱਟ ਬਾਵਾ।

ਮਹਾਂਰਾਜ ਰਣਜੀਤ ਸਿੰਘ ਨੇ ਲਾਟ ਕੋ ਖੁਸ਼ੀ
ਹੋਕਰ ਇਨਾਮ ਦੇਨਾ ਫੁਰਮਾਯਾ

ਮੋਯਾ ਸ਼ੇਰ ਤਾਂ ਮੁਲਕ ਵਿਚ ਸ਼ਾਂਤ ਆਈ ਲੋਕਾਂ ਲੱਖ

ਲੱਖ ਸ਼ੁਕਰ ਮਨਾਯਾਈ।ਦਰਸ਼ਨ ਲਾਟ ਦੇ ਨੂੰ ਆਵੇ ਕੁਲ ਦੁਨੀਆਂ ਸਾਰੇ ਦੇਸ ਨੇ ਸ਼ੁਕਰ ਅਲਾਯਾਈ। ਫੌਜੀ ਦੇਖ ਕੁਲ ਕੌਤਕ ਪ੍ਰਸੰਨ ਹੋਏ ਸਾਰੀ ਫੌਜ ਨੇ ਸ਼ੁਕਰ ਬਜਾ ਯਾਈ। ਮਹਾਂਰਾਜ ਰਣਜੀਤ ਸਿੰਘ ਆਪ ਬੋਲੇ ਧੰਨ ਤੁਧ ਨੂੰ ਜਿਸਨੇ ਜਾਯਾਈ।ਮੈਂ ਪ੍ਰਸੰਨ ਪ੍ਰਸੰਨ ਹਾਂ ਤੁਧ ਉਤੇ ਮੇਰਾ ਹੋਯਾ ਅਜ ਰੂਪ ਸਵਾਯਾਈ।ਅਜ ਤੁਠਾ ਹਾਂ ਮੈਂ ਕ੍ਰਿਪਾਲ ਹੋਕੇ ਮੰਗ ਲੈ ਜੋ ਚਿੱਤ ਮੇਂ ਆਯਾਈ। ਦੇਸਾਂ ਧਰਮ ਦੇ ਨਾਲ ਮੈਂ ਤੁਧ ਤਾਂਈਤੂੰ ਜੋ ਵਾਕ ਨਾ ਮੇਰਾ ਉਲਟਾਯਾਈ। ਚਸ਼ਮਾਂ ਖੋਲਕੇ ਵੇਖ ਤੂੰ ਵੱਲ ਮੇਰੀ ਮੈਨੇ ਸੱਚ ਦਾ ਵਾਕ ਅਲਾਯਾਈ। ਮੰਗ ਲੈ ਤੂੰ ਮੁਲਕ ਜਗੀਰ ਮੈਥੋਂ ਰਾਵ ਲਾਟ ਨੂੰ ਆਖ ਸੁਨਾਯਾਈ। ਦੇਵਾਂ ਹੁਣੇ ਨਾਂ ਡੇਰ ਹੈ ਰਤੀ ਜਿੰਨੀ ਵਾਰ ਵਾਰ ਏਹ ਭੂਪ ਫੁਰਮਾਯਾਈ। ਹੱਦ ਕਰਲੈ ਜਿਥੋਂ ਤਕ ਰੁਚੀ ਤੇਰੀ ਤੈਨੇ ਦੇਸ ਨੂੰ ਸੁਖੀ ਵਸਾਯਾਈ। ਹੋਸੀ ਨਾਮ ਪ੍ਰਸਿੱਧ ਕੁਲ ਦੇਸ ਉਤੇ ਤੂੰਤਾਂ ਹਾਰਕੇ ਕਿਤੋਂ ਨਾ ਆਯਾਈ। ਮੰਗ ਮੰਗ ਤੂੰ ਵਾਸਤਾ ਰੱਬ ਵਾਲਾ ਅਜ ਤਕ ਨਾ ਕਦਰ ਮੈਂ ਪਾਯਾਈ। ਲਖਾਂ ਲਾਟ ਨੇ ਹੋਏ ਜਹਾਨ ਉਤੇ ਤੇਰਾ ਸਭ ਤੋਂ ਤੇਜ ਸਵਾਯਾਈ। ਨਿਮਕ ਹਲਾਲ ਤੈਨੂੰ ਠੀਕ ਜਾਨਿਆ ਮੈਂ ਮੰਗ ਤੇਰੇ ਜੋ ਦਿਲ ਮੇਂ ਆਯਾਈ। ਮਹਾਰਾਜ ਰਣਜੀਤ ਸਿੰਘ ਆਪ ਹੱਥੀਂ ਛੱਤ੍ਰ ਲਾਟ ਦੇ ਸੀਸ ਝੁਲਾਯਾਈ। ਤਾਜ ਤਖਤ ਦਾ ਮਾਲਕ ਤੂੰ ਨਜਰ ਆਵੇਂ ਸ਼ਹਿਨ ਸ਼ਾਹ ਨੇ ਆਪ ਫੁਰਮਾਯਾਈ।

ਬੂਟਾ ਸਿੰਘ ਕਹੇ ਲਾਟ ਨੂੰ ਰਾਵ ਆਖੇ ਮੰਗ ਲਏ ਜੋ ਚਿੱਤ ਮੇਂ ਆਯਾਈ।

ਵਾਕ ਲਾਟ ਦਾ ਰਾਵ ਪ੍ਰਤਿ

ਲਾਟ ਆਖਦਾ ਲੋੜ ਨਾ ਸੂਈ ਦੀ ਹੈ ਕ੍ਰਿਪਾ ਤੁਧ ਦੀ ਨਾਲ ਅਨੰਦ ਰਾਜਾ। ਜੋਰੂ ਜਰ ਜਮੀਨ ਦੇ ਵਿਚ ਫਸਦੇ ਹੁੰਦੇ ਉਨਹਾਂ ਦੇ ਭਾਗ ਨੇ ਮੰਦ ਰਾਜਾ। ਹੋਏ ਲਖਾਂ ਹੀ ਪਾਤਸ਼ਾਹ ਜਗ ਉਤੇ ਜੋੜ ਜੋੜ ਕੇ ਛਡ ਗਏ ਗੰਦ ਰਾਜਾ। ਵਿਅਰਥ ਸਮਝ ਤੂੰ ਖੂਹ ਉਜਾੜ ਵਾਲਾ ਲੱਜ ਡੋਲ ਬਾਝੋਂ ਖੂਹਾ ਬੰਦ ਰਾਜਾ। ਫਸੇ ਵਿਚ ਮਾਯਾ ਜਾਨੋ ਡੁਬਿਆ ਓਹ ਜਿਨੇ ਤਜਾਗਿਆ ਧਰਮ ਦਾ ਸੰਦ ਰਾਜਾ। ਡਿਗ ਪਿਆ ਜੋ ਅਰਸ਼ ਦੇ ਮਹਿਲ ਉਤੋਂ ਭਜੇ ਜਾਨ ਤੂੰ ਓਸਦੇ ਦੰਦ ਰਾਜਾ। ਪ੍ਰਮਾ ਨੰਦ ਅਨੰਦ ਨੂੰ ਪਾਵਨਾਂ ਕੀ ਜਿਥੇ ਹੋਗਿਆ ਪਾਪ ਬਲੰਦ ਰਾਜਾ। ਜਿਨੇ ਡਿਠਾ ਨਾ ਅਖਾਂ ਦੇ ਨਾਲ ਪਿੰਗਲ ਓਹਨੇ ਰਚ ਕੀ ਲੈਨੇ ਨੇ ਛੰਦ ਰਾਜਾ। ਓਸ ਦੋਹਰ ਤੇ ਸੋਹਲੀ ਉਨਾਂਵਨੀ ਕੀ ਕੱਤੀ ਰੂੰ ਦੀ ਜਿਨੇ ਨਾ ਤੰਦ ਰਾਜਾ। ਵਗੇ ਜੱਗ ਦਰਯਾ ਦੀ ਲੈਹਰ ਵਾਂਙੂ ਅਟਕੇ ਰਾਮ ਤੇ ਕ੍ਰਿਸ਼ਨ ਨਾ ਨੰਦ ਰਾਜਾ। ਸ਼ੇਖ ਮਸਾਇਕ ਤੇ ਕਾਜ਼ੀ ਨਾ ਜਗ ਉਤੇ ਉਠ ਟੁਰਕੇ ਪਏ ਨੇ ਪੰਦ ਰਾਜਾ। ਸ਼ੇਖ ਫਰੀਦ ਜੀ ਦੁਨੀਆਂ ਨੂੰ ਛਡ ਗਏ ਕਿਕਰ ਜੰਡ ਖਾਕੇ ਜਿਮੀਂਕੰਦ ਰਾਜਾ।ਰੋਟੀ ਕਾਠ ਦੀ ਨਾਲ ਨਿਰਬਾਹ ਕਰਕੇ ਛੱਡ ਛੱਡ ਗਏ ਪੀਰ ਬਲੰਦ ਰਾਜਾ। ਮਾਰ ਕੰਡਾ

ਤੇ ਕਾਗ ਭਸੁੰਡ ਲੋਮਸ ਕੇਤੇ ਹੋ ਗਏ ਸੂਰ ਤੇ ਚੰਦ ਰਾਜਾ। ਕਿਤੇ ਕੋਟ ਮਹਾਂਬੀਰ ਤੇ ਕੋਟ ਭੈਰੋਂ ਕਾਰੂ ਪਿੱਟ ਦਾ ਗਿਆ ਹੈ ਧੰਦ ਰਾਜਾ । ਲੁਕਮਾਨ ਹਿਕਮਤ ਦਾ ਪਾਤਸ਼ਾਹ ਜਗ ਜਾਨੇ ਓਹਦੇ ਵਿਚ ਨਾ ਰਹੀ ਸੀ ਜਿੰਦ ਰਾਜਾ। ਲੋੜ ਮੁਝ ਨੂੰ ਨਹੀਂ ਹੈ ਦਰਬ ਵਾਲੀ ਮੇਰੇ ਵਾਸਤੇ ਪਿਆ ਹੈ ਗੰਦ ਰਾਜਾ। ਪਾਤਸ਼ਾਹ ਤੂੰ ਜਗ ਨੂੰ ਜਾਨ ਸੁਪਨਾਂ ਰਿਹਾ ਬੂਮਾ ਨਾ ਗ੍ਰਿਜ਼ਾ ਗਨਿੰਦ ਰਾਜਾ। ਮੈਨੂੰ ਲੋੜ ਨਾ ਜਗਾ ਜਗੀਰ ਵਾਲੀ ਸਾਂਭ ਲੈਨਗੇ ਤੇਰੇ ਫਰਜੰਦ ਰਾਜਾ। ਬੂਟਾ ਸਿੰਘ ਕਹੇ ਲਾਟ ਪ੍ਰਸੰਨ ਭਾਰੀ ਰਾਵ ਨਾਲੋਂ ਹੈ ਵਧ ਅਨੰਦ ਰਾਜਾ।

ਮਹਾਰਾਜ ਰਣਜੀਤ ਸਿੰਘ ਨੇ ਦੂਜੀ ਵਾਰ ਕੈਹਨਾ ਕਿ ਤੂੰ ਬਿਲਕੁਲ ਜਗੀਰ ਲੈ ਲੈ।

ਦੂਜੀ ਵਾਰ ਰਣਜੀਤਸਿੰਘ ਆਪ ਕੈਂਹਦੇ ਪਿੰਡ ਮਲ ਲਏ ਬੇਸ਼ੁਮਾਰ ਲਾਟਾ। ਨਿਮਕ ਖਾਇਕੇ ਤੁਧ ਹਲਾਲ ਕੀਤਾ ਲਿਆ ਲਖਸ਼ਣੋ ਮੈਂ ਵੀਚਾਰ ਲਾਟਾ। ਕਰਤਬਤੁਧ ਦਾ ਦੇਖ ਅਨੰਦ ਹੋਯਾ ਦਿਲ ਸ਼ਾਦ ਤੇ ਨੌਂ ਨਿਹਾਰ ਲਾਟਾ। ਅਨੰਦ ਹੋਇਕੇ ਮੈ ਹਾਂ ਦਾਨ ਦੇਵਾਂ ਮੰਗ ਲੈ ਜੋ ਤੈਨੂੰ ਦਰ ਕਾਰ ਲਾਟਾ। ਮੇਰੇ ਭਰੇ ਖਜਾਨੇ ਨੇ ਨਾਲ ਦੌਲਤ ਪਿਆ ਦਰਬ ਅਖੁਟ ਭੰਡਾਰ ਲਾਟਾ। ਤੀਨ ਲੋਕ ਦੀ ਸੰਪਤਾ ਅਜ ਦੇਵਾਂ ਇਕ ਵਾਰ ਤੂੰ ਮੁਖੋਂ ਉਚਾਰ ਲਾਟਾ। ਇਹਨਾ ਰਾਜਿਆਂ ਦੇਸ ਦਿਆਂ ਪਾਲਕਾਂ ਦਾ ਹੁੰਦਾ ਮੇਲ ਹੈ ਕਰਮ

ਅਨੁਸਾਰ ਲਾਟਾ। ਮਨੋ ਕਾਮਨਾ ਨੂੰ ਪੂਰਨ ਅਜ ਕਰਲੈ ਭੂਪ ਤੁਧ ਤੇ ਅਜ ਉਦਾਰ ਲਾਟਾ। ਕਲਪ ਬ੍ਰਿਛ ਦੇ ਵਾਂਗ ਤੂੰ ਜਾਨ ਮੈਨੂੰ ਮੇਰੇ ਸਮ ਨਾ ਹੋਰ ਦਤਾਰ ਲਾਟਾ। ਜਲਦੀ ਮੰਗ ਨਾ ਸੰਗ ਤੂੰ ਕਿਸੇ ਗਲੋਂ ਅਜੇ ਵਕਤ ਨਾ ਐਂਵੇ ਗੁਜ਼ਾਰ ਲਾਟਾ। ਦੂਜੀ ਵਾਰ ਮੈਂ ਆਖਦਾ ਤੁਧ ਤਾਂਈ ਮੰਗ ਮੰਗ ਨਾ ਸੰਗ ਕੇ ਟਾਰ ਲਾਟਾ। ਜੇਹੀ ਨੀਤ ਤੇਰੀ ਤੈਸਾ ਫਲ ਦੇਸਾਂ ਕਰਕੇ ਕੌਲ ਨਾ ਸੱਕਾਂਗਾ ਹਾਰ ਲਾਟਾ। ਜੇਹੜਾ ਵਾਕ ਜਬਾਨ ਤੋਂ ਆਖ ਦਿਤਾ ਪਰਤਾਂ ਕਦੇ ਨਾਹੀਂ ਇਕ ਵਾਰ ਲਾਟਾ। ਚੋਜ ਕਿਸੇ ਦੀ ਕੁਝ ਪ੍ਰਵਾਹ ਨਾਹੀਂ ਦਿਤਾ ਰਾਜ ਉਸ ਆਪ ਕਰਤਾਰ ਲਾਟਾ। ਮੰਗ ਮੰਗ ਤੂੰ ਹੱਠ ਨੂੰ ਤਿਆਗ ਏਥੇ ਬਹੁਤਾ ਕਰੀਦਾ ਨਹੀਂ ਤਕਰਾਰ ਲਾਟਾ: ਬੂਟਾ ਸਿੰਘ ਕਹੇ ਹਰੀ ਦੀ ਬਾਝ ਭਗਤੀ ਕੌਣ ਹੋਗਿਆ ਭੈਜਲੋਂ ਪਾਰ ਲਾਟਾ।

### ਵਾਕ ਲਾਟ ਕਾ ਭੂਪਾਲ ਪ੍ਰਤਿ

ਲਾਟ ਆਖਦਾ ਭੂਪ ਦਾ ਅਦਬ ਕਰਕੇ ਜੋਰੂ ਜ਼ਰ ਜ਼ਮੀਨ ਦੀ ਲੋੜ ਨਾਹੀਂ। ਮੁਕਟ ਮਣੀ ਸਿਰੋਮਨੀ ਭੂਪ ਮੇਰੇ ਪ੍ਰੀਤੀ ਏਸ ਚੜਨਾ ਫੇਰ ਤੋੜ ਨਾਹੀਂ। ਕਾਹਨੂੰ ਇਸਤ੍ਰੀ ਭੂਮ ਤੇ ਦਰਬ ਦੇਵੇਂ ਸਿੰਧ ਵਿਸ਼ੇ ਵਾਲੇ ਵਿਚ ਰੋੜ ਨਾਹੀਂ। ਹੈਗੀ ਵਿਸ ਤੇ ਖੰਡ ਦਾ ਝੋਲ ਫਿਰਿਆ ਮੈਨੂੰ ਪਾਪ ਦੀ ਨਦੀ ਵਿਚ ਰੋੜ ਨਾਹੀਂ। ਅਗ ਕੋਲ ਕੀ ਪਾਰੇ ਨੇ ਠੈਹਰਨਾਏਂ ਸ਼ੀਸ਼ਾ ਚੂਰ ਹੋਯਾ ਓਹਨੂੰ ਜੋੜ ਨਾਹੀਂ।

ਜੋਰੂ ਜ਼ਰ ਜ਼ਮੀਨ ਤੇ ਹੀਰੇ ਮੋਤੀ ਕਿਸੈ ਗਲ ਦੀ ਰਾਜਿਆ ਥੋੜ ਨਾਹੀਂ। ਪੱਥਰ ਨਾਲ ਸੁਰੇਸ਼ ਦੇ ਜੋੜਨਾਏਂ ਹੀਰਾ ਘੁਕਿਆਂ ਵਾਂਗ ਮਰੋੜ ਨਾਹੀਂ। ਦਰਬ ਵਿਚ ਏਥੇ ਅੱਜ ਫਸ ਜਾਸਾਂ ਸਾਥ ਆਪਨਾ ਤੂੰ ਵਿਛੋੜ ਨਾਹੀਂ। ਜੇਕਰ ਵਿਚ ਮਾਯਾ ਅਜ ਲਪਟਿਆ ਮੈਂ ਤੇਰਾ ਮੇਰਾ ਬਨਨਾ ਫੇਰ ਜੋੜ ਨਾਹੀਂ। ਏਸ ਗਲ ਦਾ ਵਡਾ ਅਫਸੋਸ ਭਾਰਾ ਮੇਰੀ ਹੱਥੀਂ ਪ੍ਰੀਤ ਨੂੰ ਤੋੜ ਨਾਹੀਂ। ਤੇਰਾ ਦਿਤਾ ਪਦਾਰਥ ਬਿਅੰਤ ਰਾਜਾ ਮੈਨੂੰ ਹੋਰ ਪਦਾਰਥ ਦੀ ਲੋੜ ਨਾਹੀਂ। ਹਾਥੀ ਰਥ ਪੀਨਸ ਮੋਟਰ ਹੋਰ ਟਾਂਗੇ ਦਿਤੇ ਤੁਧ ਦੇ ਅਜ ਕੁਛ ਥੋੜ ਨਾਹੀਂ। ਵਾਰ ਵਾਰ ਤੂੰ ਆਖਦਾ ਮੰਗ ਮੈਥੋਂ ਤੂਹੀਂ ਦੇਣ ਵਾਲਾ ਕੋਈ ਹੋਰ ਨਾਹੀਂ। ਮਾਯਾ ਨਾਗਨੀ ਤੋਂ ਪਾਸਾ ਵੱਟ ਦਾ ਮੈਂ ਮੈਨੂੰ ਕਾਲੜੇ ਨਾਗ ਚਮੋੜ ਨਾਹੀਂ। ਲੈਣ ਵਾਸਤੇ ਮੈਂ ਤਿਆਰ ਨਾਹੀਂ ਐਪਰ ਤੁਧ ਅਗੇ ਮੇਰਾ ਜੋਰ ਨਾਹੀਂ। ਰਾਜ ਪਾਟ ਨੂੰ ਧੂਮੀ ਕੀ ਜਾਨਦੇ ਨੇ ਬੂਟਾ ਸਿੰਘ ਕਹੇ ਲਾਟ ਨੂੰ ਲੋੜ ਨਾਹੀਂ।

### ਮਹਾਂਰਾਜ ਰਣਜੀਤ ਸਿੰਘ ਨੇ ਤੀਸਰੀ ਵਾਰ ਲਾਟ ਕੋ ਇਨਾਮ ਮਜਬੂਰ ਕਰਕੇ ਦੇਨਾਂ

ਰਾਜੇ ਆਖਿਆ ਦੇਨਾ ਇਨਾਮ ਤੈਨੂੰ ਮੈਨੇ ਪ੍ਰਣ ਪੱਕਾ ਅਜ ਧਾਰਿਆਈ। ਬੀਤੀ ਉਮਰ ਤੇਰੀ ਮੇਰੇ ਹੁਕਮ ਅੰਦਰ ਤੈਨੇ ਹੁਕਮ ਨੂੰ ਕਦੇ ਨਾ ਟਾਰਿਆਈ। ਤੈਨੂੰ ਜਿਥੇ ਲੜਾ ਈ ਤੇ ਭੇਜਿਆ ਮੈਂ ਕਿਸੇ ਜੰਗ ਤੋਂ ਤੂੰ ਨਾ ਹਾਰਿਆਈ।

ਜਿਥੇ ਗਿਓਂ ਤੂੰ ਫਤੇ ਦੇ ਨਾਲ ਆਯੋਂ ਲਖਾਂ ਕੰਮਾਂਨੂੰ ਤੁਧ ਸਵਾਰਿਆਈ। ਛੱਤ੍ਰੀ ਧਰਮ ਤੇ ਤੁਧ ਨੇ ਅਮਲ ਕੀਤਾ ਜਾਲਮ ਸ਼ੇਰ ਤਾਂਈ ਏਥੇ ਮਾਰਿਆਈ । ਪਾਪੀ ਬੰਦਿਆਂ ਦਾ ਤੈਨੇ ਨਸ਼ਟ ਕੀਤਾ ਪਾਸਾ ਧਰਮੀਆਂ ਵਾਲਾ ਉਬਾਰਿ ਆਈ। ਘੋੜਾ ਫੇਰ ਤੂੰ ਫੇਰ ਕੇ ਦੇਸ ਵਲ ਲੈ ਵੇਲਾ ਬੈਠਕੇ ਕਿਉਂ ਗੁਜਾਰਿਆਈ। ਜੇਕਰ ਮੁਲਕ ਜਗੀਰ ਨਾ ਅਜ ਲੈਸੇਂ ਮੈ ਨਿਰਾਜ ਮਹਾਂਰਾਜ ਪੁਕਾਰਿਆਈ। ਜੇਹੜੇ ਕਿਸੇ ਦੀ ਮੇਹਨਤ ਨੂੰ ਰਖ ਲੈਂਦੇ ਜਾਂਦੇ ਖਾਸ ਓਹ ਨਰਕ ਦੁਆ ਰਿਆਈ। ਮੈਨੂੰ ਪਾਪੀ ਤੇ ਦੁਸ਼ਟ ਬਨਾਇ ਨਾਹੀਂ ਨਾ ਬਨਾ ਤੂੰ ਵਾਂਗ ਹਤਿਆਰਿਆਈ। ਘੋੜਾ ਫੇਰ ਲੈ ਸੁਭਾ ਤੋਂ ਸ਼ਾਮ ਤੋੜੀ ਰਬ ਤੁਧ ਦਾ ਕੰਮ ਸਵਾਰਿਆਈ। ਘੋੜਾ ਫੇਰ ਕੇ ਸਾਂਭ ਲੈ ਰਾਜ ਨੂੰ ਤੂੰ ਦੇਣਾ ਧਰਮ ਸੇ ਮੈਨੇ ਪੁਕਾਰਿ ਆਈ। ਜਿਤਨੇ ਪਿੰਡਾਂ ਉਤੇ ਘੋੜਾ ਫੇਰ ਲੈਸੇਂ ਤੇਰਾ ਰਾਜ ਹੋਸੀ ਚਿਤ ਧਾਰਿਆਈ। ਅਦਾਲਤ ਕਰੇਂ ਤੇ ਦੇਸ ਦਾ ਬਨੇਂ ਮਾਲਕ ਮੈਨੇ ਮੁਖ ਤੋਂ ਸੱਚ ਉਚਾਰਿਆਈ । ਐਸ ਧਰਤੀ ਤੇ ਕਰੀਂ ਅਦਾਲਤਾਂ ਤੂੰ ਤੇਰਾ ਤੇਜ ਪਰਤਾਪ ਦਰਬਾਰਿਆਈ । ਮੇਰੇ ਕੀਤੇ ਇਨਾਮ ਨੂੰ ਮੋੜ ਦੇਵੇਂ ਤੈਨੂੰ ਪਾਪ ਲਗੇ ਬੜਾ ਭਾਰਿਆਈ। ਮੁਲਕ ਲੈਨ ਤੋਂ ਕਰੇਂ ਜੇ ਇਨਕਾਰੀ ਪਾਪ ਲਗੇ ਜਿਉਂ ਸਾਧ ਦੇ ਮਾਰਿਆਈ । ਮੰਨ ਮੰਨ ਤੂੰ ਲਾਟ ਨੂੰ ਰਾਵ ਆਖੇ ਵਾਂਗ ਅਮੋੜ ਕਿਉਂ ਵਾਕ ਉਲਟਾਰਿਆਈ। ਬੂਟਾ ਸਿੰਘਾ ਕੀ ਜਗ ਤੋਂ ਲਾਹ

ਲੀਤਾ ਦਿਤਾ ਦਾਨ ਨਾ ਨਾਮ ਚਿਤਾਰਿਆਈ।

ਲਾਟ ਨੇ ਆਪਨੇ ਚਿਤ ਮੇਂ ਵਿਚਾਰ ਕਰਣੀ

ਛੋਕਰ ਸੋਚਿਆ ਲਾਟ ਨੇ ਚਿੱਤ ਅੰਦਰ ਮੰਨ ਜਾਵਨਾ ਹੀ ਏਥੇ ਠੀਕ ਹੈ ਜੀ। ਰਾਜਾ ਅਗਨ ਜੋਗੀ ਜਲ ਠੀਕ ਸਮਝੋ ਚਾਰੇ ਚੱਲਦੇ ਉਲਟੀ ਲੀਕ ਹੈ ਜੀ। ਲੈਣਾ ਮੈਨੂੰ ਇਨਾਮ ਹੀ ਠੀਕ ਏਥੇ ਨਿਰਪ ਮੁਝਦਾ ਸਦਾ ਰਫੀਕ ਹੈ ਜੀ। ਅਰਜ ਕੀਤਿਆਂ ਭੂਪ ਹੁਣ ਕ੍ਰੋਧ ਕਰਸੀ ਏਸ ਰਾਵ ਦੀ ਬੁਧ ਬਰੀਕ ਹੈ ਜੀ। ਪੱਥਰ ਜੁੜਨ ਨਾ ਨਾਲ ਸੁਰੇਸ਼ ਕਦੇ ਡਿਠਾ ਕਰਕੇ ਖੂਬ ਤਕੀਕ ਹੈ ਜੀ। ਭਲਾ ਖਾਸ ਹਜ਼ੂਰ ਹਮੇਸ਼ ਕਰਦੀ ਪਾਤਸ਼ਾਹ ਰਫੀਕ ਸਫੀਕ ਹੈ ਜੀ। ਮਾਯਾ ਆਪ ਭਗਵਾਨ ਨੇ ਪਾਇ ਦਿਤੀ ਸਾਧ ਰਾਵਵਾਲਾ ਇਥੋਂ ਤੀਕ ਹੈ ਜੀ। ਜੇਹੜੀ ਖਸਮ ਦੇ ਹੁਕਮ ਨੂੰ ਮੋੜ ਦੇਵੇ ਦੁਖੀ ਹੋਇ ਰੋਸੀ ਮਾਰ ਚੀਕ ਹੈ ਜੀ। ਨਫਰ ਕਰੇ ਬਰਾਬਰੀ ਨਾਲ ਮਾਲਕ ਓਹ ਵੀ ਨਿਕਲਸੀ ਹੋਇਕੇ ਫੀਕ ਹੈ ਜੀ। ਛਾਇਆ ਬਦਲਾਂ ਦੀ ਬੇੜੀ ਕਾਗਜਾਂ ਦੀ ਘੜੀ ਪਲਕ ਦੀ ਨਾਮ ਧਰੀਕ ਹੈ ਜੀ। ਰੱਯਤ ਵੈਰ ਪਾਵੇ ਨਾਲ ਪਾਤਸ਼ਾਹ ਦੇ ਜਾਣੋਂ ਮੌਤ ਦੀ ਨੇੜੇ ਤਰੀਕ ਹੈ ਜੀ। ਏਸ ਮੌਤ ਨੇ ਜਗ ਨੂੰ ਮਾਰ ਲੈਣਾ ਮਾਰੇ ਜਿਵੇਂ ਹਕੀਮ ਹਕੀਕ ਹੈ ਜੀ। ਥਿਰ ਜਗਦੇ ਵਿਚ ਨਾ ਕਿਸੇ ਰੈਹਣਾ ਸ਼ਾਹ ਨਫਰ ਅਮੀਰ ਖਟੀਕ ਹੈ ਜੀ। ਲਾਟ ਆਖਦਾ ਆਪਨੇ ਚਿੱਤ ਅੰਦਰ ਕੇਹੜਾ ਸ਼ਾਹ ਤੋਂ ਤੂੰ ਘਟੀਕ ਹੈ ਜੀ।

ਮੈਹਲ ਕਿਲੇ ਪਵਾ ਤੂੰ ਬਾਰ ਅੰਦਰ ਪਾਤਸ਼ਾਹਤੋਂ ਤੂੰਵਧੀਕ ਹੈਂ ਜੋ। ਬੂਟਾ ਸਿੰਘ ਕਹੇ ਲਾਟ ਇਸ ਬਾਰ ਆਕੇ ਪਾਤ ਸ਼ਾਹ ਦਾ ਬਨੇ ਸ਼ਰੀਕ ਹੈ ਜੋ।

### ਹੁਕਮ ਮਹਾਰਾਜ ਕਾ ਮਾਨਕਰ
### ਲਾਟ ਨੇ ਜੰਗੀਰ ਵਲਨੀ

ਲਾਟ ਹੁਕਮ ਕੀਤਾ ਇਕ ਡੂੰਮ ਤਾਂਈ ਘੋੜਾ ਕਸ ਲਿਆਉ ਤਿਯਾਰ ਹਾਂ ਮੈਂ। ਡੂੰਮ ਹੱਥ ਬੱਧੇ ਆਖੇ ਲਿਆਵਾਂ ਘੋੜਾ ਤੇਰੇ ਹੁਕਮ ਦਾ ਤਾਬਿਆ ਦਾਰ ਹਾਂ ਮੈਂ। ਘੋੜਾ ਪਾਇ ਕਾਠੀ ਕੀਤਾ ਡੂਮ ਹਾਜਰ ਆਖੇ ਹੁਕਮ ਦਾ ਮੰਨਣੇ ਹਾਰ ਹਾਂ ਮੈਂ। ਘੋੜੇ ਉਤੇ ਸਵਾਰ ਜਾਂ ਲਾਟ ਹੋਯਾ ਆਖੇ ਸਤਗੁਰੂ ਤੈਥੋਂ ਬਲਹਾਰ ਹਾਂ ਮੈਂ। ਘੋੜਾ ਫੇਰਿਆ ਲਾਟ ਨੇ ਮਾਰ ਚਾਬਕ ਆਖੇ ਰਬ ਦਾ ਸ਼ੁਕਰ ਗੁਜਾਰ ਹਾਂ ਮੈਂ।ਘੋੜਾ ਲਾਟਨੂੰ ਲੈਕੇ ਉਡਿਆ ਜੇ ਲਾਟ ਆਖਿਆ ਹੁਣ ਬੇਜਾਰ ਹਾਂ ਮੈਂ। ਸੁਭਾ ਟੁਰਿਆ ਵਕਤ ਹੁਣ ਸੰਧਿਆ ਦਾ ਲਾਟ ਸਮਝਿਆ ਅਜ ਫਰਾਰ ਹਾਂ ਮੈਂ। ਘੋੜਾ ਚਲਦਾ ਚਲਦਾ ਹਾਰਗਿਆ ਲਾਟਆਖਿਆ ਹੋਯਾ ਖੁਆਰਹਾਂ ਮੈਂ। ਚੌਰਸ ਫੇਰਕੇ ਘੋੜਾ ਨਿਸ਼ਾਨ ਲਾਇ ਲਾਟ ਆਖਿਆ ਅਜ ਸਰਕਾਰ ਹਾਂ ਮੈਂ। ਪੱਚੀ ਕੋਸ ਚੌਗਿਰਦਿਓਂ ਫੇਰ ਘੋੜਾ ਲਾਟ ਆਖਿਆ ਦੁਖਾਂ ਤੋਂ ਪਾਰ ਹਾਂ ਮੈਂ। ਸੌ ਕੋਸ ਦੀ ਮੰਜਲ ਨੂੰ ਪੂਰਾ ਕਰਕੇ ਆਨ ਪੌਂਹਚਿਆ ਰਾਜ ਦੁਆਰ ਹਾਂ ਮੈਂ। ਵੇਖ ਰਾਵ ਨੇ ਲਾਟ ਨੂੰ ਪਟਾ ਦਿਤਾ ਲਾਟ

ਆਖਿਆ ਖਾਸ ਸਰਦਾਰ ਹਾਂ ਮੈਂ । ਲਾਟ ਸਾਹਿਬ ਨੂੰ ਰਾਵ ਨੇ ਤਿਲਕ ਲਾਯਾ ਲਾਟ ਆਖਿਆ ਅਜ ਗੁਲਜ਼ਾਰ ਹਾਂ ਮੈਂ । ਲਾਟ ਆਖਿਆ ਰਾਜ ਨੂੰ ਪਾਇਕੇ ਤੇ ਅਜ ਹੋ ਗਿਆ ਜਾਮਿਓਂ ਬਾਹਰ ਹਾਂ ਮੈਂ । ਤਾਜ ਤਖਤ ਤੇ ਬਖਤ ਦਾ ਹੋਯਾ ਮਾਲਕ ਵਾਂਗ ਰਾਜਿਆਂ ਹੋਯਾ ਬਹਾਰ ਹਾਂ ਮੈਂ । ਬੂਟਾ ਸਿੰਘ ਕਹੇ ਲਾਟ ਨੂੰ ਰਾਜ ਮਿਲਿਆ ਸੁਣਿਆ ਲਿਖਿਆ ਲਿਖਣੇ ਹਾਰ ਹਾਂ ਮੈਂ ।

ਲਾਟ ਟੇਕ ਸਿੰਘ ਨੇ ਆਪਨੇ ਨਾਮ ਪਰ ਨਯਾ ਪਿੰਡ ਬੰਨਣਾ ਕਲਾਲੀ ਟੇਕ ਸਿੰਘ ਵਾਲੀ

ਲਏ ਲਾਟ ਨੇ ਪਿੰਡ ਇਨਾਮ ਛੱਤੀ ਲੱਗਾ ਨਵਾਂ ਇਕ ਪਿੰਡ ਉਸਾਰਨੇ ਨੂੰ । ਮਹਾਂਰਾਜ ਰਣਜੀਤ ਸਿੰਘ ਆਪ ਹੱਥੀਂ ਨੀਵ ਪਿੰਡ ਦੀ ਬੱਧੀ ਪੁਕਾਰਨੇ ਨੂੰ। ਟੇਕ ਸਿੰਘ ਕਲਾਲੀ ਦਾ ਨਾਮ ਧਾਰਿਆ ਰਾਵ ਲਗਾ ਹੈ ਆਪ ਉਚਾਰਨੇ ਨੂੰ। ਸੁਹਾਗ ਨਦੀ ਦੇ ਕੰਢੇ ਤੇ ਮੈਹਲ ਰਚਿਆ ਰਾਜ ਲਗੇ ਜੋ ਕਈ ਸੁਆਰਨੇ ਨੂੰ । ਪਿਪਲ ਪਿਪਲੀ ਓਥੇ ਦੋ ਬ੍ਰਿਛ ਭਾਰੇ ਛਾਇਆ ਸੰਘਨੀ ਮੁਲਕ ਦੇ ਠਾਰਨੇ ਨੂੰ। ਪਿਪਲ ਪਿਪਲੀ ਹੇਠ ਬਨਾਯਾ ਕਮਰਾ ਕੁਲ ਖਲਕ ਦੇ ਦੁਖ ਨਿਵਾਰਨੇ ਨੂੰ। ਨਾਮ ਪਿਪਲ ਦਾ ਮਜਨੂੰ ਲਾਟ ਧਰਿਆ ਸਾਰੇ ਦੇਸ ਦੇ ਪਾਸ ਪੁਕਾਰਨੇ ਨੂੰ। ਲੈਲਾਂ ਪਿਪਲੀ ਨੂੰ ਕੁਲ ਲੋਕ ਸੱਦਨ ਆਏ ਗਏ ਦੇ ਦੁਖ ਨਿਵਾਰਨੇ ਨੂੰ। ਜੇਹੜਾ ਗਰਮੀ ਦੇ ਵਿਚ ਆ ਬਹੇ ਛਾਵੇਂ

ਭੁਲ ਜਾਂਵਦਾ ਕੁਲ ਵਿਹਾਰਨੇ ਨੂੰ । ਪਿੱਪਲ ਮਜਨੂੰ ਤੇ ਲੇਲਾਂ ਪਿਪਲੀ ਦਾ ਧਰਿਆ ਨਾਮ ਸੂਕਾਰਪੁਕਾਰਨੇ ਨੂੰ । ਠੰਢੀ ਛਾਂ ਤੇ ਝੀਤ ਨਾ ਧੁੱਪ ਵਾਲੀ ਘੜੀ ਸੁਖ ਦੀ ਬ੍ਰਿਛ ਗੁਜਾਰਨੇ ਨੂੰ । ਖਾਵਨ ਪੀਨਕਾਂ ਪੋਸਤੀ ਵਾਂਗ ਓਥੇ ਛਾਇਆ ਦੁਖੀਆਂ ਦੇ ਦਿਲ ਠਾਰਨੇ ਨੂੰ । ਲੇਲਾਂ ਮਜਨੂੰ ਪਿਪਲ ਤੇ ਪਿਪਲੀ ਜੋ ਆਏ ਦੁੱਖੀਆਂ ਦੇ ਦੁੱਖ ਟਾਰਨੇ ਨੂੰ । ਲਾਟ ਸਾਹਿਬ ਨੇ ਦੋਹਾਂ ਦੇ ਹੇਠ ਬੈਹਕੇ ਲਾਈ ਠੀਕ ਅਦਾਲਤ ਸਿੰਗਾਰਨੇ ਨੂੰ। ਗਰੀਬ ਗੁਰਬ ਦੇ ਫੈਸਲੇ ਕਰਨ ਲਗਾ ਸਚ ਝੂਠ ਦੇ ਖ਼ੂਬ ਨਿਤਾਰਨੇ ਨੂੰ । ਆਜਜ਼ ਬੰਦਿਆਂ ਦੀ ਰਖੇ ਲਜਿਆ ਜੋ ਆਯਾ ਪਾਪੀ ਬਦਮਾਸ਼ ਦੇ ਮਾਰਨੇ ਨੂੰ। ਲੰਬਰਦਾਰ ਕੁਲ ਪਿੰਡਾਂ ਦੇ ਨਜਰ ਲੈਕੇ ਆਏ ਲਾਟ ਦੇ ਕੁਲ ਦੀਦਾਰਨੇ ਨੂੰ । ਪਿਪਲ ਪਿਪਲੀ ਅਜੇ ਮੌਜੂਦ ਓਥੇ ਨਾਮ ਮਜਨੂੰ ਲੇਲਾਂ ਪੁਕਾਰਨੇ ਨੂੰ । ਬੂਟਾ ਸਿੰਘ ਨੇ ਝੂਠ ਨਾ ਕਦੇ ਕੈਹਨਾ ਲਗਾ ਸਚ ਹੀ ਸਚ ਉਚਾਰਨੇ ਨੂੰ।

## ਤਰੀਫ ਕਲਾਲੀ ਟੇਕ ਸਿੰਘ ਕੀ

ਸੁੰਦਰ ਗਰਾਮ ਹੈ ਇਸ ਪੰਜਾਬ ਅੰਦਰ ਕਲਾਲੀ ਟੇਕ ਸਿੰਘ ਉਸਦਾ ਨਾਮ ਲੋਕੋ । ਕਰਾਂ ਸਿਫਤ ਕੀ ਜਿਸਨੂੰ ਲਾਟ ਬੱਧਾ ਜਾਣੇ ਬੱਚਾ ਬੁਢਾ ਕੁਲ ਆਮ ਲੋਕੋ । ਵਿਚ ਗਰਾਮ ਦੇ ਬਨੀ ਇਕ ਧਰਮ ਸਾਲਾ ਸਾਰੇ ਮਸਤ ਹੋਏ ਵਿਚ ਨਾਮ ਲੋਕੋ। ਨਰ ਨਾਰ ਬਚੀ ਬਚਾ ਮਰਦ ਜਿਤਨੇ

ਕੁਲ ਜਪਦੇ ਰਾਮ ਹੀ ਰਾਮ ਲੋਕੋ। ਗਰਾਮ ਨਹੀਂ ਓਹ ਪੁਰੀ ਸੀ ਦਿਓਤਿਆਂ ਦੀ ਖਲਕਤ ਜਾਪ ਜਪਦੀ ਆਠੋ-ਜਾਮ ਲੋਕੋ। ਕਥਾ ਕੀਰਤਨ ਹਰਨਾਮ ਦੀ ਧੁਨੀ ਗੂੰਜੇ ਵਰਖਾ ਨਾਮ ਦੀ ਵਿਚ ਗਰਾਮ ਲੋਕੋ। ਸਿਫਤ ਲਾਇਕ ਇਮਾਰਤਾਂ ਬੈਠਕਾਂ ਜੋ ਜੜੇ ਹੀਰੇ ਤੇ ਮੋਤੀ ਤਮਾਮ ਲੋਕੋ। ਸੰਗਲਦੀਪ ਕਸ਼ਮੀਰ ਤੋਂ ਮੈਹਲ ਉਚੇ ਕਾਰੀਗਰਾਂ ਕੀਤਾ ਵਧੀਆ ਕਾਮ ਲੋਕੋ। ਸੋਹਣੇ ਨਕਸ਼ ਨਗਾਰ ਗਰਾਮ ਅੰਦਰ ਹੀਰੇ ਮੋਤੀਆਂ ਨਾਲ ਗਲਤਾਨ ਲੋਕੋ। ਇੰਗਲ ਸਤਾਨ ਪ੍ਰਸਤਾਨ ਜਨਾਨ ਨਾਲੋਂ ਇੰਦਰ ਪੁਰੀ ਤੋਂ ਵਧੀ ਆ ਗਰਾਮ ਲੋਕੋ। ਜਿਉਨਾ ਚਾਂਦੀ ਬਿਅੰਤ ਨਾ ਅੰਤ ਆਵੇ ਮਾਤ ਏਸ ਅਗੇ ਰੂਮ ਸ਼ਾਮ ਲੋਕੋ। ਓਥੇ ਟੇਕ ਸਿੰਘ ਖਾਸ ਜੋ ਰਾਜ ਕਰਦਾ ਖਲਕਤ ਵਸਦੀ ਨਾਲ ਅਰਾਮ ਲੋਕੋ। ਨੌਸ਼ੇਰਵਾਂ ਵਾਂਗ ਸੀ ਅਦਲ ਕਰਦਾ ਬਿਕ੍ਰਮਜੀਤ ਜੇਹੇ ਕਰੇ ਕਾਮ ਲੋਕੋ। ਕਰੇ ਨਿਆਉਂ ਨਾ ਸੁਣੀ ਸੁਣਾਈ ਕਰਦਾ ਜਿਵੇਂ ਭਰਥਰੀ ਜਨਕ ਤੇ ਰਾਮ ਲੋਕੋ। ਦਿਨੇ ਤਖਤ ਤੇ ਰਾਤ ਨੂੰ ਪਿੰਡ ਪੈਹਰਾ ਬਨ ਖੁਫੀਆ ਸੁਣੇ ਕਲਾਮ ਲੋਕੋ। ਰਾਜਾ ਕਰਨ ਹਾਤਮ ਹਰੀਚੰਦ ਜੈਸੇ ਦੇਖ ਸ਼ਰਮ ਖਾਵਨ ਉਸਦੇ ਕਾਮ ਲੋਕੋ। ਰੁਸਤਮ ਭੀਮ ਰਾਵਨ ਹਿਠਾਂ ਧੌਂਣ ਸਿਟਨ ਉਸਦਾ ਦੇਖਕੇ ਜੋਰ ਤਮਾਮ ਲੋਕੋ। ਅਗੇ ਆਪਦੇ ਫੌਜੀ ਵਜ਼ੀਰ ਐਸੇ ਅਫਲਾਤੂਨ ਨੂੰ ਗਿਣਨ ਗੁਲਾਮ ਲੋਕੋ। ਹਰਾਣ ਹੋਣ ਲੁਕਮਾਨ ਧਨੰਤ੍ਰੀ ਵੀ

ਅਕਲ ਦੇਖਕੇ ਹੋਗਏ ਖਾਮਲੋਕੋ। ਰਾਜੇਚੌਧਰੀਡੋਗਰੇ ਹੋਰ ਝੰਘੜ ਜਾਇਜਾਇਕੇ ਕਰਨ ਸਲਾਮ ਲੋਕੋ।ਕੁਲ ਮਾਮਲਾ ਦੇਣ ਸਰਦਾਰ ਸਯਦ ਛੱਟਾਂ ਭਰਕੇ ਲਿਆਂਵਦੇ ਦਾਮ ਲੋਕੋ ।ਗਿਨਣ ਬੈਠੇ ਖਜਾਨਚੀ ਗਿਨੀਜਾਵਨ ਉਤੋਂ ਸੁਭਾ ਤੋਂ ਹੋਗਈ ਸ਼ਾਮ ਲੋਕੋ। ਅੰਤ ਨਹੀਂ ਜੇ ਫੌਜ ਤੇ ਲਸ਼ਕਰਾਂ ਦਾ ਭੁਰਤੀ ਭਰੀ ਜਿਉਂ ਵਾਸਤੇ ਲਾਮ ਲੋਕੋ। ਕਈ ਲਖਾਂ ਸਿਪਾਹੀ ਨੇ ਘੋੜ ਚੜੇ ਖੜੇ ਚੁਸਤ ਰੈਂਹਦੇ ਆਠੋ ਜਾਮ ਲੋਕੋ। ਅਰਬ ਇਰਾਨ ਤੋਂ ਖੂਬ ਮੰਗਵਾਏ ਘੋੜੇ ਜੇਹੜੇ ਤੇਜ ਰਿਫਤਾਰ ਖੁਸ਼ ਗਾਮ ਲੋਕੋ। ਦੁਖੀ ਰਯਤ ਨੂੰ ਵੇਖ ਨਾ ਸਕਦਾ ਸੀ ਖਬਰ ਦਾਰੀ ਰਖੇ ਸੁਭਾ ਸ਼ਾਮ ਲੋਕੋ। ਪਿੰਡ ਪਿੰਡ ਦੇ ਵਿੱਚ ਕੁਲ ਕੀਤਾ ਪੈਹਰਾ ਪੂਰਣ ਕੀਤਾਸੂ ਖੂਬ ਇੰਤਜਾਮ ਲੋਕੋ। ਗਰਾਮ ਵਾਸੀ ਕੁਲ ਆਖਨ ਤੂੰ ਧੰਨ ਸਾਂਈਆਂ ਇਸਦੇ ਰਾਜ ਵਿਚ ਕੁਲ ਆਰਾਮ ਲੋਕੋ। ਬੂਟੇ ਸਿੰਘਾ ਹੁਣ ਬਹੁਤ ਕੀ ਸਿਫਤ ਕਰਣੀ ਹੋਰ ਏਸਦੇ ਸਮ ਨਾ ਧਾਮ ਲੋਕੋ।

## ਮਹਾਰਾਜ ਨੇ ਲਾਟ ਰੋ ਫੌਜ ਕੋ ਮੁਲਤਾਨ ਕੋ ਫਤੇ ਕਰਨ ਕੇ ਵਾਸਤੇ ਕੈਹਨਾ

ਪੰਦਰਾਂ ਯੋਮ ਬੀਤੇ ਪਿੰਡ ਲਾਟ ਜੀਦੇ ਰਾਵ ਆਖੇ ਹੁਣ ਕਰੋ ਤਿਯਾਰੀਆਂ ਨੂੰ। ਲਾਟ ਮੇਰੇ ਤੂੰ ਫੌਜ ਦੇ ਲਗ ਅੱਗੇ ਕੱਸ ਕਾਠੀਆਂ ਪਾਓ ਸਵਾਰੀਆਂ ਨੂੰ।ਚਲੋ ਝੌਦੇ ਮੁਲਤਾਨ ਨੂੰ ਫਤੇ ਕਰੀਏ ਫੇਰ ਆਨਕੇ ਕਰੋ ਸਰਦਾਰੀਆਂ ਨੂੰ।

ਚਲੋ ਇਕ ਹਫਤਾ ਨਹੀਂ ਲਗਣਾਏਂ ਚਲ ਬੀੜ ਦੇਵੋ ਤੋਪਾਂ ਸਾਰੀਆਂ ਨੂੰ। ਬੰਦੂਕ ਢਾਲ ਤਲਵਾਰ ਨੂੰ ਲੈ ਚਲੋ ਛਡੋ ਕੁਲ ਹੁਣ ਕਾਰ ਵਿਹਾਰੀਆਂ ਨੂੰ। ਘੋੜੇ ਰੱਥ ਪੀਨਸ ਮੋਟਰ ਫਿਟਨ ਹਾਥੀ ਫੌਜਾਂ ਲੈ ਚਲੋ ਏਥੋਂ ਭਾਰੀਆਂ ਨੂੰ। ਪੂਰਬ ਜਿਵੇਂ ਪੰਜਾਬ ਨੂੰ ਫਤੇ ਕੀਤਾ ਫਤੇ ਕਰੋ ਮੁਲਤਾਨ ਅਟਾਰੀਆਂ ਨੂੰ। ਹਾਥੀ ਮਸਤ ਮੱਥੇ ਤਵੇ ਬੰਨ੍ਹ ਝੋਕੋ ਬੂਹੇ ਭੰਨਕੇ ਕਰਨ ਏਹ ਬਾਰੀਆਂ ਨੂੰ। ਫੇਰ ਵਿਚ ਮੁਲਤਾਨ ਦੇ ਫਤੇ ਪਾਓ ਵਾਹੋ ਪਕੜ ਕੇ ਤੇਜ ਕਟਾਰੀਆਂ ਨੂੰ। ਦਾਰੂ ਸਿੱਕਾ ਬਰੂਦ ਨਾ ਰਸਤ ਮੁਕੇ ਭਾਂਵੇ ਘੋੜਿਆਂ ਪਾਓ ਨਿਹਾਰੀਆਂ ਨੂੰ। ਤਾਪ ਤੂਨ ਜਾਂ ਜਗ ਦੇ ਵਿਚ ਆਵੇ ਹੁੰਦਾ ਨਫਾ ਹਕੀਮਾਂ ਪਸਾਰੀਆਂ ਨੂੰ। ਤਿਵੇਂ ਫੌਜ ਦੇ ਵਿਚ ਤੁੱਕੀ ਹੁੰਦੀ ਤੇਜ ਵਾਹੁੰਦੇ ਜੇਹੜੇ ਤਲਵਾਰੀਆਂ ਨੂੰ। ਰਾਵ ਆਖ ਦਾ ਚਲ ਮੁਲਤਾਨ ਸਾਂਭੋਸਾਂਭਾਂ ਆਪਜਗੀਰਾਂਮੈਂ ਭਾਰੀਆਂ ਨੂੰ। ਬੂਟੇ ਸਿੰਘਾ ਹੁਣ ਸਖਨਾ ਲਾਟ ਬੋਲੇ ਖਾਲੀ ਸੀਸੀਆਂ ਜਿਵੇ ਅਤਾਰੀਆਂ ਨੂੰ।

## ਲਾਟ ਕਾ ਜਵਾਬ ਕਿ ਮੈਂ ਮੁਲਤਾਨ ਕੋ ਫਤੇ ਕਰਨੇ ਮੇਂ ਸ਼ਾਮਲ ਨਹੀਂ ਹੂੰ

ਲਾਟ ਆਖਦਾ ਨਾਲ ਨਾ ਮੁਝ ਜਾਨਾ ਟੁਰਨਾ ਵਲ ਮੁਲਤਾਨ ਅਯੋਗ ਰਾਜਾ। ਇਥੋਂ ਤਕ ਮਿਲਾ ਮੇਰਾ ਨਾਲ ਤੇਰੇ ਅਗਾਂ ਨਾਲ ਨਾ ਤੇਰੇ ਸੰਜੋਗ ਰਾਜਾ। ਕਿਸੇ ਉਤੇ ਜੇ ਜੁਲਮਤੇ ਜਬਰਕਰੀਏ ਤਾਂਹੀ ਬਿਗੜਦਾ ਲੋਗਪਲੋਗ

ਰਾਜਾ। ਜਿਵੇਂ ਆਪਨੂੰ ਦੁਖ ਕੋਈ ਪਵੇ ਬਿਪਤਾ ਭੁਲ ਜਾਂਵਦੇ ਖੁਸ਼ੀ ਦੇ ਭੋਗ ਰਾਜਾ। ਮੈਨੂੰ ਲੋੜ ਨਾ ਵੈਰ ਦੇ ਪਾਂਵਨੇ ਦੀ ਗੁਰੂ ਕਟਿਆ ਵੈਰ ਦਾ ਰੋਗ ਰਾਜਾ। ਕਿਸੇ ਨ੍ਰਿਪ ਨੂੰ ਰਾਜ ਤੋਂ ਬਾਹਰ ਕਢੋ ਚਿੱਤ ਦੁਖੀ ਤੇ ਪਕੜਸੀ ਸੋਗ ਰਾਜਾ। ਮਲਕਲ ਮੌਤ ਜਾਂ ਤੁਧਨੂੰ ਲਾਵੇ ਅਗੇ ਫੇਰ ਦਿਸ਼ਾ ਤੇਰੀ ਕਹੀ ਹੋਗ ਰਾਜਾ। ਤਿਵੇਂ ਹੋਰਾਂ ਦਾ ਚਿੱਤ ਵੀ ਦੁਖੀ ਹੁੰਦਾ ਸਮ ਆਪਦੇ ਜਾਣ ਕੁਲ ਲੋਗ ਰਾਜਾ। ਨਾਲੇ ਰਯਤ ਮਗਰੂ ਮੇਰੀ ਦੁਖੀਹੋਸੀ ਸੁੰਞੀ ਛੱਡਕੇ ਜਾਨਾ ਨਾ ਜੋਗ ਰਾਜਾ। ਜਦੋਂ ਗਿਰੀ ਬਦਾਮ ਦੀ ਕਢ ਲਈਏ ਬਾਕੀ ਕੰਮ ਕੇਹੜੇ ਫੇਰਫੋਗ ਰਾਜਾ।ਇਕ ਮਿੰਟ ਨਾ ਰਯਤ ਵਿਸਾਰਦੀਏ ਮੈਨੇ ਪਾਵਨਾ ਨਹੀਂ ਵਿਯੋਗ ਰਾਜਾ। ਮੈਨੂੰ ਗੁਰੂ ਨੇ ਰਾਜ ਹੁਣ ਬਖਸ਼ ਦਿਤਾ ਹੋਣਾ ਜੋਸੀ ਗਿਆ ਹੁਣ ਹੋਗ ਰਾਜਾ। ਬੂਟੇ ਸਿੰਘਾ ਨਾ ਲਾਟ ਨੇ ਨਾਲ ਟੁਰਨਾ ਏਥੇ ਲਾਟ ਦੀ ਪਈ ਹੈ ਚੋਗ ਰਾਜਾ।

## ਜਵਾਬ ਰਾਜਾ

ਰਾਜੇ ਆਖਿਆ ਕਦੇ ਨਾ ਵਾਕ ਮੋੜੇਂ ਮੇਰੀ ਤਰਫ ਅਜ ਧਰੇਂ ਧਿਆਨ ਨਾਂਹੀ।ਲਛਮਨ ਰਾਮ ਦੇ ਮਗਰ ਬਨ ਬਾਸ ਲੀਤਾ ਗੱਲ ਸੁਨ ਦਾ ਕਰਕੇ ਕਾਨ ਨਾਂਹੀ। ਲਾਂਦਾ ਮੁਖੜਾ ਤਰਫ ਭੁਆਇ ਮੇਰੀ ਕੀਤਾ ਮੁਝ ਤੇਰਾ ਅਪਮਾਨ ਨਾਂਹੀ। ਤੇਰੇ ਬਾਝ ਨਾ ਫਤੇ ਮੁਲਤਾਨ ਹੋਵੇ ਕਿਉਂ ਚੱਲ ਦਾ ਮੁਝ ਦੀ ਜਾਨ ਨਾਂਹੀ। ਕੋਈ ਸਖਤ ਕਲਾਮ ਨਾ ਤੈਨੂੰ

ਕੀਤੀ ਕੀਤਾ ਮੁਝ ਨੇ ਕੋਈ ਗੁਮਾਨ ਨਾਂਹੀ। ਵਾਰੀ ਵੈਂਵਾਂ ਕੁਰਬਾਨ ਹਾਂ ਤੁਧ ਉਤੋਂ ਤੂੰ ਕੋਈ ਭੋਲਿਆ ਮੈਥੋਂ ਅਜਾਨ ਨਾਂਹੀ। ਏਥੇ ਵਸੀ ਨਾ ਅਸਾਂ ਨੇ ਫੇਰ ਕੈਹਨਾ ਵਾਰੀ ਏਹੋ ਸਾਡੀ ਤੋੜੀ ਮਾਨ ਨਾਂਹੀ। ਸਾਡਾ ਬਚਨ ਨਾ ਕਦੇ ਤੂੰ ਮੋੜਿਆ ਸੀ ਮੰਨ ਜਾਹ ਤੇ ਹੋ ਪ੍ਰੇਸ਼ਾਨ ਨਾਂਹੀ। ਵਿਚੋਂ ਸਾਥੀਆਂ ਸਾਥ ਤਿਆਗਦਾ ਕਿਉਂ ਕੀਤਾ ਮੁਝ ਤੇਰਾ ਨੁਕਸਾਨ ਨਾਂਹੀ।ਫੌਜ ਤੁਧਦੇ ਬਾਝ ਕੁਲ ਮ੍ਰਿਤ ਦਿੱਸੇ ਮਛੀ ਵਿਚ ਜਲ ਬਾਝ ਪ੍ਰਾਨ ਨਾਂਹੀ। ਭਰਥ ਰੋਂਵਦਾ ਵੀਰ ਦੇ ਮਗਰ ਭਜੇ ਰਾਮ ਸੁਨਦਾ ਰੋਂਦੇ ਦੇ ਬਿਆਨ ਨਾਂਹੀ। ਤੇਰੇ ਬਾਝ ਨਾ ਯੁਧ ਨੇ ਜਾਗਨਾ ਏਂ ਬਿਨਾ ਤੇਲ ਜਾਗੇ ਸ਼ਮਾ ਦਾਨ ਨਾਂਹੀ। ਤੇਰੇ ਬਾਝ ਨਾ ਕੰਮ ਨੇ ਰਾਸ ਹੋਣਾ ਬਾਝ ਪਾਣੀ ਦੇ ਜਿਵੇਂ ਅਸ਼ਨਾਨ ਨਾਂਹੀ। ਮੰਨ ਜਾਹ ਤੂੰ ਮੋੜ ਨਾ ਵਾਕ ਮੇਰਾ ਚੰਗਾ ਕਰਣਾ ਖੁਦੀ ਅਭਮਾਨ ਨਾਂਹੀ। ਜੇਹੜੇ ਹੋਏ ਬਲਵਾਨ ਨਾ ਕਰਨ ਸ੍ਵਾਰਥ ਖੁਸ਼ੀ ਉਹਨਾ ਤੇ ਕਦੇ ਭਗਵਾਨ ਨਾਂਹੀ। ਹੀਰੇ ਮੋਤੀਆਂ ਵਲ ਹੈ ਨਜਰ ਤੇਰੀ ਏਥੋਂ ਚੱਕ ਲੈਜਾਨਾ ਸਮਾਨ ਨਾਂਹੀ। ਢਾਈ ਗਜਾਂ ਦਾ ਆਖਰੀ ਮਿਲੇ ਖੱਫਣ ਸਦਾ ਰੈਹਨਦਾ ਏਥੇ ਮਕਾਨਨਾਂਹੀ। ਛਪਨਕੋਟ ਆਹੀ ਵੰਸ ਯਾਦਵਾਂ ਦੀ ਰਿਹਾ ਓਨ੍ਹਾਂ ਦਾ ਨਾਮ ਨਿਸ਼ਾਨ ਨਾਂਹੀ। ਭੀਮ ਅਰਜਨ ਤੇ ਬਿਕ੍ਰਮਾਂ ਕਰਨ ਰਾਜਾ ਏਥੇ ਰਿਹਾ ਸੁਲਤਾਨ ਬਲਵਾਨ ਨਾਂਹੀ। ਬੂਟਾ ਸਿੰਘ ਕਹੇ ਲਾਟ ਤੂੰ ਲਗ ਅਗੇ ਏਥੇ ਅਟਕਨਾ ਕਿਸੇ ਜੁਆਨ ਨਾਂਹੀ।

## ਜਵਾਬ ਲਾਟ

ਧਾੜਾਂ ਸ਼ੇਰਾਂਦੀਆਂ ਹੋਨ ਇੱਕ ਕਿਠੀਆਂ ਨਾ ਲਗਦੇ ਮੋਤੀਆਂ ਦੇ ਨਹੀਂ ਢੇਰ ਰਾਜਾ।ਡਾਰਾਂ ਹੰਸਾਂ ਦੀ ਵਿਰਲੇ ਹੀ ਵੇਖਦੇਨੀ ਜਬਰ ਹੋਏ ਨਾਂਹੀ ਕਦੀ ਜ਼ੇਰ ਰਾਜਾ। ਪਾਰਸ ਲਭਦਾ ਕਿਸੇ ਪਹਾੜ ਅੰਦਰ ਚੰਦਨ ਦਿਸੇ ਨਾ ਚਾਰ ਚੁਫੇਰ ਰਾਜਾ। ਸਾਧ ਸੋ ਜੋ ਸਾਧਨਾ ਵਿਚ ਕਾਇਮ ਬਨੇ ਸਾਧ ਨਾ ਝੰਡ ਖਲੇਰ ਰਾਜਾ। ਹੁੰਦਾ ਦੁਧ ਸਮੁੰਦਰਸੈਣ ਵਿਰਲਾ ਘਾਹ ਖਾਹਕੇ ਖੁਸ਼ੀ ਨਾ ਸ਼ੇਰ ਰਾਜਾ। ਖੋਜੀ ਵਿਰਲਾ ਹਕੀਮ ਹੈ ਕੋਈ ਪੂਰਾ ਵਹੁਤੇ ਫਿਰਦੇ ਨੇ ਪਾਈ ਹਨੇਰ ਰਾਜਾ। ਬਾਜ ਮਾਸ ਨੂੰ ਛਡ ਨਾ ਘਾਸ ਖਾਵਨ ਜਾਨਾ ਨਹੀਂ ਮੈਂ ਆਖੀਂ ਨ ਫੇਰ ਰਾਜਾ।ਖੂਹ ਪਿੰਡ ਪਹਾੜ ਜੇ ਉਠ ਟੁਰਸਨ ਫੇਰ ਮੁੜਦੀ ਵੀ ਨਹੀਂ ਡੇਰ ਰਾਜਾ। ਨੂਢੀ ਪਗ ਦੇ ਬੰਨਿਆਂ ਬਨੈ ਬੰਦਾ ਮੈਨੂੰ ਅਖ ਨਾਂਹੀ ਵੇਰ ਵੇਰ ਰਾਜਾ। ਗੁੜ ਗੁੰਗੇ ਨੂੰ ਖੁਆਇਕੇ ਸੁਆਦ ਪੁਛੇ ਆਖੇ ਗੁੰਗਾ ਕਿਉਂ ਲਾਂਵਦਾ ਡੇਰ ਰਾਜਾ। ਮਸੀਤ ਵਿਚ ਤੂੰ ਬਾਮਨ ਬਠਾਵਨਾਏ ਲੋੜੇਂ ਦੇਸ ਦੇ ਵਿਚ ਹਨੇਰ ਰਾਜਾ। ਬੰਦ ਬੰਦ ਜੇ ਟੁਟ ਸਰੀਰ ਹੋਵੇ ਵਾਕ ਪਲਟਨਾ ਨਹੀਂ ਮੈਂ ਫੇਰ ਰਾਜਾ। ਗੀਗਾ ਗਈਆਂ ਨਾ ਹਡੀਆਂ ਮੂਲ ਮੁੜੀਆਂ ਜਿਵੇਂ ਹੱਥ ਤੋਂ ਛੁਟੇ ਗੁਲੇਲ ਰਾਜਾ। ਫਲ ਡਿਗਿਆਂ ਨਾਲ ਨਾ ਮੂਲ ਜੁੜਦਾ ਅੰਬ ਸੇਉ ਯਾ ਜਾਨ ਤੂੰ ਬੇਰ ਰਾਜਾ। ਬੂਟਾ ਸਿੰਘ ਕਹੇ ਲਾਟ ਦਾ ਵਾਕ ਹੋਯਾ ਜਾਣਾ

ਨਾਲ ਨਾਂਹੀ ਇਕ ਵੇਰ ਰਾਜਾ।

### ਵਾਕ ਰਾਜਾ

ਰਾਜੇ ਆਖਿਆ ਖਾਇਕੇ ਨਿਮਕ ਮੇਰਾ ਮੰਨੇ ਨਾ ਤਾਂ ਤੈਨੂੰ ਮਰਵਾਵਸਾਂ ਮੈਂ। ਸਾਰੀ ਫੌਜ ਨੂੰ ਤੁਧ ਦੇ ਮਗਰ ਲਾਵਾਂ ਨਾਲ ਗੋਲੀਆਂ ਤੈਨੂੰ ਤੁੜਾਵਸਾਂ ਮੈਂ। ਅੜੀ ਗਧੇ ਵਾਲੀ ਏਥੇ ਬੰਨ ਬੈਠੋਂ ਮਾਰ ਚਾਬਕਾਂ ਖੱਲ ਉਡਾਵਸਾਂ ਮੈਂ। ਰਯਤ ਨਾਲ ਸੁਲਤਾਨ ਦੇ ਜੰਗ ਬੰਨੇ ਮਾਸ ਉਨਹਾਂ ਦਾ ਕੁਤਿਆਂ ਪਾਵਸਾਂ ਮੈਂ। ਹਤਕ ਨਫਰ ਜੋ ਮਾਲਕ ਦੀ ਕੀਤੀ ਲੋੜੇ ਉਸਦਾ ਨਾਮ ਨਿਸ਼ਾਨ ਗਵਾਵਸਾਂ ਮੈਂ। ਦੰਦ ਦਾਨਿਆਂ ਵਾਂਗ ਘੜਾ ਦੇਸਾਂ ਮੂੰਹ ਵਾਂਗ ਅਨਾਰ ਟਡਾਵਸਾਂ ਮੈਂ। ਮੰਨ ਜਾਹ ਹਾਇ ਵਾਸਤੇ ਲਾਟ ਮੇਰੇ ਨਹੀਂ ਵਿਚ ਜਮੀਨ ਗਡਾਵਸਾਂ ਮੈਂ। ਮੌਤ ਤੁਧ ਨੂੰ ਛਾਤੀਆਂ ਝੱਕ ਮਾਰੇ ਮੰਨ ਜਾਹ ਨਹੀਂ ਮਾਰ ਮੁਕਾਵਸਾਂ ਮੈਂ। ਜੇਕਰ ਵਾਕ ਤੂੰ ਮੋੜਿਆ ਹੁਣ ਮੇਰਾ ਤੈਨੂੰ ਤੇਗ ਦਾ ਮਜਾ ਚਖਾਵਸਾਂ ਮੈਂ। ਰਾਹ ਛਡਕੁਰਾਹੇ ਤੂੰਟੁਰੇਂ ਲਾਟਾ ਬੰਦਬੰਦ ਹਾਇ ਤੇਰਾ ਛੁਡਾਵਸਾਂ ਮੈਂ। ਸੂਰਜ ਅਗੇਕੀ ਤੇਜ਼ ਟਟਾਨਿਆਂਦਾ ਭਲੀਤਰਾਂਸੇ ਤੈਨੂੰ ਸਮਝਾਵਸਾਂ ਮੈਂ। ਇਕ ਆਦਮੀ ਮੁਲਕ ਤੋਂ ਹੋਵੇ ਆਕੀ ਅੜੀ ਭੰਨਕੇ ਅਜ ਹਟਾਵਸਾਂ ਮੈਂ। ਨਵਾਂ ਦੁਖ ਸ਼ਿਤਾਬੀ ਹਾਏ ਦੂਰ ਹੁੰਦਾ ਤੇਰਾ ਅਜ ਹੀ ਦੁਖ ਮਿਟਾਵਸਾਂ ਮੈਂ। ਨਹੀਂ ਮਰਜ ਪੁਰਾਣੀ ਮੈਂ ਹੋਣ ਦੇਨੀ ਦੁਸ਼ਮਨ ਜੰਮਦਿਆਂ ਮਾਰ ਮੁਕਾਵਸਾਂ ਮੈਂ। ਤੇਰਾ ਜੋਰ ਤੇ ਸੂਰਮਤਾ ਵੇਖ

ਲੈਸਾਂ ਮਾਰੇ ਬਿਨਾ ਨਾਹੀਂ ਏਥੋਂ ਜਾਵਸਾਂ ਮੈਂ। ਮੰਨ ਜਾਵੇਂ ਤਾਂ ਹੋਰ ਜਗੀਰ ਦੇਸਾਂ ਰਾਵ ਆਪਦੇ ਤੁਲ ਬਨਾਵ ਸਾਂ ਮੈਂ। ਚਲੋ ਚਲ ਮੁਲਤਾਨ ਨੂੰ ਫਤੇ ਕਰੀਏ ਓਹਵੀ ਤੁਧ ਦੇ ਨਾਮ ਲਖਾਵਸਾਂ ਮੈਂ। ਮੰਨ ਜਾਨ ਦੀ ਗਤੀ ਨਾ ਆਖ ਸਕਾਂ ਧੰਨ ਦੌਲਤਾਂ ਹੋਰ ਦੁਆਵਸਾਂ ਮੈਂ। ਹੀਰੇ ਮੋਤੀ ਜਵਾਹਰ ਤੇ ਸਵਰਨ ਚਾਂਦੀ ਕੁਲ ਤੁਧ ਦੇ ਅਗੇ ਟਿਕਾਵ ਸਾਂ ਮੈਂ। ਜੋ ਕਹੇਂ ਸੋ ਮੈਨੂੰ ਮਨਜ਼ੂਰ ਹੋਸੀ ਤੇਰਾ ਵਾਕ ਨਾ ਫੇਰ ਭੁਆਵਸਾਂ ਮੈਂ। ਜੇਹੜੀ ਚੰਗੀ ਲਗੇ ਉਸਨੂੰ ਮੰਨ ਜਾਵੀਂ ਪਿਆਰ ਵੈਰ ਦੇ ਨਾਲ ਮਨਾਵਸਾਂ ਮੈਂ। ਇਕ ਵਾਰਤੂੰ ਚਲ ਮੁਲਤਾਨ ਵਲੇ ਤੇਰੇ ਕੀਤੇ ਉਪਕਾਰ ਨੂੰ ਗਾ-ਵਸਾਂ ਮੈਂ। ਬੂਟੇ ਸਿੰਘਾ ਹੁਣ ਲਾਟ ਨੂੰ ਕਹੇ ਰਾਜਾ ਜਿਵੇਂ ਮੰਨਸੇਂ ਉਵੇਂ ਮਨਾਵਸਾਂ ਮੈਂ।

### ਜਵਾਬ ਲਾਟ

ਬਸ ਹੋਸ਼ ਕਰ ਚੁਪ ਖਮੋਸ਼ ਹੋਜਾ ਅਗੇ ਧਰਮੀ ਅਮੀਰ ਵਜੀਰ ਕਿਆ ਹੈ। ਮਰਨਾ ਜੀਵਣਾ ਮੁਝ ਨੇ ਯਕ ਜਾਤਾ ਇਸ ਚੋਲੇ ਨੇ ਰੈਹਨਾ ਅਖੀਰ ਕਿਆ ਹੈ। ਆਂਚ ਜਾਲੇ ਨਾ ਆਬ ਮੇਂ ਡੂਬਤੇ ਹੈਂ ਉਨਹੇ ਤੇਗੁ ਬੰਦੂਕ ਔ ਤੀਰ ਕਿਆ ਹੈ। ਯਕ ਰੰਗ ਮੈਨੇ ਲੱਖ ਕੱਖ ਜਾਨਾ ਮੇਰੇ ਸਾਮਨੇ ਸ਼ਾਹ ਫਕੀਰ ਕਿਆ ਹੈ। ਬੇ ਐਬ ਕਬੀਰ ਕਰੀਮ ਤਸਬੀ ਨੇਕ ਕਾਮ ਮੇਂ ਹੋਣਾ ਦਲਗੀਰ ਕਿਆ ਹੈ। ਏਸ ਦੁਨੀਆਂ ਸੇ ਮੈਂ ਅਜ਼ਾਦ ਹੂਆ ਸਿਰ ਪਰ ਰੱਖ ਤਕਦੀਰ ਤਦਬੀਰ

ਕਿਆ ਹੈ। ਮੈਰੇ ਲੀਏ ਯਕ ਸਾਰ ਕੰਧਾਰ ਕਾਬਲ ਸਿੰਧ ਹਿੰਦ ਔਕੋਹ ਕਸ਼ਮੀਰ ਕਿਆ ਹੈ। ਖਾਕੀ ਫਰਸ਼ ਪਰ ਬਿਸਤ੍ਰ ਹੈ ਖਾਸ ਮੇਰਾ ਦਫਨ ਹੋਣਾ ਤੇ ਫੇਰ ਤਕਸੀਰ ਕਿਆ ਹੈ। ਦੁਨੀਆ ਚੰਦ ਰੋਜ਼ਾ ਬਾਦਸ਼ਾਹ ਮੈਰੇ ਰਹੇ ਦਾਇਮ ਔ ਪੀਰ ਫਕੀਰ ਕਿਆ ਹੈ।ਜੁਬਾਂ ਪੀਰ ਤਿਫਲਕ ਦੇਖ ਨਾਲ ਚਸਮਾਂ ਏਥੇ ਠੈਹਰਨਾਂ ਕਿਸੇ ਅਖੀਰ ਕਿਆਹੈ। ਦੁਨੀਆ ਖਾਸ ਮੁਕਾਮ ਫਨਾਹ ਵਾਲਾ ਏਥੇ ਅਟਕਨਾ ਰਾਮ ਰਘਬੀਰ ਕਿਆਹੈ।ਪਿਸਰਪਦਰ ਬਿਰਾਦਰ ਨਾ ਰਖ ਸਕੇ ਦਸਤਗੀਰ ਫੜਨੀ ਕਿਸੇ ਪੀਰ ਕਿਆਹੈ।ਬਦ ਬਖਤ ਹਮਚੁ ਬਖੀਲ ਗਾਫਲ ਐਸੇ ਪੁਰਸ਼ਾਂ ਤੇ ਮੇਹਰ ਕਬੀਰ ਕਿਆ ਹੈ। ਜੁਲਮ ਜਬਰ ਜੋ ਕਰਨ ਜਹਾਨ ਅੰਦਰ ਲੂਣ ਵਾਂਗ ਖੁਸਨਧਰਨੀ ਧੀਰਕਿਆਹੈ। ਤੂੰਹੀ ਰਖ ਇਤ ਕਾਦ ਨਾ ਨਾਲ ਜਾਵਾਂ ਮੇਰੇ ਸਾਮਨੇ ਰਾਵ ਤੇ ਮੀਰ ਕਿਆ ਹੈ। ਹਰ ਹਾਲ ਮੇਂ ਮਸਤ ਹੈਂ ਰਾਹਿ ਮੌਲਾ ਹਮੇ ਗੋਦੜੀ ਔਰ ਹਰੀਰ ਕਿਆ ਹੈ। ਛਡੇ ਕੁਲ ਸੁਆਦ ਜਹਾਨ ਵਾਲੇ ਮੇਵੇ ਬਾਗ ਵਾ ਜੰਡ ਕਰੀਰ ਕਿਆ ਹੈ। ਬੂਟਾ ਸਿੰਘ ਕਹੇ ਲਾਟ ਹੁਣ ਰਾਵ ਤਾਂਈ ਫੌਤ ਵੇਲੇ ਕਿਸ ਜਾਨਾ ਅਧੀਰ ਕਿਆ ਹੈ।

## ਜਵਾਬ ਰਾਜਾ

ਲਾਟਾ ਨਿਜ ਤੂੰ ਜੰਮਦੋਂ ਰਾਵ ਆਖੇ ਤੈਨੇ ਜੰਮਕੇ ਮੇਰਾ ਸਵਾਰਿਆ ਕੀ।ਥੋੜੇ ਮੂਲਕ ਬਦਲੇ ਸਾਥ ਤਿਯਾਗ-

ਨਾਂਏਂ ਐਂਵੇਂ ਕੂੜ ਮੇਂ ਫਿਰੇਂ ਹੰਕਾਰਿਆ ਕੀ। ਬਕਰੇਵਾਂਗ ਕਸਾਬਾਂ ਦੇ ਹੱਥ ਘਲਾਂ ਤੈਨੂੰ ਕੌਣ ਫਿਰ ਦਸ ਛਿਡਾਰਿਆ ਕੀ। ਸ਼ੇਰ ਗਊ ਪਾਣੀ ਇਕੇ ਘਾਟ ਪੀਂਦੇ ਮੇਰੇ ਤੇਜ ਨੂੰ ਤੈਂ ਵਿਸਾਰਿਆ ਕੀ। ਤੈਨੂੰ ਕਰਾਂ ਫਨਾਹ ਜਹਾਨ ਵਿਚੋਂ ਫੇਰ ਮਿਲੈਂਗਾ ਦਸ ਪਿਆਰਿਆ ਕੀ। ਚਿੜੀ ਹੋਇਕੇ ਬਾਜ ਦੇ ਨਾਲ ਲੜਦੀ ਉਸਨੇ ਮੌਤ ਦਾ ਖੌਫ ਵਿਸਾਰਿਆ ਕੀ। ਕਹਾਂ ਝੱਟ ਸਿਪਾਹੀਆਂ ਨੂੰ ਤੋਪ ਬੀੜੋ ਹੱਡ ਹੱਡ ਤੁੜਾਂਵੇਂ ਪਿਆਰਿਆ ਕੀ। ਉਰਦੂ ਫਾਰਸੀ ਭੁਲ ਜਬਾਨ ਜਾਸੀ ਮੰਨ ਜਾ ਤੂੰ ਵਕਤ ਗੁਜਾਰਿਆ ਕੀ। ਤਰਸ ਕਰਾਂ ਮੈਂ ਤੇਰਾ ਗਰੀਬ ਕਰਕੇ ਐਵੇਂ ਸੁਵਿੰਆ ਵਕਤ ਨੂੰ ਟਾਰਿਆ ਕੀ। ਉਠ ਟੁਰ ਮੁਲਤਾਨ ਨੂੰ ਨਾਲ ਇਜ਼ਤ ਅਪਨੀ ਆਬਰੂ ਐਵੇਂ ਗੁਆਰਿਆ ਕੀ। ਖੂਨੀ ਸ਼ਕਲ ਤੇ ਕ੍ਰੋਧ ਦੇ ਨਾਲ ਰਾਜਾ ਆਖੇ ਅਸਾਂ ਦਾ ਵਾਕ ਭੁਆਰਿਆ ਕੀ। ਪਾਲੋ ਸੱਪ ਨੂੰ ਚਾਹੇ ਪਿਆਰ ਕਰਕੇ ਵਡਾ ਹੋਵੇ ਤਾਂ ਡੰਗ ਚਲਾਰਿਆ ਕੀ। ਸ਼ੇਰ ਰਖੋ ਪਿਆਰ ਸੇ ਵਿਚ ਗਊਆਂ ਮਾਰੇ ਗਊ ਓਹ ਦਸ ਬਚਾਰਿਆ ਕੀ। ਬੁਰੇ ਪੁਰਸ਼ ਤੋਂ ਦਸੋ ਭਲਿਆਈ ਕਿਥੇ ਕਦੇ ਸਿਆਨਿਆਂ ਝੂਠ ਉਚਾਰਿਆ ਕੀ। ਮਾਰ ਕਰਾਂ ਟੋਟੇ ਹੈ ਲਿਹਾਜ ਐਪਤ ਮੇਰੇ ਹੱਥ ਔਸੀ ਤੇਰੇ ਮਾਰਿਆ ਕੀ। ਦਿਤੇ ਪਿੰਡ ਤੇ ਆਪ ਸਮਾਨ ਕੀਤਾ ਅਸਾਂ ਤੁਧ ਦਾ ਦਸ ਵਿਡਾਰਿਆ ਕੀ। ਨੇਕੀ ਦੇਨ ਲਗੋਂ ਪਿੰਡਾਂ ਦਿਤਿਆਂ ਦੀ ਉਲਫਤ ਅਸਾਂ ਉਤੇ ਏਹੋ

ਚਾਹੁਤਿਆ ਕੀ। ਸੂਰਾ ਬਨ ਤੂੰ ਯੁਧ ਦੇ ਲਗ ਅਗੇ ਰਣ ਭੂਮੀ ਅੰਦਰ ਸੋਭਾ ਪਾਰਿਆ ਕੀ। ਛਬ ਆਖ ਨਾ ਸਕਾਂ ਮੈਂ ਤੁਧ ਵਾਲੀ ਲੜਨ ਸਮੇਂ ਤੂੰ ਫੌਜ ਲੜਾਰਿਆ ਕੀ। ਕਰ ਮੇਹਰਬਾਨੀ ਚਲ ਨਾਲ ਸਾਡੇ ਅੜੀ ਡਾਹ ਕਿਉਂ ਵਕਤ ਘੁਸਾਰਿਆ ਕੀ। ਬੂਟਾ ਸਿੰਘ ਵੀ ਤੈਥੋਂ ਬਲਹਾਰ ਜਾਸੀ ਮੰਨ ਜਾਹ ਓਏ ਦੇਸ ਸਤਾਰਿਆ ਕੀ।

## ਜਵਾਬ ਲਾਟ

ਲਾਟ ਆਖਦਾ ਸੁਣੋ ਸੂਕ੍ਰਾਰ ਮੇਰੀ ਰਾਜ ਪਾਟ ਦਾ ਤੈਨੂੰ ਹੰਕਾਰ ਰਾਜਾ। ਦੌਲਤ ਦੂਬ ਲਸ਼ਕਰ ਭੂਮ ਦੇਖ ਗਰਬੇਂ ਅੱਖੀਂ ਤੁਧ ਦੀ ਛਾਯਾ ਗੁਬਾਰ ਰਾਜਾ। ਫਰਕ ਕਿਸਮਤ ਦਾ ਪਾਤਸ਼ਾਹ ਤੂੰ ਬਨਿਆਂ ਕੀਤੇ ਕਰਮ ਤੈਂ ਨੇਕ ਅੰਸਾਰ ਰਾਜਾ। ਜੈਸੇ ਹੱਥ ਤੇ ਪੈਰ ਸਰੀਰ ਤੇਰਾ ਤੈਸਾ ਮੂਝ ਨੂੰ ਲਈਂ ਵਿਚਾਰ ਰਾਜਾ। ਰੁਧਰ ਨਿਕਲੇ ਮੇਰੇ ਸਰੀਰ ਵਿਚੋਂ ਨਹੀਂ ਤੁਧ ਦੇ ਦੁਧ ਦੀ ਧਾਰ ਰਾਜਾ। ਇਕ ਹੋਰ ਦ੍ਰਿਸ਼ਟਾਂਤ ਸੁਣ ਰਾਵ ਮੇਰੇ ਤੈਨੂੰ ਦਸ ਸਾਂ ਭਲੀ ਪ੍ਰਕਾਰ ਰਾਜਾ। ਦੋਇ ਸ਼ਾਹ ਕੰਗਾਲ ਜੋ ਫੌਤ ਹੋਏ ਸਾੜੋ ਦੋਹਾਂ ਨੂੰ ਭੂਮ ਮੰਝਾਰ ਰਾਜਾ। ਤੁਸੀ ਸਾਹ ਕੰਗਾਲ ਨੂੰ ਸਾੜ ਸੁਟੋ ਹੱਡ ਦੋਹਾਂ ਦੇ ਲਿਆਓ ਬਜਾਰ ਰਾਜਾ। ਬੰਨੋ ਦੁਹਾਂ ਦੇ ਫੁਲ ਇਕ ਕਪੜੇ ਮੇਂ ਪ੍ਰੀਖਿਆ ਕਰਨ ਲਈ ਹੋਵੇ ਤਿਯਾਰ ਰਾਜਾ। ਸਦੋ ਪਾਰਖੀ ਪ੍ਰਖ ਕਰਾਵਨੇ ਨੂੰ ਬੁਧਵਾਨ ਜੋ ਹੋਣ ਹੁਸ਼ਿਆਰ ਰਾਜਾ। ਪੂਛੋ ਹੱਡ ਕੰਗਾਲ ਦੇ ਉਨਹਾਂ

ਪਾਸੋਂ ਅਤੇ ਸ਼ਾਹ ਦੇ ਪੁਛੇ ਵਿਚਾਰ ਰਾਜਾ । ਹੁੰਦੀ ਮੂਲ ਪਛਾਨ ਨਾ ਹੱਡੀਆਂ ਦੀ ਸੋਚ ਆਪਨੇ ਚਿੱਤ ਮੇਂ ਧਾਰ ਰਾਜਾ । ਤੇਰੀ ਮੇਰੀਪਛਾਨ ਨਾ ਮੂਲ ਆਖਰ ਜਦੋਂ ਭੌਰ ਹੋਗਿਆ ਤਿਆਰ ਰਾਜਾ।ਬੰਦਾ ਬੰਦਗੀ ਬਾਝ ਤੂੰ ਜਾਨਗੰਦਾ ਮਰਿਆਂ ਮੁਲ ਨਾ ਕੌਡੀਆਂ ਚਾਰ ਰਾਜਾ । ਪਸ਼ੂ ਬੰਦਿਓਂ ਚੰਗਾ ਹੈ ਲਾਖ ਦਰਜੇ ਮਰੇ ਪਸੂ ਲੈ ਜਾਨ ਚਮਾਰ ਰਾਜਾ। ਜੀਊਂਦਿਆਂ ਦੁਧ ਤੇ ਮੋਇਆਂ ਦੇ ਬਨਣ ਜੋੜੇ ਮੇਰੀ ਗੱਲ ਤੇ ਕਰੀਂ ਇਤਬਾਰ ਰਾਜਾ । ਇਕ ਹੋਰ ਪ੍ਰਮਾਣ ਨੂੰ ਯਾਦ ਕਰ ਤੂੰ ਫੇਰ ਕਰੀਂ ਨਾ ਕਦੇ ਹੰਕਾਰ ਰਾਜਾ । ਪ੍ਰਿਥੂ ਚੱਕਰ ਵਰਤੀ ਸਤ ਜੁਗ ਅੰਦ੍ਰ ਉਸਦਾ ਹਾਲ ਕੁਛ ਕਹਾਂ ਉਚਾਰ ਰਾਜਾ । ਲਖਾਂ ਪੈਹਰੂਏ ਉਸਦੇ ਧਾਮ ਉਤੇ ਨੰਗੀ ਤੇਗ ਫੜ ਖੜੇ ਹੁਸ਼ਿਆਰ ਰਾਜਾ। ਹੋਰ ਪਲਟਨਾਂ ਕਿਲੇ ਖਜਾਨਿਆਂ ਤੇ ਨਹੀਂ ਫੌਜਦਾ ਅੰਤ ਸ਼ੁਮਾਰ ਰਾਜਾ। ਲਖਾਂ ਗੁਣਾ ਸੀ ਤੁਧ ਤੋਂ ਤੇਜ ਵਾਲਾ ਕਈ ਮਾਯਾ ਦੇ ਭਰੇ ਅੰਬਾਰ ਰਾਜਾ । ਚੱਕਰ ਵਰਤੀ ਰਾਜਾ ਪ੍ਰਿਥੂ ਹੋਯਾ ਕੋਈ ਸਮ ਨਾ ਓਹਦੇ ਦਾਤਾਰ ਰਾਜਾ । ਸੱਤ ਪੂਤ ਸਪੂਤ ਸਨ ਪ੍ਰਿਥੂ ਦੇ ਜੀ ਅਤੇ ਹੋਰ ਕੁਟੰਬ ਪ੍ਰਵਾਰ ਰਾਜਾ। ਕਈ ਸੂਰ ਮੇਂ ਮੁਝ ਤੋਂ ਵੱਧ ਰਖੇ ਜੇਹੜੇ ਮਹਾਂ ਯੋਧੇ ਬਲ ਧਾਰਰਾਜਾ। ਕਈ ਲਖਾਂ ਸੀ ਖੂਹਨੀਆਂ ਫੌਜ ਉਸਦੀ ਚਲੇ ਮੂਲ ਨਾਹੀਂ ਅੰਤੀਵਾਰ ਰਾਜਾ। ਇਕ ਰੋਜ ਰਾਜਾ ਸੁਤਾ ਸ਼ਰਦ ਖਾਨੇ ਸੇਜਾ ਮਖਮਲੀ ਪਲੰਘ ਨਿਵਾਰ ਰਾਜਾ । ਸੁਤੇ ਭੂਪ ਨੂੰ

ਆਇਆ ਖ੍ਵਾਬ ਭਾਰੀ ਭੂਪ ਨਾਲ ਖ੍ਵਾਬ ਲਚਾਰ ਰਾਜਾ। ਹਲਕਾ ਸੁਪਨੇ ਵਿਚ ਸੁਆਨ ਡਿਠਾ ਪਾਈ ਰਾਵ ਨੇ ਹਾਲ ਪੁਕਾਰ ਰਾਜਾ। ਪੈਹਰੇ ਦਾਰ ਨੌਕਰ ਚਾਕਰ ਕੋਲ ਸਭੇ ਹੋਕਾ ਦੇਨ ਹੋਕੇ ਖਬਰਦਾਰ ਰਾਜਾ।ਪੁਤ੍ਰ ਇਸਤ੍ਰੀ ਮਿਤ੍ਰ ਵਜੀਰ ਬੈਠੇ ਨਾਹੀਂ ਇਕ ਹੋਯਾ ਮਦਦਗਾਰ ਰਾਜਾ। ਉਠ ਝੱਟ ਭੂਪਾਲ ਨੇ ਜੋੜ ਮਾਰੀ ਹੱਥੀਂ ਲਸ਼ਟ ਕਾ ਪਕੜ ਉਭਾਰ ਰਾਜਾ। ਪਕੜ ਮੁਸ਼ਟਕਾ ਦੇ ਵਿਚ ਲਸ਼ਟਕਾ ਨੂੰ ਦਿਤੀ ਸੁਆਨ ਦੇ ਸੀਸ ਵਿਚਕਾਰ ਰਾਜਾ। ਛੇਕੜ ਹੋਇ ਬੇਵਸ ਸੁਆਨਨੇ ਜੀ ਚੱਕ ਪ੍ਰਿਥੂ ਤਾਂਈ ਗਿਆ ਮਾਰ ਰਾਜਾ। ਕੁਤੇ ਜਖਮ ਕੀਤਾ ਪੱਟ ਟੁੰਡ ਲੀਤਾ ਸੁਪਨੇ ਵਿਚ ਰੋਵੇ ਜ਼ਾਰੋ ਜ਼ਾਰ ਰਾਜਾ! ਮਲ੍ਹਮ ਵਾਸਤੇ ਗਿਆ ਹਕੀਮ ਕੋਲੇ ਰਾਵ ਆਖੇ ਮੈਂ ਹੋਯਾ ਬੀਮਾਰ ਰਾਜਾ। ਹੱਥ ਜੋੜਦਾ ਖੜਾ ਹਕੀਮ ਅਗੇ ਪ੍ਰਿਥੀ ਪਤ ਜੋ ਸੁਪਨੇ ਮੰਝਾਰ ਰਾਜਾ। ਵਾਂਗ ਆਜਜ਼ਾਂ ਅਰਜ ਹਕੀਮ ਅਗੇ ਮਲ੍ਹਮ ਲੈਣ ਲਈ ਕਰੇ ਪੁਕਾਰ ਰਾਜਾ।ਦੇਹ ਮੈਨੂੰ ਦਵਾਈ ਜਰਾਹ ਸਾਹਿਬ ਕਰੇ ਬੇਨਤੀ ਨੂੰ ਬਾਰੰਬਾਰ ਰਾਜਾ। ਅਗੋਂ ਕਹੇ ਹਕੀਮ ਭੂਪਾਲ ਤਾਂਈ ਪੈਸੇ ਦੇਹ ਪੈਹਲੇ ਮੈਨੂੰ ਚਾਰ ਰਾਜਾ। ਬਿਨਾ ਦਾਮਾਂ ਦੇ ਸੌਦਾ ਨਾ ਹੱਟ ਉਤੇ ਬਿਨਾ ਦਾਮ ਨਾ ਮਲ੍ਹਮ ਤਿਆਰ ਰਾਜਾ। ਜੇਬਾਂ ਵਿਚ ਪ੍ਰਿਥੂ ਰਾਜੇ ਹੱਥ ਮਾਰੇ ਇਕ ਪੈਸਾ ਨਾ ਸੁਪਨ ਮੰਝਾਰ ਰਾਜਾ। ਧੇਲਾ ਇਕ ਨਾ ਸੁਪਨੇ ਦੇ ਵਿਚ ਲਧਾ ਦਾਮ ਕਿਸੇ ਨਾ ਕਈ ਹਜ਼ਾਰ

ਰਾਜਾ । ਰਾਵ ਵਾਂਗ ਮੁਥਾਜ ਨਿਮਾਨਿਆਂ ਦੇ ਅਗੇ ਵੈਦ ਦੇ ਅਰਜ ਗੁਜ਼ਾਰ ਰਾਜਾ । ਰੱਬ ਨਾਮੇ ਤੂੰ ਦੇਹ ਦੁਵਾ ਮੈਨੂੰ ਅਗੋਂ ਵੈਦ ਨੇ ਕੀਤਾ ਇਨਕਾਰ ਰਾਜਾ । ਸੁਪਨੇ ਵਿਚ ਸੀ ਪ੍ਰਤ ਪਿਛਾਂ ਆਯਾ ਮਿਸਲ ਪਲੰਘ ਤੇ ਡਿਗਾ ਬੀਮਾਰ ਰਾਜਾ । ਦਿਲ ਰੋਂਵਦਾ ਨੇਤਰੋਂ ਨੀਰ ਡੋਲੇ ਭੁਬਾਂ ਮਾਰਦਾ ਹੱਥ ਉਲਾਰ ਰਾਜਾ।ਰੋਦਾਂ ਭੂਪ ਦੇਖ ਪ੍ਰਭੂ ਨੂੰ ਦਯਾ ਆਈ ਰੂਪ ਸੰਤ ਦੇ ਨੂੰ ਲਿਆ ਧਾਰ ਰਾਜਾ। ਦਿਤਾ ਧੀਰਜ ਸੂ ਰੋਂਵਦੇ ਭੂਪ ਤਾਂਈ ਹੋ ਮੂਲ ਨਾ ਬੇਕਰਾਰ ਰਾਜਾ । ਸੰਤ ਆਖਿਆ ਦਸ ਤੂੰ ਰੋਗ ਸਾਨੂੰ ਹੋਇਆ ਕਿਸਤਰਾਂ ਤੂੰ ਬੀਮਾਰ ਰਾਜਾ । ਜਖਮ ਦਸਦਾ ਰਾਵ ਸੁਆਨ ਵਾਲਾ ਸੰਤ ਦੁਖ ਮੈਨੂੰ ਬੇਸ਼ੁਮਾਰ ਰਾਜਾ। ਦੇਖ ਦੁਖ ਤੇ ਸੰਤ ਨੂੰ ਮਿਹਰ ਆਈ ਦੁਆਈ ਦੇਨ ਨੂੰ ਹੋਇ ਤਿਆਰ ਰਾਜਾ। ਦੁਆਈ ਸੰਤ ਨੇ ਜ਼ਖਮ ਦੇ ਲਾਈ ਉਤੇ ਕੁਲ ਹੋਗਏ ਦੂਰ ਅਜਾਰ ਰਾਜਾ॥ ਅਖਾਂ ਪਟੀਆਂ ਖੁਆਬ ਦੇ ਦੁਖ ਸਾਰੇ ਗਏ ਖੁਆਬ ਦੇ ਨਾਲ ਸਿਧਾਰ ਰਾਜਾ । ਰਿਹਾ ਸੁਆਨ ਨਾ ਰਿਹਾ ਅਜਾਰ ਕੋਈ ਵੈਦ ਰਿਹਾ ਨਾ ਰਿਹਾ ਬਜਾਰ ਰਾਜਾ । ਨਾ ਕੋਈ ਘਾ ਨਾ ਮਲਮ ਨ ਸੰਤ ਓਥੇ ਝੂਠਾ ਸੁਫਨੇ ਦਾ ਕੁਲ ਅਕਾਰ ਰਾਜਾ । ਮਿਥਿਆ ਜਖਮ ਵਾਲਾ ਮਿਥਿਆ ਸੰਤ ਨੇ ਜੀ ਰੋਗ ਪਲਕ ਮੇਂ ਦੀਆ ਸੰਘਾਰ ਰਾਜਾ।ਝੂਠੇ ਰੋਗ ਨੂੰ ਔਸ਼ਦੀ ਝੂਠਦੀਨੇ ਦਿਤਾ ਸੰਤ ਦੇ ਬਚਨ ਬੀਂ ਟਾਰ ਰਾਜਾ॥ ਸੁਪਨੇ ਵਤ ਸੰਸਾਰ ਨੂੰ ਜਾਣ

ਝੂਠਾ ਹਿਰਸ ਰੂਪ ਅਗਿਆਨ ਨਾ ਧਾਰ ਰਾਜਾ। ਚੋਰ ਪੰਜ ਸੁਆਨ ਦਾ ਰੂਪ ਮੰਨੋ ਕ੍ਰੋਧ ਕਾਮ ਮੋਹ ਲੋਭ ਹੰਕਾਰ ਰਾਜਾ। ਕੁਸੰਗ ਜਖਮ ਤੇ ਤ੍ਰਿਸਨਾ ਦੇ ਦੰਦ ਭਾਰੀ ਫੁਰਨੇ ਦੁਖ ਨੇ ਸਰਬ ਪ੍ਰਕਾਰ ਰਾਜਾ। ਜੀਵ ਬ੍ਰਹਮ ਅਧਰਮ ਦੇ ਵਿਚ ਸੋਇਆ ਚੁਰਾਸੀ ਭੋਗਦਾ ਹੈ ਵਾਰ ਵਾਰ ਰਾਜਾ। ਪਛਾਨ ਆਪਨੇ ਆਪ ਦੀ ਨਹੀਂ ਹੋਈ ਮੁਕਤੀ ਭਾਲਦਾ ਹੈ ਹਰੀ ਦੁਆਰ ਰਾਜਾ। ਮ੍ਰਿਗ ਵਾਂਗ ਕਸਤੂਰੀ ਨੂੰ ਬਾਹਰ ਭਾਲੇ ਐਵੇਂ ਭਰਮੇਂ ਏਹ ਜੀਵ ਗੁਆਰ ਰਾਜਾ।ਇਸ ਭਰਮ ਦੇ ਦੁਖ ਨਿਵਾਰਨੇ ਨੂੰ ਗੁਰੂਗ੍ਰੰਥ ਜੀ ਲੈਣਾ ਉਚਾਰ ਰਾਜਾ। ਇਸ ਸਰੀਰ ਬ੍ਰਹਮੰਡ ਨੇ ਬਿਨਸ ਜਾਣਾ ਜੋ ਸਤ ਨਾ ਬਿਨ ਸਨੇ ਹਾਰ ਰਾਜ਼ਾ। ਨਿਰਣਾ ਸਤ ਅਸਤ ਦਾ ਸਮਝ ਲੈ ਤੂੰ ਦੂਵੈਤ ਦੁਈ ਨੂੰ ਮਨੋ ਨਵਾਰ ਰਾਜਾ। ਲਾਟ ਆਖਦਾ ਸੁਣੀ ਪੰਜਾਬ ਸ਼ੇਰਾ ਗੁਰੂ ਬਾਝ ਨਾ ਹੁੰਦਾ ਉਧਾਰ ਰਾਜਾ। ਇਕ ਹੋਰ ਮੈਂ ਅਰਜ ਗੁਜਾਰਨਾ ਹਾਂ ਸੁਣੋ ਲਾਇ ਧਿਆਨ ਸ੍ਰਕਾਰ ਰਾਜਾ। ਆਵੀ ਚਾੜ ਦਾ ਬੈਠ ਕੁੰਭਾਰ ਸ਼ਾਹਾ ਮਿਟੀ ਚੀਕਣੀ ਲਿਆਵੇ ਵਿਚਾਰ ਰਾਜਾ। ਦੌਰੇ ਕੁਨੀਆਂ ਛੂਟੀਆਂ ਹਾਂਡੀਆਂ ਨੂੰ ਘੜੇ ਘੜੀਆ ਕਰੇ ਤਿਆਰ ਰਾਜਾ। ਮਿਟੀ ਇਕੋ ਤੇ ਪਾਣੀ ਵੀ ਇਕ ਲਾਯਾ ਘੜਿਆ ਕੁਲ ਨੂੰ ਇਕੋ ਕੁੰਭਿਆਰ ਰਾਜ਼ਾ। ਅਨੇਕ ਕੁੰਨੀਆਂ ਮਿਟੀ ਹੈ ਇਕ ਸ਼ਾਹਾ ਪੂਜਾ ਪਤ ਹੈ ਵੇਚੇ ਬਜਾਰ ਰਾਜਾ। ਦੁਨੀਆਂ ਮੂਲ ਲੈ ਜਾਂਵਦੀ ਘਰਾਂ ਅੰਦਰ ਲੋਕ ਵਰਤਦੇ ਖੂਬ ਸਵਾਰ

ਰਾਜਾ। ਇਕਨਾ ਵਿਚ ਲੋਕੀ ਦੁਧ ਘ੍ਰਿਤ ਪਾਵਨ ਇਕ ਅੱਗ ਉਤੇ ਦੇਵਨ ਡਾਰ ਰਾਜਾ। ਇਹੋ ਮਿਸਲ ਮਸ਼ਹੂਰ ਜਹਾਂਨ ਅੰਦਰ ਕੀਤੇ ਕਰਮਾਂ ਦਾ ਫਲ ਹੈ ਤਿਆਰ ਰਾਜਾ। ਨਾਲ ਜਾਵਨਾ ਨਹੀਂ ਮੈਂ ਭੂਪ ਮੇਰੇ ਕਰੇਂ ਕਾਸਨੂੰ ਐਡ ਤਕਰਾਰ ਰਾਜਾ। ਰੱਬ ਸਭ ਦੇ ਕੰਮ ਸਵਾਰ ਦੇਂਦਾ ਨਹੀਂ ਬੰਦੇ ਦੇ ਕੁਛ ਅਖਤਿਆਰ ਰਾਜਾ। ਨਹੀਂ ਮਾਰਿਆਂ ਕਿਸੇ ਦੇ ਮੂਲ ਮਰਦੇ ਰੱਬ ਜਿਨਾਂ ਦੇ ਰਖਨੇ ਹਾਰ ਰਾਜਾ। ਸਾਰੀ ਫੌਜ ਸੈਨਾ ਖੜੀ ਤੁਧ ਪਾਸੇ ਮੇਰਾ ਇਕ ਨਾਹੀਂ ਮਦਦਗਾਰ ਰਾਜਾ।ਦੁਨੀਆਂ ਕੁਲ ਦੇ ਨਾਲ ਵਿਗਾਰ ਹੋਵੇ ਮੇਰੀ ਵਿਗੜੇ ਨਾ ਨਾਲ ਕਰਤਾਰ ਰਾਜਾ।ਵਾਕ ਪਲਟਨੇ ਜੇਡ ਨਾ ਪਾਪ ਕੋਈ ਪਲ ਦਾ ਵਾਕ ਨਾ ਕਰ ਇਤਬਾਰ ਰਾਜਾ। ਮੇਹਰਵਾਨ ਕਰਤਾਰ ਦਤਾਰ ਅਗੇ ਕਈ ਵਾਰ ਮੈਂ ਕਰਾਂ ਪੁਕਾਰ ਰਾਜਾ। ਰਖਾਂ ਲੋੜ ਨਾ ਰਾਜ ਦਰਬਾਰ ਦੀ ਮੈਂ ਮੇਰੀ ਪ੍ਰੀਤ ਹੈ ਨਾਲ ਮੁਰਾਰ ਰਾਜਾ। ਜਿਸ ਰੱਬ ਬਨਾਏ ਏਹ ਕੁਲ ਰਾਜੇ ਰਾਵ ਰੰਕ ਵ ਭੂਪ ਕੁਮਾਰ ਰਾਜਾ।ਪੱਲ ਵਿਚ ਕੰਗਾਲ ਨੂੰ ਲਾਟ ਕਰਦਾ ਕੈਦ ਕਰਣ ਦਾ ਮਿਲੇ ਅਖਤਿਆਰ ਰਾਜਾ। ਨੀਚੇ ਊਚ ਕਰਦਾ ਊਚੇਂ ਨੀਚ ਕਰਦਾ ਮੇਰਾ ਓਸ ਦੇ ਨਾਲ ਪਿਆਰ ਰਾਜਾ। ਓਸੇ ਉਤੇ ਜੇ ਕ੍ਰੋਧ ਦੀ ਨਜਰ ਕਰਦਾ ਓਹ ਜਾਂਵਦਾ ਕੈਦ ਮੰਝਾਰ ਰਾਜਾ। ਇਕ ਦਿਨ ਓਹੀ ਕੈਦ ਆਪ ਹੁੰਦੇ ਕੈਦ ਕਰਣ ਦਾ ਜਿਨਾ ਅਖਤਿਆਰ ਰਾਜਾ। ਆਵੇ ਅੰਤ ਨਾ ਓਸ ਪਿਆਰੜੇ ਦਾ ਮੇਰੀ ਓਸਦੇ

ਅਗੇ ਪੁਕਾਰ ਰਾਜਾ । ਅੰਧਾ ਦੇਖ ਲੈਂਦਾ ਜਾਣੋ ਚੰਦ ਤਾਂਈ ਪਿੰਗਲਾ ਹੋਂਵਦਾ ਪ੍ਰਬਤੋਂ ਪਾਰ ਰਾਜਾ। ਗੂੰਗਾ ਗਾਂਵਦਾ ਬੈਠਕੇ ਸਭਾ ਅੰਦਰ ਮੇਹਰ ਕਰੇ ਜੇ ਆਪ ਗੁਫਤਾਰ ਰਾਜਾ। ਬੋਲਾ ਸੁਨ ਲੈਂਦਾ ਹੌਲੀ ਬੋਲਿਆਂ ਵੀ ਦਇਆਵਾਨ ਜੋ ਹੋਵੇ ਦਤਾਰ ਰਾਜਾ । ਮੂਕ ਬਕਤਾ ਵੇਦ ਦੇ ਮੰਤ੍ਰਾਂ ਦਾ ਕਾਇਰ ਹੱਥ ਫੜ ਲੈ ਤਲਵਾਰ ਰਾਜਾ।ਗ੍ਰੀਬ ਬਾਵਲਾ ਧਰਮ ਦੇ ਰਚੇ ਨ ਦੇਰ ਲਗੇ ਦਇਆ ਕਰੈ ਜੇ ਪ੍ਰਵਦਿਗਾਰ ਰਾਜਾ। ਮੰਦ ਮਤੀ ਕੀ ਰੱਬ ਦੀ ਕਰੇ ਉਪਮਾ ਬੁਧੀ ਹੀਨ ਤੇ ਮੂੜ ਬਦਕਾਰ ਰਾਜਾ। ਨਦੀਆਂ ਵਗਦੀਆਂ ਦੇ ਵਿਚ ਕਰੇ ਟਿਬੇ ਲਗੇ ਵੱਥ ਦਾ ਨਹੀਂ ਸ਼ੁਮਾਰ ਰਾਜਾ। ਥਲਾਂ ਵਿਚ ਓ ਕਰੇ ਅਸਗਾਹ ਪਾਣੀ ਉਸਦਾ ਅੰਤ ਨਾ ਪਾਵਨ ਅਵਤਾਰ ਰਾਜਾ। ਕੀੜੇ ਤਾਂਈ ਓਹ ਪਾਤਸ਼ਾਹੀ ਦੇਨ ਵਾਲਾ ਲਸ਼ਕਰ ਮਾਰਕੇ ਕਰੇ ਫਰਾਰ ਰਾਜਾ। ਦੀਨਾ ਬੰਧੂ ਜੇ ਕਿਰਪਾ ਦੀ ਨਜ਼ਰ ਕਰਦਾ ਦਾਣੇ ਭੁੰਨਿਆਂ ਦੇਵੇ ਉਗਾਰ ਰਾਜਾ । ਜਿਮੀਦਾਰਾਂ ਤੇ ਜਦੋਂ ਕਰੋਪ ਹੁੰਦਾ ਪਕੇ ਫਸਲ ਤੇ ਗੜੇ ਦੀ ਮਾਰ ਰਾਜਾ। ਕਰਨ ਕਾਰਨ ਹੈ ਸ੍ਰੀ ਭਗਵਾਨ ਸਚਾ ਹੱਥ ਬੰਦੇ ਦੇ ਨਹੀਂ ਹੈ ਕਾਰ ਰਾਜਾ।ਬਾਂਕੇ ਛੈਲ ਬਰੀਕ ਨੇ ਬਦਨ ਜਿਨ ਕੇ ਸਿਰ ਚੱਕੇ ਨਾ ਪਗ ਦਾ ਭਾਰ ਰਾਜਾ। ਇਕ ਰੋਜ ਤਗਾਰੀਆਂ ਢੋਣ ਹੁੰਦੇ ਕਰਮ ਰੇਖ ਨਾਂ ਟਲਨੇ ਹਾਰ ਰਾਜਾ ।ਇਕ ਰੋਜ ਓਹ ਫਾਂਸੀ ਜੋ ਆਪ ਹੁੰਦੇ ਫਾਂਸੀ ਦੇਨ ਦਾ ਜਿਨਾ ਅਖਤਿਆਰ ਰਾਜਾ। ਦੇਵਨੇਤ ਨਾਂ ਕਿਸੇ

ਤੋਂ ਜਾਇ ਟਾਰੀ ਵਰਤੇ ਠੀਕ ਜੋ ਵਰਤਨੇ ਹਾਰ ਰਾਜਾ। ਨਾਲ ਤੁਧ ਦੇ ਜਾਨਾ ਨਾ ਮੁਝ ਨੇ ਹੈ ਆਖਨ ਆਇਕੇ ਚਾਹੇ ਅਵਤਾਰ ਰਾਜਾ। ਸਿਰੜ ਮੁਝ ਦਾ ਅਜ ਤੂੰ ਵੇਖ ਅਖੀਂ ਮੰਨਾ ਮੂਲ ਨਾ ਮੰਨਣੇ ਹਾਰ ਰਾਜਾ। ਫਾਂਸੀ ਦੇਹ ਤੇ ਮਾਰ ਤੂੰ ਨਾਲ ਗੋਲੀ ਜਾਣਾ ਨਾਲ ਨਾ ਕਸਮ ਕਰਤਾਰ ਰਾਜਾ। ਗੁਰੂ ਤੇਗ ਬਹਾਦਰ ਜੀ ਧਰਮ ਖਾਤਰ ਦਿਤਾ ਸੀਸ ਸੀ ਦਿਲੀ ਮਝਾਰ ਰਾਜਾ। ਜੁਗ ਪਲਟ ਜ਼ਾਵਨ ਵਾਕ ਪਲਟਨਾਂ ਨਾ ਕਾਹਨੂੰ ਬਹੁਤਾ ਮੈਂ ਕਰਾਂ ਪਸਾਰ ਰਾਜਾ। ਮਰਨੇ ਜੰਮਨੇ ਦਾ ਮੈਨੂੰ ਸ਼ੋਕ ਨਾਹੀਂ ਵਾਕ ਪਲਟਨਾ ਬੁਰਾ ਵਿਚਾਰ ਰਾਜਾ। ਨਾ ਮੁਲਤਾਨ ਜਾਵਾਂ ਨਾ ਮੈਂ ਦੁਖ ਪਾਵਾਂ ਸਚੋ ਸਚ ਸੁਣ ਮੇਰੀ ਸਰਕਾਰ ਰਾਜਾ। ਬੂਟੇ ਸਿੰਘਾ ਤੂੰ ਖਰੇ ਜਬਾਬ ਸੁਣ ਲੈ ਲਾਟ ਜਾਣ ਤੋਂ ਕੀਤੀ ਇਨਕਾਰ ਰਾਜਾ।

### ਰਾਜਾ ਕਾ ਪ੍ਰੋਹਤ ਕੋ ਬੁਲਵਾਨਾ ਲਾਟ ਕੇ ਸਮਝਾਵਨ ਵਾਸਤੇ

ਛੇਕੜ ਰਾਵ ਨੇ ਸੋਚਿਆ ਚਿੱਤ ਅੰਦਰ ਮੇਰੇ ਕਹੇ ਹੁਣ ਲਾਟ ਨ ਲਗਦਾਈ। ਮਰਨ ਜੀਵਨ ਦੀ ਏਹ ਨੂੰ ਪ੍ਰਵਾਹ ਨਾਹੀਂ ਕਿਸੇ ਗਲ ਤੋਂ ਲਾਟ ਨਾ ਸੰਗਦਾਈ। ਖੌਫ ਦਿਤਾ ਤੇ ਪ੍ਰੇਮ ਵੀ ਬਹੁਤ ਕੀਤਾ ਏਹ ਦੋਹਾਂ ਤੋਂ ਹੋਯਾ ਅਲੱਗ ਦਾਈ। ਗਰੜਦਤ ਪ੍ਰੋਹਤਨੂੰ ਸਦ ਲਈਏ ਜੇਕਰ ਲੱਜ ਰਖੇ ਉਸਦੀ ਪੱਗਦਾਈ। ਰਾਜੇ ਟੋਰਿਆ ਰੁੱਕਾ ਦੇ ਸੰਤ੍ਰੀ ਨੂੰ

ਗਿਆ ਵਲ ਪ੍ਰੋਹਤ ਦੀ ਵਗਦਾਈ । ਸੰਤ੍ਰੀ ਜਾਏ ਪ੍ਰੋਹਤ ਨੂੰ ਆਖ ਦਿਤਾ ਰਾਜੇ ਯਾਦ ਕੀਤਾ ਨਹੀਂ ਸੰਗਦਾਈ। ਨਾਲ ਸੰਤ੍ਰੀ ਪ੍ਰੋਹਤ ਤਿਆਰ ਹੋਯਾ ਗਲ ਪਾਇ ਟੁਰਿਆ ਧਾਗਾ ਤੱਗਦਾਈ। ਮਾਲਾ ਤਿਲਕ ਜੰਞੂ ਫੜ ਪਤ੍ਰੀ ਨੂੰ ਆਯਾ ਰਾਵ ਦੀ ਤਰਫ ਨੂੰ ਵਗਦਾਈ । ਅਗੋਂ ਰਾਵ ਨੇ ਅਦਬ ਅਦਾਬ ਕੀਤਾ ਪੰਡਤ ਸੁੰਦਰ ਸਰੂਪ ਤੇ ਦਗਦਾਈ।ਕਰਣ ਲੱਗਿਆ ਪੰਡਤ ਗਿਆਨ ਓਥੇ ਬੋਦਾ ਬੁਲ ਦੁਲਾ ਪਾਣੀ ਦੀ ਝਗਦਾਈ। ਧੰਨ ਧੰਨ ਜਜਮਾਨ ਮਹਾਂ ਸਿੰਘ ਹੋਯਾ ਐਸਾ ਤੇਜ ਉਸਦਾ ਜਿਵੇਂ ਅੱਗਦਾਈ।ਰਣਜੀਤ ਸਿੰਘ ਜਜਮਾਨ ਧੰਨ ਮੇਰਾ ਰਾਜਾ ਤੂੰ ਹੋਯਾ ਸਾਰੇ ਜਗ ਦਾਈ । ਧੰਨ ਧੰਨ ਹਜ਼ੂਰ ਨੇ ਯਾਦ ਕੀਤਾ ਦੁਖ ਦੂਰ ਹੋਯਾ ਸਾਰਾ ਮੱਗਦਾਈ। ਬੂਟਾ ਸਿੰਘ ਕਹੇ ਰਾਵ ਦੀ ਕਰੇ ਉਸਤਤ ਏਹ ਪ੍ਰੋਹਤ ਹੁਣ ਰਾਵ ਨੂੰ ਠੱਗਦਾਈ ।

ਵਾਕ ਰਾਜੇ ਕਾ ਪ੍ਰੋਹਤ ਪ੍ਰਤੀ

ਰਾਵ ਆਖਦਾ ਸੁਣੋ ਪ੍ਰੋਹਤ ਮੇਰੇ ਤੈਨੂੰ ਸਦਿਆ ਹੈ ਕੰਮ ਕਾਰ ਤਾਂਈ। ਬੁਧੀ ਮਾਨ ਤੇ ਗੁਣਾ ਦੀ ਖਾਣ ਪੰਡਤ ਤੈਨੂੰ ਦਸਸਾਂ ਕੁਲ ਇਜ਼ਹਾਰ ਤਾਂਈ।ਨਾਲ ਧਿਆਨ ਦੇ ਪ੍ਰੋਹਤ ਜੀ ਸੁਣੀ ਜਾਣਾ ਸੱਚ ਸੱਚ ਆਖਾਂ ਲੈਣੀ ਸਾਰ ਤਾਂਈ । ਜਿਸ ਰੋਜ ਲਾਹੌਰ ਤੋਂ ਕੂਚ ਕੀਤਾ ਟੁਰੇ ਫਤੇ ਮੁਲਤਾਨ ਦੀ ਧਾਰ ਤਾਂਈ। ਹਾਥੀ ਲਸ਼ਕਰ ਤੇ ਫੌਜਾਂ ਸੀ ਨਾਲ ਲਈਆਂ ਲਏ ਭਾਰੀ ਜੁਆਨ ਸੁਦਾਰ ਤਾਂਈ । ਸੂਬੇਦਾਰ

ਜਰਨੈਲ ਕਰਨੈਲ ਭਾਰੇ ਚਲੇ ਲਾਟ ਕਪਤਾਨ ਅਸਵਾਰ ਤਾਂਈ ।ਡੇਰਾ ਕੀਤਾ ਸੁਹਾਗ ਦੇ ਖਾਸ ਕੰਢੇ ਬੁਹਤਾ ਕਰਾਂ ਨ ਮੂਲ ਪਸਾਰ ਤਾਂਈ ।ਮਰਜੀ ਰਬ ਦੀ ਏਥੇ ਸੀ ਸ਼ੇਰ ਭਾਰੀ ਕਰੇ ਜੀਵਾਂ ਦੇ ਓਹ ਪ੍ਰਹਾਰ ਤਾਂਈ । ਰਯਤ ਦੁਖੀ ਡਿੱਠੀ ਹਥੋਂ ਸ਼ੇਰ ਦੇ ਜੀ ਮੈਂ ਫੌਜ ਨੂੰ ਦਿਤਾ ਪੁਕਾਰ ਤਾਂਈ । ਫੌਜੀ ਇਕ ਨਾ ਉਠਿਆ ਫੌਜ ਵਿਚੋਂ ਕਹਿਆ ਫੌਜ ਨੂੰ ਖਾਸ ਲਲਕਾਰ ਤਾਂਈ। ਫੇਰ ਲਾਟ ਨੂੰ ਹੁਕਮ ਮੈਂ ਆਪ ਦਿਤਾ ਮਾਰੋ ਸ਼ੇਰ ਨੂੰ ਹੋਇ ਹੁਸ਼ਿਆਰ ਤਾਂਈ । ਸ਼ੇਰ ਮੋਯਾ ਮੈਂ ਪਿੰਡਇਨਾਮ ਦਿਤੇ ਸੱਚ ਸੱਚ ਮੈਂ ਦਿਤਾ ਉਚਾਰ ਤਾਂਈ। ਛੱਤੀ ਪਿੰਡਾਂ ਉਤੇ ਕਬਜਾ ਏਸ ਕੀਤਾ ਇਸਨੇ ਰਚਿਆ ਸ਼ੈਹਰ ਬਜਾਰ ਤਾਂਈ । ਲਾਟ ਟੇਕ ਸਿੰਘ ਇਸ ਦਾ ਨਾਮ ਹੈ ਜੀ ਸੂਰਾ ਧਰਮੀ ਲੈਣਾ ਵਿਚਾਰ ਤਾਂਈ।ਪ੍ਰੋਹਤ ਮੇਰਿਆ ਨਹੀਂ ਏਹ ਨਾਲ ਜਾਂਦਾ ਟੁਰਦਾ ਨਹੀਂ ਮੁਲਤਾਨ ਦੀ ਵਾਰ ਤਾਂਈ। ਆਖ ਆਖ ਮੈਂ ਏਸਨੂੰ ਹਾਰ ਰਿਆ ਅਗੋਂ ਕਰ ਰਿਹਾ ਏਹ ਇਨਕਾਰ ਤਾਂਈ । ਆਖੋ ਤੁਸੀਂ ਜੇ ਤੁਸਾਂ ਦੇ ਕਹੇ ਲਗੇ ਭਲਾ ਖਾਇ ਜਾਵੇ ਕਿਸੇ ਖਾਰ ਤਾਂਈ । ਬਸ ਸੱਦਿਆ ਤੁਧ ਨੂੰ ਏਸ ਖਾਤ੍ਰ ਇਸਨੂੰ ਕਰਦੇ ਨਾਲ ਤਿਆਰ ਤਾਂਈ । ਨਰਮ ਤਬਾ ਕਰ ਪ੍ਰੇਮ ਦੇ ਨਾਲ ਆਖੀਂ ਉਚਾ ਨਹੀਂ ਕੈਹਣਾ ਇਕ ਵਾਰ ਤਾਂਈ। ਅਰਜ ਨਾਲ ਜੇ ਗ੍ਰਜ਼ ਹੋ ਜਾਵੇ ਪੂਰੀ ਕਾਹਨੂੰ ਕਰਨਾ ਅਸਾਂ ਵਿਗਾੜ ਤਾਂਈ । ਬੂਟਾ ਸਿੰਘ ਕਹੇ ਪੰਡਤਾ ਸਮਝ ਜਾਵੀਂ ਥੋੜੀ ਗਲ ਨੂੰ

ਸਮਝ ਪਹਾੜ ਤਾਂਈ।

ਵਾਕ ਪ੍ਰੋਤ ਕਾ ਰਾਜਾ ਪ੍ਰਤੀ

ਪ੍ਰੋਹਤ ਆਖਦਾ ਆਪ ਨਾ ਫਿਕਰ ਕਰੀਏ ਏਸ ਲਾਟ ਨੂੰ ਅਜ ਸਮਝਾਵਸਾਂ ਮੈਂ। ਸਮੇਂ ਸੰਧਿਆ ਦੇ ਥੋੜੇ ਰੂਬਰੂ ਜੀ ਏਸ ਲਾਟ ਨੂੰ ਗਿਆਨ ਬੁਝਾਵਸਾਂ ਮੈਂ। ਕੋਈ ਯੁਕਤੀ ਉਕਤੀ ਲਾਇਕੇ ਤੇ ਸਾਰੀ ਫੌਜ ਦੇ ਨਾਲ ਟੁਰਾਵਸਾਂ ਮੈਂ। ਪ੍ਰਭੂ ਭਲੀ ਕਰਸੀ ਕੰਮ ਫਤੇ ਹੋਸੀ ਮੇਲਾ ਤੁਸਾਂ ਦਾ ਅਜ ਕਰਾਵਸਾਂ ਮੈਂ। ਰਹੋ ਅਨੰਦ ਨਾ ਚਿੱਤ ਮੇਂ ਸ਼ੋਕ ਧਾਰੋ ਅਜ ਕੁਲ ਕਲੇਸ਼ ਮਿਟਾਵਸਾਂ ਮੈ। ਹਿੰਦ ਸਿੰਧ ਕਸ਼ਮੀਰ ਨੂੰ ਫਤੇ ਕੀਤਾ ਕੀ ਮੁਲਤਾਨ ਨੂੰ ਦਸ ਅਟਕਾਵਸਾਂ ਮੈਂ। ਤੇਰਾ ਪਿਤਾ ਭੀ ਮੈਨੂੰ ਬੁਲਾਂਵਦਾ ਸੀ ਭਲੀ ਅੰਸ ਤੋਂ ਸਦਕੇ ਜਾਵਸਾਂ ਮੈਂ। ਕੁਛ ਕਰੋ ਪ੍ਰਵਾਹ ਨਾ ਕਿਸੇ ਗਲੋਂ ਤੇਰੇ ਦੁਖ ਤਮਾਮ ਮਿਟਾਵਸਾਂ ਮੈਂ। ਏਹਨੂੰ ਪ੍ਰੇਮ ਰਸੀਲੀ ਦੇ ਨਾਲ ਨਾਂਹੀ ਝੱਟ ਕ੍ਰੋਧ ਦੇ ਨਾਲ ਮਨਾਵਸਾਂ ਮੈਂ। ਜਿਸਤ੍ਰਾਂ ਏਹ ਮੰਨਸੀ ਗੱਲ ਮੇਰੀ ਸਾਰਾ ਆਪਦਾ ਜੋਰ ਲਗਾਵਸਾਂ ਮੈਂ। ਅਗੇ ਨੇਤ ਭਗਵਾਨ ਦੀ ਹੋਵਨੀ ਹੈ ਹੋਣਹਾਰ ਨੂੰ ਨਹੀਂ ਮਿਟਾਵਸਾਂ ਮੈਂ। ਮੇਰਾ ਆਖਨਾ ਫਰਜ ਜਜਮਾਨ ਮੇਰੇ ਨੀਤੀ ਆਖਨੋਂ ਨਹੀਂ ਸ਼ਰਮਾਵਸਾਂ ਮੈਂ। ਜਦੋਂ ਲਾਟ ਤੇ ਤੁਸੀਂ ਵੀ ਰਲ ਬੈਸੋ ਕੋਲ ਦੋਹਾਂ ਦੇ ਗੱਲ ਹਲਾਵਸਾਂ ਮੈਂ। ਜਦੋਂ ਲਾਟ ਆ ਬਹੇਗਾ ਪਾਸ ਥੋੜੇ ਓਸ ਸਮੇ ਏਹ ਗੱਲ ਚਲਾਵਸਾਂ ਮੈਂ। ਇਤਨੀ ਗੱਲ ਕਰਦੇ ਉਤੋਂ ਲਾਟ ਆਯਾ

ਪ੍ਰੋਹਤ ਕਹੇ ਹੁਣ ਦਾ ਲਗਾਵਸਾਂ ਮੈਂ। ਨਮੋ ਲਾਟ ਨੇ ਕੀਤੀ ਪ੍ਰੋਹਤ ਅਗੇ ਭਲੀ ਤਰਾਂ ਸੇ ਪਾਸ ਬਿਠਾਵਸਾਂ ਮੈਂ।ਅਸੀਰ ਬਾਦ ਦਿਤੀ ਪ੍ਰੋਹਤ ਲਾਟ ਤਾਂਈ ਸੁਆਲ ਪੰਡਤ ਦੇ ਅਗੇ ਸੁਨਾਵਸਾਂ ਮੈਂ। ਅੱਗੇ ਜੁਆਬ ਭੀ ਲਾਟ ਦਾ ਆਖ ਦੇਸਾਂ ਕਿਸੇ ਬਾਤ ਨੂੰ ਨਹੀਂ ਲੁਕਾਵਸਾਂ ਮੈਂ। ਬੂਟਾ ਸਿੰਘ ਕਹੇ ਸੁਣੋ ਧਿਆਨ ਕਰਕੇਜੋ ਜੋ ਬੀਤਿਆ ਹਾਲਅਲਾਵਸਾਂਮੈਂ।

### ਵਾਕ ਬ੍ਰਾਹਮਣ ਕਾ ਲਾਟ ਪ੍ਰਤੀ

ਗਰੜਦਤ ਕਹਿੰਦਾ ਨਾਲ ਚੱਲ ਲਾਟਾਕਾਹਨੂੰ ਹੁਣ ਮਰੋੜੀਆਂ ਵਟੀਆਂ ਵੇ। ਫੌਜ ਵਲ ਮੁਲਤਾਨ ਦੇ ਚਾੜ ਦੇਹੋ ਏਥੋਂ ਆਇਕੇ ਕਾਸਨੂੰ ਡੱਟੀਆਂ ਵੇ। ਖਾਕੇ ਨਿਮਕ ਨਾ ਆਖੇ ਤੂੰ ਲਗਦਾਏਂ ਇਜਤ ਰਾਵ ਦੀ ਨਾਲੇ ਤੈਂ ਪਟੀ ਆਂ ਵੇ। ਐਨਾ ਖਰਚ ਸ੍ਰਕਾਰ ਦਾ ਤੁਧ ਕੀਤਾ ਏਹੋ ਨਾਲ ਰਲ ਦਿਤੀਆਂ ਖੱਟੀਆਂ ਵੇ। ਨਾ ਏਹਦਾਨ ਪ੍ਰੋਹਤ ਦੇ ਹੱਥ ਲਗਾ ਐਵੇਂ ਰਾਵ ਨੂੰ ਪਾਈਆਂ ਏਹ ਚਟੀਆਂ ਵੇ। ਮੰਨ ਜਾਹ ਤੂੰ ਪ੍ਰੋਹਤ ਦੀ ਗੱਲ ਲਾਟਾ ਨਾਲ ਰਾਜੇ ਦੇ ਉਠਕੇ ਰੱਟੀਆਂ ਵੇ। ਸਮ ਏਸਦੇ ਸੁਖ ਨਾ ਹੋਰ ਹੋਣਾ ਤੈਨੂੰ ਕਹਿ ਦਿਤਾ ਵਾਂਗ ਨਟੀਆਂ ਵੇ। ਅਖਾਂ ਪੱਟਕੇ ਟੁਰ ਪੌ ਨਾਲ ਰਾਜੇ ਅਖਾਂ ਕਿਉਂ ਫਰੇਬੀ ਜਿਉਂ ਅੱਟੀਆਂ ਵੇ। ਪਰਸ ਰਾਮ ਦੀ ਅੰਸ ਦਾ ਮੈਂ ਬਾਹਮਣ ਰਾਵ ਪੁੰਨ ਕਰਦਾ ਮਹੀਂ ਕਟੀਆਂ ਵੇ। ਇਕ ਵਾਰ ਤੂੰ ਮੰਨ ਜਾ ਵਾਕ ਮੇਰਾ ਤੈਨੂੰ ਲੈ ਦੁਆਵਸਾਂ ਛਟੀਆਂ ਵੇ। ਘਤੇ ਰਾਜੇ ਦੀ ਝੋਲੀ ਦੇ ਵਿਚ

ੱਟੇ ਵਿਚੋ ਕੀਤੀਆਂ ਚੌੜ ਤੂੱਟੀਆਂਵੇ। ਪੈਹਲੇ ਦਿਨ ਦਾ ਤੈਨੂੰ ਮੈਂ ਜਾਨਦਾ ਹਾਂ ਭਾਰੀ ਜਿੱਦੀਆ ਚੌੜ ਚੁੱਪਟੀਆ ਵੇ। ਪ੍ਰੋਤ ਰਾਜੇ ਦਾ ਮੈਨੂੰ ਹੈ ਜਗ ਜਾਨੇ ਮੇਰੇ ਵਲ ਕਿਉਂ ਨੀਉਰੀਆਂ ਵਟੀਆਂ ਵੇ।ਫਤੇ ਕੀਤੇ ਬਗੈਰ ਮੁਲਤਾਨ ਹੱਟਸੈਂ ਹੱਸਨ ਤੂਧ ਨੂੰ ਸਾਰੀਆਂ ਜੱਟੀਆਂ ਵੇ। ਰਾਜਾ ਸੁਟਸੀ ਤੋੜ ਸਰੀਰ ਤੇਰਾ ਜੇ ਤੂੰ ਅੜੀਆਂ ਦਿਲੋਂ ਨਾ ਸੱਟੀਆਂ ਵੇ। ਜਦੋਂ ਰਾਜੇ ਨੇ ਤਾੜ੍ਹਿਆ ਦਸਤ ਲਗੇ ਫੇਰ ਭਾਲਦਾ ਫਿਰੇਂ ਗਾ ਟੱਟੀਆਂ ਵੇ। ਮੁਰੱਬਾ ਬੇਹੀ ਤੇ ਆਵਲੇ ਫਿਰੀ ਲੈ ਦਾ ਭਾਲੀਂ ਜਾਇ ਹਕੀਮ ਤੇ ਹੱਟੀਆਂ ਵੇ। ਰਾਜੇ ਕ੍ਰੋਧ ਹੋ ਤੈਨੂੰ ਮਰਵਾਇ ਦੇਨਾ ਮੰਨ ਜਾਹ ਕੀ ਖਟਨਾਇ ਖਟੀਆਂ ਵੇ। ਤੈਨੂੰ ਕਾਲ ਕਸਾਈ ਨੇ ਮਾਰ ਲੈਣਾ ਤੇਰੀਆਂ ਨਹੀ ਦਲੀਲਾਂ ਨੇ ਘਟੀਆਂਵੇ। ਬੂਟਾ ਸਿੰਘ ਕੈਂਹਦਾ ਤੂੰਹੀ ਨਾਲ ਚੱਲੀਂ ਪੰਡਤ ਕੂਕ ਸੁਨਾਯਾ ਜਿਉ ਭੱਟੀਆ ਵੇ।

### ਜਵਾਬ ਲਾਟ ਕਾ ਬ੍ਰਾਹਮਨ ਪ੍ਰਤੀ

ਗਰੜ ਦੱਤ ਜੀ ਬ੍ਰਾਹਮਨ ਨੂੰ ਲਾਟ ਆਖੇ ਕਰਨਾਂ ਬੁਰਾ ਇਹ ਤੁਸਾਂ ਦਾ ਕਾਰ ਪੰਡਤ। ਜਿਸਦਾ ਨਿਮਕ ਖਾਓ ਉਸ ਦਾ ਬੁਰਾ ਕਰਨਾਂ ਸਾਰੇ ਤੁਸਾਂ ਦੇ ਕਰਮ ਬਦਕਾਰ ਪੰਡਤ। ਰਘੂ ਰਾਜੇ ਦਾ ਰਾਜ ਤੇ ਭਾਗ ਲੈਕੇ ਨਾਲ ਰਾਣੀਆਂ ਕੀਤਾ ਬਿੱਭਚਾਰ ਪੰਡਤ। ਹੋਕੇ ਭ੍ਰਿਗੂ ਤੂੰ ਵਿਸ਼ਨ ਨੂੰ ਲੱਤ ਮਾਰੀ ਕਰਮ ਖੋਟਾਂਹੀ ਚਿੱਤ ਲਿਆ ਧਾਰ ਪੰਡਤ। ਪ੍ਰਹਲਾਦ ਭਗਤ ਦੇ ਉਤੇ ਭੀ ਕੀਤਾ ਵਾਧਾ ਹਰਨਾਕਸ਼ ਪਾਸ ਸ਼ਕੈਤ

ਗੁਜਾਰ ਪੰਡਤ। ਚੁਕ ਚੁਕ ਹਰਨਾਕਸ਼ਨੂੰ ਭਗਤ ਵਲੋਂ ਦੁਖ
ਦੁਆਏ ਤੈਂ ਬੇਸ਼ੁਮਾਰ ਪੰਡਤ। ਰਾਮ ਚੰਦ੍ਰ ਦੀ ਸੀਤਾ ਚੁਰਾਂ
ਣ ਵਾਲਾ ਹਿਫਜ਼ ਰਾਵਨ ਦੇ ਬੇਦ ਸਨ ਚਾਰ ਪੰਡਤ ।
ਅਵਤਾਰ ਨਾਲ ਜੋ ਦਗਾ ਕਮਾਨ ਵਾਲਾ ਸੁਖੀ ਹੋਣਾ ਕੀ
ਓਸ ਸੰਸਾਰ ਪੰਡਤ। ਹਰੀ ਚੰਦ੍ਰ ਦੇ ਨਾਲ ਧਰੋਹ ਕੀਤਾ
ਵੇਚਿਆ ਓਸਨੂੰ ਕਾਂਸ਼ੀ ਬਜ਼ਾਰ ਪੰਡਤ। ਹਰੀ ਚੰਦ੍ਰ ਨੇ
ਢੋਯਾ ਜਲ ਨੀਚ ਅਗੇ ਕੀਤੇ ਪੂਰੇ ਸਨ ਠਾਰਾਂ ਹੀ ਭਾਰ
ਪੰਡਤ। ਪਰਸ ਰਾਮ ਹੋ ਛਤ੍ਰੀ ਬਹੁਤ ਮਾਰੇ ਨਾਲ ਕੁਹਾੜੇ ਦੇ
ਕੀਤੇ ਉਸ ਪਾਰ ਪੰਡਤ । ਲਾਲ ਦੋ ਦਸਮੇਸ ਮਹਾਰਾਜ
ਜੀ ਦੇ ਤੁਰਕਾਂ ਹੱਥ ਪਕੜਾਏ ਗੁਆਰ ਪੰਡਤ । ਜੋਰਾਵਰ
ਸਿੰਘ ਜੋ ਦੂਜੇ ਫਤੇ ਸਿੰਘ ਜੀ ਧਰਮ ਖਾਤਰ ਜੋ ਚੁਨੇ
ਦੀਵਾਰ ਪੰਡਤ। ਛੇਵੀਂ ਪਾਤਸ਼ਾਹੀ ਤਾਂਈ ਤੁਸਾਂ ਨੇ ਹੀ ਦਿਤੀ
ਦਹੀਂ ਦੇ ਵਿੱਚ ਬਿੱਖ ਡਾਰ ਪੰਡਤ। ਹਰਿ ਗੋਬਿੰਦ ਜੀ ਜਾਣੀ
ਕਰਤੂਤ ਤੇਰੀ ਤੈਨੂੰ ਲੰਗਰੋਂ ਕਰਦੀਆ ਬਾਹਰ ਪੰਡਤ ।
ਜਗਦੇਵ ਰਾਵ ਨੂੰ ਤੁਸਾਂ ਨੇ ਬਿਖ ਦਿਤੀ ਧਰਮ ਆਪਨਾ
ਕੀਤਾ ਫਰਾਰ ਪੰਡਤ । ਬਲ ਛੱਲਕੇ ਉਸਦਾ ਰਾਜ ਲੀਤਾ
ਕੀਤਾ ਓਸਨੂੰ ਬਹੁਤ ਖੁਆਰ ਪੰਡਤ। ਦਿਤੀ ਖੋਟੀ ਹੀ ਸਿਖ
ਮ੍ਰੀਚ ਨੂੰ ਤੂੰ ਅਮਰੀਕ ਭਗਤ ਕਰਾਇਓਈ ਪਾਰ ਪੰਡਤ ।
ਅਮਰੀਕ ਭਗਤ ਦਾ ਨਸ਼ਟ ਕਰਾਏ ਕੇ ਤੇ ਤੇਰੇ ਹੱਥ ਕੀ
ਆਯਾ ਵਿਚਾਰ ਪੰਡਤ। ਕੰਸ ਤਾਂਈਂ ਤੂੰ ਮਾੜੀਆਂ ਦੇ ਮਤਾਂ
ਘਲਵਾਈ ਬਿੱਖ ਤੂੰ ਵਲ ਅਵਤਾਰ ਪੰਡਤ। ਕ੍ਰਿਸ਼ਨ ਚੰਦ

ਨੂੰ ਬਿੱਖ ਘਲਵਾਂਨ ਵਾਲੇ ਕੁਝ ਸ਼ਰਮ ਹੋਜਾ ਸ਼ਰਮਸਾਰ ਪੰਡਤ।ਗਊ ਧੰਨੇ ਤੋਂ ਲੈਕੇ ਇੱਟ ਦਿਤੀ ਭੈ ਰਬ ਦਾ ਦਿਤਾ ਵਿਸਾਰ ਪੰਡਤ। ਐਬ ਫੋਲਾਂ ਤਾਂ ਗ੍ਰੰਥ ਮਹਾਨ ਬਨਦਾ ਐਬ ਤੁਸਾਂ ਵਿਚ ਕਈ ਹਜ਼ਾਰ ਪੰਡਤ। ਔਗਨ ਫੋਲਿਆਂ ਗ੍ਰੰਥ ਸੀ ਅਧਕ ਹੁੰਦਾ ਦੀਰਘ ਹੋਣ ਲਈ ਕੀਤੇ ਨਾਂ ਜ਼ਾਹਰ ਪੰਡਤ।ਅਜ ਮੁਝ ਨੂੰ ਖੋਟੀ ਤੂੰ ਦੇਵੇਂ ਸਿਖਿਆ ਲਾਟ ਟੇਕ ਸਿੰਘ ਦਿਤਾ ਉਚਾਰ ਪੰਡਤ। ਅਸਾਂ ਵਲ ਮੁਲਤਾਨ ਨਾ ਕਦਮ ਧਰਨਾ ਸਾਨੂੰ ਫੇਰ ਨਾ ਆਖੀਂ ਇਕ ਵਾਰ ਪੰਡਤ। ਬੂਟਾ ਸਿੰਘ ਕਹੇ ਲਾਟ ਨੂੰ ਰਾਜ ਮਿਲਿਆ ਹੋਯਾ ਚਿੱਤ ਦੇ ਵਿੱਚ ਹੰਕਾਰ ਪੰਡਤ।

## ਜਵਾਬ ਰਾਜੇ ਕਾ ਲਾਟ ਪ੍ਰਤੀ

ਰਾਜੇ ਆਖਿਆ ਮੁਝਨੇ ਤੁਧ ਤਾਂਈ ਏਹੋ ਆਖਰੀ ਵਾਕ ਅਲਾਇਆਈ। ਏਥੇ ਰਾਹ ਵਿੱਚ ਪੈਰ ਪਸਾਰ ਬੈਠੋਂ ਘਰੋਂ ਫਤੇ ਮੁਲਤਾਨ ਲੀ ਆਇਆਈ।ਜੇਮੈਂ ਜਾਣਦਾ ਤੁਧ ਨਾ ਸਾਥ ਦੇਨਾ ਏਧਰ ਭੁਲਕੇ ਪੈਰ ਮੈਂ ਪਾਇਆਈ। ਜੇਕਰ ਸਾਥ ਨਾ ਤੁਧਨੇ ਚਲਨਾ ਸੀ ਐਵੇਂ ਫੌਜਾਂ ਕਿਉਂ ਚਾੜ੍ਹ ਲਿਆਇ ਆਈ। ਨਾ ਉਰਾਰ ਜੋਗਾ ਨਾ ਮੈਂ ਪਾਰ ਜੋਗਾ ਮੰਝਧਾਰ ਤੂੰ ਬੇੜਾ ਰੁੜ੍ਹਾਇਆਈ। ਸਾਰੀ ਉਮਰ ਨਾ ਮੈਨੂੰ ਏਹ ਗੱਲ ਭੁਲੇ ਸੱਲ ਵਿੱਚ ਕਲੇਜੇ ਦੇ ਪਾਇਆਈ। ਅੱਜ ਰੋੜ੍ਹਿਆ ਦੁਖਾਂ ਦੇ ਸਿੰਧ ਮੈਨੂੰ ਤੈਣੇ ਮਛੀ ਦੇ ਵਾਂਗ ਤਰਫਾਯਾਈ। ਜੰਗਲ ਬਾਰ ਅੰਦਰ ਮੇਰਾ ਕੌਣ ਬੇਲੀ ਲਾਟਾ ਤੂਧਨੂੰ ਤਰਸ ਨ

ਆਯਾਈ। ਨਾਲ ਵੈਰੀਆਂ ਐਸੀ ਨਾਂ ਕਰੇ ਕੋਈ ਦਗੇਦਾਰਾਂ ਵਾਂਗੂੰ ਹੱਥ ਲਾਯਾਈ। ਆਖ ਆਖਕੇ ਗਿਆ ਹਾਰ ਬਿਪ੍ਰ ਸਾਡੇ ਪ੍ਰੋਹਤ ਨੇ ਤੈਨੂੰ ਸਮਝਾਯਾਈ। ਬ੍ਰਾਹਮਨ ਪ੍ਰੋਹਤ ਦੀ ਤੂੰ ਨਾ ਮੂਲ ਮੰਨੀ ਜੋਰ ਮਿਸਰ ਨੇ ਵੀ ਸਾਰਾ ਲਾਯਾਈ।ਸਖ਼ਤ ਓਸਨੂੰ ਐਸਾ ਜਵਾਬ ਦਿਤਾ ਬਾਮਨ ਨੇਤ੍ਰੋਂ ਨੀਰ ਵਹਾਯਾਈ। ਫੇਰ ਮੇਰੇ ਕ੍ਰੋਧ ਨੂੰ ਜਾਂਨਦਾ ਤੂੰ ਸਾਰੇ ਦੇਸ ਉਤੇ ਮੇਰਾ ਸਾਯਾਈ। ਇਕ ਵਾਰ ਤੂੰ ਮੰਨੇਂ ਜੇ ਅਰਜ ਮੇਰੀ ਤੈਨੂੰ ਵਾਸਤਾ ਗੁਰੂ ਦਾ ਪਾਯਾਈ। ਸੋਚ ਸਮਝਕੇ ਤੂੰ ਦਲੀਲ ਕਰਲੈ ਵਾਰੀ ਆਖਰੀ ਆਖ ਸੁਨਾਯਾਈ। ਬੂਟਾ ਸਿੰਘ ਜੇ ਚਲੇਂ ਨਾਂ ਨਾਲ ਸਾਡੇ ਕੀਤਾ ਆਪਨਾਂ ਆਪ ਤੈਂ ਪਾਇ ਆਈ।

## ਲਾਟ ਕੀ ਦਿਲ ਸੇ ਦਲੀਲ ਕਰਨੀ

ਲਾਟ ਸਮਝਿਆ ਆਪਨੇ ਜੀਉ ਅੰਦਰ ਖਾਧਾ ਰਾਵ ਦਾ ਨਿਮਕ ਅਪਾਰ ਹੈ ਜੀ। ਸੁਖਨ ਨਾਂਹਿ ਦਾ ਪ੍ਰਤਨਾ ਨਹੀਂ ਚੰਗਾ ਐਪਰ ਭੂਪ ਮੈਂ ਕੀਤਾ ਖੁਆਰ ਹੈਜੀ।ਇਸਨੂੰ ਦੇਸੋਂ ਪ੍ਰਦੇਸ ਮੈਂ ਠੀਕ ਕੀਤਾ ਏਥੇ ਆਇਕੇ ਦਿਤੀ ਮੈਂ ਹਾਰ ਹੈਜੀ। ਮੁਸ਼ਕਲ ਗੱਲ ਬਨੀ ਅਜ ਮੁਝ ਤਾਂਈ ਕਰਦਾ ਆਪਨੀ ਸੋਚ ਵਿਚਾਰ ਹੈ ਜੀ। ਗੰਢਨ ਲਗਿਆਂ ਲੱਗਦੀ ਉਮਰ ਸਾਰੀ ਤੋੜਨ ਲਗਿਆਂ ਲਗੇ ਨਾ ਵਾਰ ਹੈ ਜੀ। ਉਤਰ ਦੇਵਨਾ ਅਸਾਂ ਨੂੰ ਠੀਕ ਨਾਹੀਂ ਕਿਸੀ ਬਿਧੀ ਸੇ ਦੇਵੀਏ ਟਾਰ ਹੈ ਜੀ।ਪ੍ਰੇਮ ਪ੍ਰੀਤੀ ਦੇ ਨਾਲ ਜੇ ਆਸ

ਰਖੇ ਉਸਨੂੰ ਦੇਵੀਏ ਨਾਹੀਂ ਦੁਰਕਾਰ ਹੈ ਜੀ । ਜੇਹੜਾ ਧੁਪ ਦਾ ਮਾਰਿਆ ਮਿਲੇ ਰਾਹੀ ਉਸਨੂੰ ਜੱਲ ਦੇਈਏ ਠੰਡਾ ਠਾਰ ਹੈ ਜੀ। ਮਾਰੀ ਹਰਖ ਦੀ ਨਰਕ ਨੂੰ ਠੀਕ ਜਾਂਦੀ ਦਿਤਾ ਦਾਨਿਆਂ ਸੱਚ ਉਚਾਰ ਹੈ ਜੀ। ਨਾ ਜਾਨੀਏ ਹੋਵੇ ਫਸਾਦ ਏਥੇ ਅਜੇ ਰਾਵ ਦਾ ਬਹੁਤਾ ਅਖਤਿਆਰ ਹੈ ਜੀ। ਚੁਪ ਕਰਕੇ ਏਥੇ ਕੋਈ ਢੰਗ ਖੇਡੋ ਵੈਰ ਪਾਵਨਾ ਭਲੀ ਨਾ ਕਾਰ ਹੈ ਜੀ। ਓਥੇ ਚੁਪ ਕਰਕੇ ਮਨਾ ਬੈਠ ਜਾਈਏ ਜਿਥੇ ਬੋਲਿਆਂ ਹੋਵਣੀ ਹਾਰ ਹੈ ਜੀ।ਕਿਸੇ ਗੱਲ ਦੇ ਨਾਲ ਇਸ ਰਾਵ ਤਾਂਈ ਪਿਛਾਂ ਟੋਰੀਏ ਭਲੀ ਪ੍ਰਕਾਰ ਹੈ ਜੀ। ਖੁਸ਼ੀ ਨਾਲ ਜੇ ਹਟੇ ਭੂਪਾਲ ਮੇਰਾ ਇਸ ਸਮ ਨਾ ਹੋਰ ਬਹਾਰ ਹੈ ਜੀ। ਕਿਸ ਢੰਗ ਦੇ ਨਾਲ ਏਹ ਲਾਟ ਟਾਲੇ ਅਗੋਂ ਪੜ੍ਹਨਾ ਨਾਲ ਪਿਆਰ ਹੈ ਜੀ।ਬੂਟਾ ਸਿੰਘ ਕੈਂਹਦਾ ਬਿਨਾ ਬੰਦਗੀ ਦੇ ਬੰਦਾ ਹੋਵੇ ਨਾ ਭੈਜਲੋਂ ਪਾਰ ਹੈ ਜੀ।

### ਵਾਕ ਲਾਟ ਕਾ ਰਾਜੇ ਪ੍ਰਤੀ

ਲਾਟ ਆਖਦਾ ਸੁਣੀ ਮਹਾਰਾਜ ਮੇਰੇ ਨਾਲ ਜਾਨ ਨੂੰ ਦੇਰ ਨਾ ਲਾਵਸ਼ਾਂ ਮੈਂ। ਨਾਲ ਜਾਣ ਤੋਂ ਮੈਂ ਇਨਕਾਰ ਨਾਹੀਂ ਅਤੇ ਦੁਸ਼ਮਨਾਂ ਮਾਰ ਮੁਕਾਵਸਾਂ ਮੈਂ। ਇਕ ਬੇਨਤੀ ਸੁਣੀ ਸ੍ਰਕਾਰ ਮੇਰੀ ਪ੍ਰੋਹਤ ਆਪਣਾ ਠੀਕ ਮੰਗਾਵਸਾਂ ਮੈਂ। ਜਿਵੇਂ ਤੁਧਨੇ ਪ੍ਰੋਹਤ ਨੂੰ ਸਦਿਆ ਹੈ ਤਿਵੇਂ ਆਪਨਾ ਪ੍ਰੋਹਤ ਬੁਲਾਵਸਾਂ ਮੈਂ। ਕੁਛ ਰੋਜ ਏਥੇ ਆਪ ਠੈਹਰ ਜਾਓ ਖਾਸ ਪਾਠ ਅਖੰਡ ਕਰਾਵਸਾਂ ਮੈਂ।ਸਦਾਂ ਜੋਤਸੀ ਪੰਡਤਾਂ ਸਾਧੂਆਂ

ਨੂੰ ਅਸ੍ਵ ਮੇਧ ਵੀ ਨਾਲੇ ਰਚਾਵਸਾਂ ਮੈਂ । ਧੀਰ ਧਰੋ ਨਜੂਮੀਏ ਸਦ ਲੈਸਾਂ ਉਨਹਾਂ ਫਤੇ ਮੁਲਤਾਨ ਪੁਛਾਵਸਾਂ ਮੈਂ । ਮਹੂਰਤ ਘੜੀ ਜੋ ਲਗਨ ਨਛਿਤ੍ਰ ਲਾਂਵਨ ਚੰਗਾ ਰਾਹੂ ਤੇ ਕੇਤੂ ਪੁਛਾਵਸਾਂ ਮੈਂ । ਸੂਰਜ ਚੰਦ ਬ੍ਰਹਸਪਤ ਚੰਗੇ ਕੁਲ ਹੋਵਨ ਦਿਸ਼ਾ ਸੂਲ ਨੂੰ ਫੇਰ ਸੁਧਾਵਸਾਂ ਮੈਂ । ਮੰਗਲ ਸ਼ਨੀ ਢਈਆ ਸਾੜਸਤੀ ਪੁਛਾਂ ਪੁਛ ਗਿਛ ਕੇ ਫੌਜ ਚੜ੍ਹਾਵਸਾਂ ਮੈਂ।ਆਪ ਇਕ ਹਫਤਾ ਕੁਲ ਠੈਰ ਜਾਈਏ ਨਹੀਂ ਬਹੁਤੀਆਂ ਡੇਰੀਆਂ ਲਾਵਸਾਂ ਮੈਂ । ਘਲਾਂ ਹੁਣੇ ਹੀ ਫੌਜੀਆਂ ਸਾਰਿਆਂ ਨੂੰ ਸਾਧ ਸਿੰਘ ਵਾ ਬਿਪਰ ਮੰਗਾਵਸਾਂ ਮੈਂ ਕੋਈ ਡੇਰ ਨਾਹੀਂ ਸੁਣ ਰਾਵ ਮੇਰੇ ਸੇਵਾ ਤੁਧ ਦੀ ਨਾਲੇ ਕਮਾਵਸਾਂ ਮੈਂ। ਮੰਨ ਜਾਹ ਏਹ ਭਲਾ ਹੈ ਕੁਲ ਦਾ ਜੀ ਬਿਧੀ ਧਰਮ ਦੀ ਸੇ ਫਤੇ ਪਾਵਸਾਂ ਮੈਂ।ਬਿਨਾ ਧਰਮ ਦੇ ਪਸੂ ਦੀ ਨਿਆਂਈਂ ਬੰਦਾ ਨਹੀਂ ਕਾਗ ਵਾਂਗੂੰ ਵਿਸ਼ਟਾ ਖਾਵਸਾਂ ਮੈਂ। ਨੀਤੀ ਰਾਜਿਆਂ ਦੀ ਤੈਨੂੰ ਖੋਲ ਆਖੀ ਇਸ਼ਟ ਦੇਵ ਤਾਂ ਪੈਹਲੇ ਮੰਨਾਵਸਾਂ ਮੈਂ । ਜਿਤ ਦੱਸੀ ਜੇ ਪ੍ਰੋਹਤ ਨਜੂਮੀ ਆਂ ਨੇ ਧੌਂਸਾ ਮਾਰਕੇ ਫੌਜ ਝੜ੍ਹਾਵਸਾਂ ਮੈਂ। ਅਗੇ ਤੁਧ ਦੀ ਮਰਜੀ ਮੈਂ ਮਗਰ ਤੇਰੇ ਨਹੀਂ ਤੁਧ ਤੋਂ ਵਖਰਾ ਜਾਵਸਾਂ ਮੈਂ। ਚਾਰ ਦਿਨਾ ਦੀ ਪਾਤਸ਼ਾਹ ਜਿੰਦਗਾਨੀਂ ਨਹੀਂ ਵੈਰ ਵਰੋਧ ਵਧਾਵਸਾਂ ਮੈਂ । ਐਪਰ ਸੋਚਕੇ ਤੁਸਾਂ ਜਬਾਬ ਦੇਨਾ ਤੇਰਾ ਵਾਕ ਨਾ ਅਜ ਉਲਟਾਵਸਾਂ ਮੈਂ। ਮੇਰੀ ਬੇਨਤੀ ਤੁਸਾਂ ਪ੍ਰਵਾਨ ਕਰਨੀ ਸੱਦੋ ਜੋਤਸ਼ੀ ਪੁਛਕੇ ਜਾਵਸਾਂ ਮੈਂ । ਅਗੇ

ਗੱਲ ਮੇਰੀ ਤੁਸੀਂ ਮੰਨ ਜਾਂਦੇ ਅਤੇ ਅਜ ਵੀ ਠੀਕ ਮੰਨਾ ਵਸਾਂ ਮੈਂ। ਫਤੇ ਹੋਵਨਾ ਹੋਵੇ ਮੁਲਤਾਨ ਜੇਕਰ ਨਾਲ ਹਾਥੀਆਂ ਕਿਲਾ ਤੁੜਾਵਸਾਂ ਮੈਂ। ਅੜੇ ਨਾਲ ਮੇਰੇ ਸੋਈ ਹਰ ਜਾਸੀ ਤੋਪਾਂ ਬੀੜ ਕੇ ਝੱਟ ਉਡਾਵਸਾਂ ਮੈਂ। ਦੁਰਾਨੀ ਮੁਗਲ ਪਠਾਨ ਚੁਗਤਿਆਂ ਨੂੰ ਮਾਰ ਮਾਰਕੇ ਹੇਠਾਂ ਬਠਾਵ ਸਾਂ ਮੈਂ।ਹੱਥ ਕੜੀ ਦੀ ਲੋੜ ਨਾ ਮੁਝ ਰਖੀ ਨਾਲ ਰਸਿਆਂ ਬੰਨ ਲਿਆਵਸਾਂ ਮੈਂ।ਆਪ ਕੋਈ ਪ੍ਰਵਾਹ ਨਾ ਮੂਲ ਕਰੀਏ ਪੈਹਲੇ ਧਰਮ ਦਾ ਕਰਮ ਕਮਾਵਸਾਂ ਮੈਂ। ਸਦ ਜੋਤਸ਼ੀ ਪੁਛਨਾਂ ਹਾਲ ਪੈਹਲੇ ਅਰਦਾਸਾ ਸੋਧਕੇ ਫਤੇ ਗਜਾਵਸਾਂ ਮੈਂ।ਬੂਟਾਸਿੰਘ ਕਹੇ ਦਿਓ ਜਬਾਬ ਮੈਨੂੰ ਜਿਵੇਂ ਆਖਸੇਂ ਵਾਜਾ ਵਜਾਵਸਾਂ ਮੈਂ।

### ਵਾਕ ਰਾਜੇ ਕਾ ਲਾਟ ਪ੍ਰਤੀ

ਰਾਜੇ ਆਖਿਆ ਸੱਦ ਲੈ ਸਾਧੂਆਂ ਨੂੰ ਧਰਮ ਕਨ ਦਿਆਂ ਲਾਵਨੀ ਡੇਰ ਕੀਏ। ਭਲੇ ਕੰਮ ਤੋਂ ਰੋਕਿਆਂ ਪਾਪ ਹੁੰਦਾ ਸਮੇ ਧਰਮ ਕਰਨੀ ਮੇਰ ਤੇਰ ਕੀਏ।ਸੱਦੋ ਖਾਸ ਨਜੂ ਮੀਏ ਪੰਡਤਾਂ ਨੂੰ ਪ੍ਰੋਹਤ ਸੱਦ ਉਸ ਲਾਵਨੀ ਦੇਰ ਕੀਏ। ਸਦੋ ਪਾਠੀ ਅਖੰਡ ਜੋ ਸਿੰਘ ਪੂਰੇ ਭਲੇ ਕਰਮ ਲੀ ਚਾਹੀਏ ਬੇਰ ਕੀਏ। ਭਰੋਸਾ ਗੁਰੂ ਗ੍ਰੰਥ ਦੇ ਵਾਕ ਉਤੇ ਵੱਧ ਗੁਰੂ ਤੋਂ ਹੋਰ ਅਵਤੇਰ ਕੀਏ। ਵਾਕ ਗੁਰੂ ਦਾ ਮੈਨੇ ਅਡੋਲ ਜਾਤਾ ਡੋਲ ਜਾਵਣਾ ਦਸ ਸੁਮੇਰ ਕੀਏ। ਗਊ ਬਕਰੀ ਭੇਡ ਕੀ ਜਿਤ ਲੈਣੀਂ ਮਾਰ ਇਨਹਾਂ ਲੈਣਾ ਜਾਕੇ

ਸ਼ੋਰ ਕੀਏ। ਐਪਰ ਸੱਦੀਏ ਸਾਧੂਆਂ ਬ੍ਰਾਹਮਣਾਂ ਨੂੰ ਹਰਜ ਕਰ ਨਾਂ ਜ਼ਬਰ ਦਾ ਜ਼ੋਰ ਕੀਏ। ਜੁਧ ਸਮੇ ਜੋ ਤੇਗ ਨਾ ਕੰਮ ਆਵੇ ਸਾਂਭ ਛਡਨੀ ਵਾਧੂ ਸ਼ਮਸ਼ੇਰ ਕੀਏ। ਸੋਚ ਸਮਝ ਕੇ ਚਲਨਾ ਠੀਕ ਹੁੰਦਾ ਵਾਧੂ ਹੌਸਲਾ ਦਿਲ ਦਲੇਰ ਕੀਏ। ਅਗੋਂ ਪਹੁੰਚੇ ਸ਼ਕਿਸਤ ਜੋ ਅਸਾਂ ਤਾਂਈ ਗਿਆ ਕੰਮ ਸਾਡੇ ਆਯਾ ਫੇਰ ਕੀਏ। ਸਾਧੂ ਸੰਤ ਜੋ ਘਰੋਂ ਮਨਾਇ ਟੁਰੀਏ ਕੰਮ ਸਵਰਿਆਂ ਲਗਣੀ ਦੇਰ ਕੀਏ। ਜੁਦੋਂ ਗੁਰੂ ਨੇ ਗਿਆਨ ਪ੍ਰਕਾਸ਼ ਕੀਤਾ ਅਗੇ ਅਟਕਨਾ ਤਿੰਮਰ ਅੰਧੇਰ ਕੀਏ।ਸੱਦ ਸੱਦ ਨਾ ਲਾਵੀਂ ਤੂੰ ਡੇਰ ਲਾਟਾ ਕਰੇਂ ਧਰਮ ਤਕਾਵੇਂ ਚੌਫੇਰ ਕੀਏ। ਦਾਨ ਦਰਸ਼ਨਾ ਬਸਤ੍ਰ ਤੇ ਸੂਰਨ ਦੇਨਾ ਉਨਾ ਅਸਾਂ ਨੂੰ ਲੈਨਾ ਪ੍ਰੇਰ ਕੀਏ। ਬੂਟਾ ਸਿੰਘ ਰਾਜਾ ਕੈਂਹਦਾ ਲਾਟ ਤਾਂਈ ਸੱਦ ਪ੍ਰੋਹਤ ਨੂੰ ਲਾਂਵਦਾ ਦੇਰ ਕੀਏ।

## ਵਾਕ ਲਾਟ

ਲਾਟ ਤਖਤ ਤੇ ਤਾਜ ਨੂੰ ਪੈਹਨਕੇ ਤੇ ਲਗਾ ਫੌਜੀਆਂ ਤਾਂਈ ਧਮਕਾਵਨੇ ਨੂੰ। ਕੈਂਦਾ ਫੌਜੀ ਜੁਆਨੋ ਤਮੀਲ ਕਰਨੀ ਹੁਕਮ ਲਾਟ ਦਾ ਜਾਓ ਕਮਾਵਨੇ ਨੂੰ। ਲਿਆਓ ਜੋਤਸ਼ੀ ਪੰਡਤਾਂ ਪਾਂਧਿਆਂ ਨੂੰ ਰੈਂਹਦੇ ਜੋਹੜੇ ਤੀਰਥ ਮੁਕਤੀ ਪਾਵਨੇ ਨੂੰ। ਝਬ ਕਾਠੀਆਂ ਕੱਸ ਸਵਾਰ ਹੋਈਏ ਜਾਓ ਤੁਸੀਂ ਭੀ ਤੀਰਥੀਂ ਨ੍ਹਾਵਨੇ ਨੂੰ। ਜੁਆਲਾ ਮੁਖੀ ਆਵੇਤਕਾ ਚਿੰਤ ਪੂਰਣੀ ਸੋਧ ਭਾਲਕੇ ਬਾਮਨ ਲਿਆਵ

ਨੇ ਨੂੰ। ਦੁਆਰਾਵਤੀ ਗੋਦਾਵਰੀ ਕਾਂਸ਼ੀ ਕਾਂਤੀ ਦ੍ਰਸ਼ਨ ਜਾਇ ਪ੍ਰਾਗ ਦੇ ਪਾਵਨੇ ਨੂੰ। ਕੈਲਾਸ ਪੁਰੀ ਗਇਆ ਨੀਲ ਮੰਦਰਾ ਤੇ ਬਿੰਦਰਾ ਮਥਰਾ ਜਾਇਕੇ ਆਵਨੇ ਨੂੰ। ਪੁਰੀ ਅਯੁਧਿਆ ਨਰਬਦਾ ਗੋਮਤੀ ਜੋ ਜਮਨਾ ਟੋਲਨੀ ਬਾਮਨਾ ਲਿਆਵਨੇ ਨੂੰ।ਸੁਰਸਰੀ ਸ੍ਰਸ੍ਵਤੀ ਕੁਰਖੇਤਰ ਭੋਏ ਭਾਲਨਾ ਜੋਤਿਸ਼ ਲਗਾਵਨੇ ਨੂੰ। ਕਾਮ ਰੂਪ ਕਮਖਿਆ ਘਾਟ ਕਾਲੀ ਬੇਣੀ ਬ੍ਰਾਹਮਣਾ ਜਾਓ ਬੁਲਾਵਨੇ ਨੂੰ। ਗੰਗਾ ਸਾਗਰ ਥਨੇਸਰ ਤੇ ਜਨਕ ਪੁਰ ਮੇਂ ਬਦਰੀ ਨਾਥ ਤੋਂ ਜਾਓ ਲਿਆਵਨੇ ਨੂੰ। ਜਗਨ ਨਾਥ ਰਮੇਸ਼ੁਰ ਤੇ ਪਤਸ ਪਟੀ ਪੁਸ਼ਕਰ ਖਾਸ ਜੋ ਪ੍ਰੇਮ ਵਧਾਵਨੇ ਨੂੰ। ਅਮਰ ਨਾਥ ਬਦਰੀ ਪੰਚਬਟੀ ਬਨ ਮੇਂ ਝਬ ਆਉਣਾ ਦੇਰੀਆਂ ਲਾਵਨੇ ਨੂੰ। ਨਈ ਮਿਸਰਾਇਣ ਤੋਂ ਰਿਸ਼ੀ ਤੇ ਮੁਨੀ ਲੈਣੇ ਚਾੜ੍ਹ ਘੋੜਿਆਂ ਉਤੇ ਲਿਆਵਨੇ ਨੂੰ।ਹਿੰਙਲਾਜ ਰਿਖੀਕੇਸ਼ ਤੋਂ ਰਿਖੀ ਲੈਣੇ ਸਾਧ ਸੰਤ ਆਵਨ ਮਨ ਭਾਵਨੇ ਨੂੰ। ਸੋਮ ਨਾਥ ਮੇਂ ਰਹੇ ਪ੍ਰੋਤ ਮੇਰਾ ਪੀਨਸ ਓਥੇ ਲੈ ਜਾਓ ਬੈਠਾਵਨੇ ਨੂੰ। ਅਦਬ ਆਦਰ ਦੇ ਨਾਲ ਪ੍ਰੋਹਤ ਲਿਆਓ ਪਾਵੇ ਦੁਖ ਤਕਲੀਫ ਨਾ ਪਾਵਨੇ ਨੂੰ।ਅੰਮ੍ਰਤਸਰ ਤੇ ਦਮਦਮਾ ਤਖਤ ਚਾਰੇ ਚੌਹਾਂ ਤਖਤਾਂ ਤੋਂ ਪਾਠੀ ਲਿਆਵਨੇ ਨੂੰ। ਪਟਨਾ ਖਾਸ ਆਨੰਦ ਪੁਰ ਧਾਮ ਗੁਰ ਕਾ ਓਥੇ ਜਾਓ ਗੁਰ ਕਾ ਦ੍ਰਸ਼ਨ ਪਾਵਨੇ ਨੂੰ। ਨਨਕਾਣਾ ਸਾਹਿਬ ਤੇ ਤਰਨ ਜੋ ਨਾਮ ਤਾਰਨ ਜਾਓ ਪਾਠੀਆਂ ਤਾਂਈ ਬੁਲਾਵਨੇ ਨੂੰ। ਲਘੂ

ਦੀਰਘ ਸਮੁਾਲ ਕੇ ਪੜ੍ਹਨ ਜੇਹੜੇ ਸੱਦਾਂ ਪਾਠ ਅਖੰਡ ਕਰਾਵਨੇ ਨੂੰ। ਹਜ਼ੂਰ ਸਾਹਿਬ ਵਾ ਖਾਸ ਖੰਡੂਰ ਸਾਹਿਬ ਪਾਠੀ ਪਾਠ ਨਾ ਹੋਣ ਅਟਕਾਵਨੇ ਨੂੰ। ਮੁਕਤਸਰ ਭੈਣੀ ਨਾਮ ਧਾਰੀਆਂ ਦੀ ਪਾਠੀ ਚੋਣਵੇਂ ਸੱਦ ਲਿਆਵਨੇ ਨੂੰ। ਹੋਣ ਖਾਸ ਸਿਰੋਮਣੀ ਵਿਚ ਜੋਤਸ਼ ਬੈਠੇ ਕਾਸ ਨੂੰ ਡੇਰੀਆਂ ਲਾਵਨੇ ਨੂੰ। ਹੀਰਾ ਜਨਮ ਅਮੋਲ ਹੈ ਰੱਬ ਦਿਤਾ ਨਹੀਂ ਕੌਡੀਆਂ ਮੂਲ ਵਿਕਾਵਨੇ ਨੂੰ। ਆਪੋ ਆਪ ਜਾਓ ਨਹੀਂ ਡੇਰ ਲਾਓ ਸਾਧੂ ਸੰਤਾਂ ਦੇ ਕੱਠ ਬਨਾਵਨੇ ਨੂੰ। ਕੋਈ ਤੀਰਥਾਂ ਨੂੰ ਕੋਈ ਡੇਰਿਆਂ ਤੇ ਕੋਈ ਜਾਓ ਨਜੂਮੀ ਬੁਲਾਵਨੇ ਨੂੰ। ਹੱਜ ਮੱਕੇ ਦਾ ਅਤੇ ਮਦੀਨੇ ਜਾਨਾ ਲਿਆਓ ਕਾਜੀਆਂ ਮਸਲੇ ਸੁਨਾਵਨੇ ਨੂੰ। ਕਾਜੀ ਮੌਲਵੀ ਸੱਯਦਾਂ ਸ਼ੇਖ ਪੀਰਾਂ ਯਹੂਦੀ ਚਿਸਤੀਆਂ ਜਾਓ ਬੁਲਾਵਨੇ ਨੂੰ। ਰਮਲ ਜਾਨਦੇ ਹੋਣ ਜੋ ਖਾਸ ਪੂਰਾ ਨਹੀਂ ਜ਼ਾਤ ਸਫਾਤ ਪੂਛਾਵਨੇ ਨੂੰ। ਸ਼ਰਾ ਮਜ਼ਹਬ ਦੇ ਵਿਚ ਨਾ ਮੂਲ ਮੌਲਾ ਭੇਤ ਓਸ ਦਾ ਦਿਲ ਤੋਂ ਪਾਵਨੇ ਨੂੰ। ਕੋਈ ਘੋੜਿਆਂ ਤੇ ਕੋਈ ਹਾਥੀਆਂ ਤੇ ਕੋਈ ਰਥਾਂ ਤੇ ਜਾਓ ਲਿਆਵਨੇ ਨੂੰ। ਕੋਈ ਟਮਟਮਾਂ ਪੀਨਸਾਂ ਮੋਟਰਾਂ ਤੇ ਲਿਆਓ ਅਕਲੀਏ ਅਕਲ ਦੁੜਾਵਨੇ ਨੂੰ। ਅਤਰ ਕੇਵੜਾ ਫੁਲਾਂ ਦੀ ਕਰੋ ਵਰਖਾ ਸਾਧੂ ਸੰਤਾਂ ਦੇ ਮੁਖ ਛਿੜਕਾਵਨੇ ਨੂੰ। ਕਈ ਮਲੋ ਗੁਲਾਲ ਮਹਾਤਮਾਂ ਨੂੰ ਸੇਹਰੇ ਸੰਤਾਂ ਦੇ ਸੀਸ ਲਟਕਾਵਨੇ ਨੂੰ। ਤਨ ਮੰਨ ਤੇ ਧੰਨ ਸੇ ਕਰੋ ਸੇਵਾ ਰਾਹ ਅਸਲ ਏਹ ਰੱਬ ਦੇ

ਪਾਵਨੇ ਨੂੰ। ਜੇਕਰ ਡੇਰ ਕਰਸੋ ਦੇਸਾਂ ਹੁਣੇ ਫਾਂਸੀ ਮੇਰਾਂ ਚਿੱਤ ਸੰਕਲਪ ਮਿਟਾਵਨੇ ਨੂੰ। ਬੂਟਾ ਸਿੰਘਾ ਹੁਣ ਹੁਕਮ ਮੰਨ ਟੁਰੇ ਸਾਰੇ ਇੰਦਰ ਲਗਿਆ ਮੇਘ ਬ੍ਰਸਾਵਨੇ ਨੂੰ।

### ਵਾਕ ਕਵੀਸ਼ਰ

ਸੁਣੋਂ ਪ੍ਰੇਮ ਦੇ ਨਾਲ ਮੈਂ ਆਖਨਾ ਹਾਂ ਗਰਜ ਕੁਲ ਨੂੰ ਪਈ ਨਚਾਉਂਦੀ ਜੇ। ਅਗੇ ਅਦਨਿਆਂ ਸੀਸ ਝੁਕਾਨ ਅਫਸਰ ਗਰਜ ਪਾਤਸ਼ਾਹਾਂ ਤਾਂਈ ਟਪਾਉਂਦੀ ਜੇ। ਚੱਕਨ ਸੀਸ ਮੈਲਾ ਬਨੇ ਫਿਰਨ ਭੰਗੀ ਗਰਜ ਪਈ ਪਿਸ਼ਾਬ ਡੁਲ੍ਹਾਉਂਦੀ ਜੇ। ਗਰਜ ਵਾਸਤੇ ਜੰਗ ਦੇ ਵਿਚ ਜਾਂਦੇ ਗਰਜ ਮੌਤ ਦੇ ਮੂੰਹ ਜਾ ਪਾਉਂਦੀ ਜੇ। ਕਾਜ਼ੀ ਖੋਲ ਦੇ ਝੱਟ ਕੁਰਾਨ ਤਾਂਈ ਗਰਜ ਮੱਸਲੇ ਖੋਲ ਸੁਨਾਉਂਦੀ ਜੇ। ਪੰਡਤ ਵੇਦ ਤੇ ਲਈ ਪੁਰਾਣ ਫਿਰਦੇ ਕਥਾ ਕਰਕੇ ਠੀਕ ਸਮਝਾਉਂਦੀ ਜੇ। ਕੋਈ ਹਜਾਰ ਲੈਂਦੇ ਲੋਕੀ ਕੰਨਿਆਂ ਦਾ ਗਰਜ ਪਾਪ ਦੇ ਪੈਸੇ ਖੁਆਉਂਦੀ ਜੇ। ਕੋਈ ਕਸਮ ਖਾਂਦੇ ਕੋਲ ਹਾਕਮਾਂ ਦੇ ਗਰਜ ਗੰਗਾ ਦੀ ਜਲੀ ਉਠਾਉਂਦੀ ਜੇ। ਪਾਪੀ ਮਾਰਦੇ ਸਕਿਆਂ ਭਾਈਆਂ ਨੂੰ ਘਾਤ ਬੰਸ ਦਾ ਗਰਜ ਕਰਾਂਉਂਦੀ ਜੇ। ਚੋਰੀ ਠੀਕ ਇਹ ਗਰਜ ਕਰਾਂਵਦੀਏ ਗਰਜ ਠੀਕ ਪ੍ਰਦੇਸ ਲੈਜਾਉਂਦੀ ਜੇ। ਬੰਦੇ ਕਈ ਫਰੇਬ ਤੇ ਸਾਂਗ ਧਾਰਨ ਗਰਜ ਭੇਸ ਦਰ ਭੇਸ ਵਟਾਉਂਦੀ ਜੇ। ਬੇ ਔਲਾਦਿਆਂ ਨੂੰ ਇਹ ਗਰਜ ਬਾਵਾ ਗੋਰਾਂ ਮੜ੍ਹੀਆਂ ਪਈ ਪੁਜਾਉਂਦੀ ਜੋਚੱਕ ਗੋਦੜੀਨੂੰ ਬੀਆਬਾਨ

ਜਾਂਦੇ ਗਰਜ ਫੱਕਰਾਂ ਪਈ ਅਕਾਉਂਦੀ ਜੇ। ਮਾਂ ਬਾਪ ਦਾ ਸਾਕ ਨਾ ਗਰਜ ਛੱਡੇ ਭੈਣਾ ਭਾਈਆਂ ਤੋੜ ਵਿਖਾਉਂਦੀ ਜੇ। ਲਖਾਂ ਵਾਲਿਆਂ ਤਾਂਈ ਏਹ ਗਰਜ ਲੋਕੋ ਅਗੇ ਕੰਗਲਿਆਂ ਹੱਥ ਜੁੜਾਉਂਦੀ ਜੇ। ਗਰਜ ਵਾਸਤੇ ਲੱਭਦੇ ਬਾਮਨਾ ਨੂੰ ਗਰਜ ਰਮਲੀਆਂ ਤਾਂਈ ਸਦਵਾਉਂਦੀ ਜੇ। ਵੇਖੋ ਫੌਜ ਕੁਲ ਜਾਂਵਦੀ ਤੀਰਥਾਂ ਨੂੰ ਗਰਜ ਪੈਂਡਿਆਂ ਵਿਚ ਪੁਚਾਉਂਦੀ ਜੇ। ਸੂਬੇਦਾਰ ਮੇਜ਼ਰ ਤੇ ਜਰਨੈਲ ਭਾਰੇ ਖੂੱਚੀਂ ਉਨਾਂਦੀ ਘਟਾ ਜਾ ਪਾਉਂਦੀ ਜੇ। ਗਰਜ ਪਾਠੀਆਂ ਤਾਂਈ ਬੁਲਾਨ ਲਗੀ ਗਰਜ ਜੰਗ ਦੇ ਮਤੇ ਪੁਛਾਉਂਦੀ ਜੇ। ਬੂਟਾ ਸਿੰਘ ਕਹੇ ਗਰਜ ਦੇ ਮਗਰ ਬੰਦੇ ਜਿਧਰ ਚਾਂਵਦੀ ਪਈ ਨਚਾਉਂਦੀ ਜੇ।

### ਫੌਜੀਆਂ ਕਾ ਜਾਨਾ ਵਾਸਤੇ ਬਾਹਮਨਾ ਨਜੂਮੀਆਂ ਵ ਸਿੰਘੋਂ ਕੇ ਲਿਆਨੇ ਵਾਸਤੇ

ਫੌਜੀ ਬਘੀਆਂ ਨੂੰ ਕੇਈ ਜੋੜਦੇ ਨੀ ਕੇਈ ਘੋੜਿਆਂ ਉਤੇ ਸਵਾਰ ਬਾਵਾ। ਕੇਈਆਂ ਮੋਟਰਾਂ ਫਿਟਨ ਭਜਾਇ ਦਿਤੇ ਹੁਕਮ ਸੁਨਦਿਆਂ ਹੋਏ ਤਿਆਰ ਬਾਵਾ। ਕੇਈ ਟੁਰੇ ਨੇ ਪੀਨਸਾਂ ਚੱਕ ਕੇ ਤੇ ਸਾਰੇ ਹੁਕਮ ਦੇ ਤਾਬਿਆ ਦਾਰ ਬਾਵਾ। ਕੇਈ ਜਾਇਕੇ ਪਹੁੰਚੇ ਗੋਦਾਵਰੀ ਤੇ ਕੇਈ ਖਾਸ ਪਹੁੰਚੇ ਹਰੀਦੁਆਰ ਬਾਵਾ। ਕੇਈ ਊਠਾਂ ਤੇ ਚੜੇ ਨੇ ਰਾਹਿ ਅੰਦਰ ਹੁੰਦੇ ਪੈਂਡਿਆਂ ਵਿਚ ਖੁਆਰ ਬਾਵਾ। ਕੇਈ ਪਟਨੇ ਦਮਦਮੇ ਵਿਚ ਪਹੁੰਚੇ ਕਈ ਪਹੁੰਚੇ ਹਜੂਰ ਦਰਬਾਰ

ਬਾਵਾ। ਕਈ ਗਏ ਮੱਕੇ ਕੋਲ ਕਾਜੀਆਂਦੇ ਹੋਕੇ ਫੀਲ ਦੇ ਉਤੇ ਸਵਾਰ ਬਾਵਾ। ਕਈ ਗਏ ਸ਼੍ਰੀਫ ਮਦੀਨੇ ਸਾਹਿਬ ਕਰਨ ਰਮਲੀਆਂ ਤਾਂਈ ਤਿਆਰ ਬਾਵਾ। ਹੋਕਾ ਦੇਂਵਦੇ ਫਿਰਨ ਪੁਜਾਰੀਆਂ ਨੂੰ ਪਾਠੀ ਚਲੋ ਜੋ ਹੋਵੇ ਹੁਸ਼ਿਆਰ ਬਾਵਾ। ਲਾਟ ਟੇਕ ਸਿੰਘ ਸਦਿਆ ਪਾਠ ਖਾਤਰ ਦੇਉ ਪਾਠ ਅਖੰਡ ਉਚਾਰ ਬਾਵਾ। ਗੁਰੂ ਗ੍ਰੰਥ ਦੀ ਬਾਣੀ ਸੁਨਾਵਨੇ ਨੂੰ ਚਲੋ ਪਾਠੀਓ ਕਰੋ ਪ੍ਰਚਾਰ ਬਾਵਾ। ਸੁਨਕੇ ਪਾਠੀ ਕੁਲ ਧਾਮਾਂ ਤੋਂ ਤਜਾਰਹੋਏ ਰਸਤਾਲਿਆ ਕਲਾਲੀ ਦਾ ਧਾਰ ਬਾਵਾ। ਅੰਮ੍ਰਤਸਰ ਤੋਂ ਟੁਰੇ ਨੇ ਸਿੰਘ ਬਹੁਤੇ ਸਾਧੂ ਤੀਰਥਾਂ ਤੋਂ ਹੋਏ ਬਾਹਰ ਬਾਵਾ। ਕੋਈ ਦਮਦਮੀਆ ਕੋਈ ਸਿੰਘ ਸਭੀਆ ਨਾਲ ਹੋਏ ਨਿਹੰਗ ਤਿਯਾਰ ਬਾਵਾ। ਕੋਈ ਨਾਮ ਧਾਰੀਆ ਤੇ ਰੈਹਤ ਵਾਲੇ ਸਿੰਘ ਚਲੇ ਨੇ ਕਈ ਪ੍ਰਕਾਰਬਾਵਾ।ਅਗੇ ਸੰਤਾਂਮਹੰਤਾਂਦਾ ਹਾਲਦਸਾਂ ਹਾਲ ਸਭ ਦਾ ਕਹਾਂ ਉਚਾਰ ਬਾਵਾ। ਕਈ ਮੋਨੀ ਉਦਾਸੀ ਜੜਾਵਾਂ ਵਾਲੇ ਕਈ ਟੁਰੇ ਨੇ ਭਗਵਾਂ ਧਾਰ ਬਾਵਾ। ਕਈ ਹੈਨ ਸੰਨਿਆਸੀ ਤੇ ਬ੍ਰਹਮਚਾਰੀ ਕਈ ਰਾਮ ਸਨੇਹੀ ਵਿਚਾਰ ਬਾਵਾ। ਪ੍ਰਮ ਹੰਸ ਤਪੀਏ ਅਤੇ ਨਿਰਮਲੇ ਜੋ ਪਖ ਮਜਬ ਦੀ ਰਹੀ ਨਾ ਕਾਰ ਬਾਵਾ। ਨਾਥ ਕੰਨਪਾਟੇ ਸਿੱਧ ਜਤੀ ਜੋਗੀ ਪੂਜ ਘੋਰੀ ਚਲੇ ਬਲ ਧਾਰ ਬਾਵਾ। ਕਬੀਰ ਪੰਥੀ ਬੈਰਾਗੀ ਤੇ ਦਾਦੂ ਪੰਥੀ ਗਰੀਬ ਦਾਸੀਏ ਬੇ ਸ਼ੁਮਾਰ ਬਾਵਾ ਸੇਵਾ ਪੰਥੀਏ ਚਲੇ ਨੇ ਕਾਚੂ ਕਟੀਏ ਸੁਥਰੇ ਜੰਗਮ ਵੀ

ਹੋਏ ਤਿਯਾਰ ਬਾਵਾ। ਕਈ ਚਲੇ ਨੇ ਪੀਰ ਵਸੇਖ ਸੱਯਦ
ਹੱਥ ਰਮਲ ਤੇ ਤਸਬੀ ਡਾਹ ਬਾਵਾ। ਪੰਡਤ ਹੋਰ ਅਨੰਤ
ਬਿਅੰਤ ਚਲੇ ਗਿਨਣ ਵਿਚ ਨਾ ਲਗੇ ਸ਼ੁਮਾਰ ਬਾਵਾ।
ਬ੍ਰਾਹਮਨ ਗਇਆ ਪ੍ਰਾਗ ਤੋਂ ਕਈ ਚਲੇ ਭੋਜਨ ਹੱਥ ਦਾ
ਕਰਨ ਤਿਯਾਰ ਬਾਵਾ। ਲਾਮਜਹਬ ਹੈ ਖਾਸ ਪ੍ਰਮਾਤਮਾ
ਜੀ ਮਜਹਬ ਵਾਲੜੇ ਲੋਕ ਖੁਆਰ ਬਾਵਾ। ਬੰਸਾਂ ਮੰਨੂੰ ਤੋਂ
ਚਲੀਆਂ ਕੁਲਲੋਕੋ ਮੰਨੂ ਧਰਮ ਦਾ ਖਾਸ ਅਵਤਾਰ ਬਾਵਾ
ਜਮਦਗਨੀ ਭਰਥਦੁਆਜ ਗੋਤਮ ਕਸ਼ਪ ਵਿਸ਼ਵਾ ਮਿਤਰ
ਵਿਚਾਰ ਬਾਵਾ। ਵਸ਼ਿਸ਼ਟ ਅਗਸਤ ਦੀ ਬੰਸ ਦੇ ਕੁਲ
ਬਾਹਮਨ ਕਰਾਂ ਬਹੁਤ ਕੀ ਹੋਰ ਪਸਾਰ ਬਾਵਾ। ਸਾਂਡਲ
ਰਿਖੀ ਬਾਤਸਿਯੋ ਸੂਰਣ ਪੰਡੇ ਸੋਕਾਲੀਨ ਕਲ ਕ੍ਰਿਖੈ
ਕੁਮਾਰ ਬਾਵਾ। ਅਗਨੀ ਵੈਸ਼ਿਐ ਕ੍ਰਿਸ਼ਨਾਤ੍ਰੈ ਧ੍ਰਿਤਕੌਸ਼ਕ
ਅੰਸ ਇਹਨਾਂ ਦੀ ਬੇਸ਼ੁਮਾਰ ਬਾਵਾ। ਕੌਸ਼ਕ ਮੋਦਗਿਲ
ਬਾਸਕੀ ਰੋਹਤੇ ਜੀ ਆਲਮ ਮਿਆਨ ਦੀ ਬੰਸ ਅਪਾਰ
ਬਾਵਾ। ਪ੍ਰਾਸੁਰ ਕੁਸ਼ਕ ਸੁਪਾਇਨ ਚਿਤ੍ਰ ਸਚੈ ਬਈਆ
ਘਰੇ ਦੀ ਅੰਸ ਤਿਯਾਰ ਬਾਵਾ। ਆਦ ਗੌੜ ਤੇ ਸਾਰਸੁਤ
ਜਾਣ ਦੂਜੇ ਕਾਨ ਕੁਬਜ ਤੂੰ ਤੀਜੇ ਵਿਚਾਰ ਬਾਵਾ। ਮੈਥਲ
ਕੈਥਲਾ ਪੰਚ ਤੂੰ ਜਾਣ ਦ੍ਰਾਵੜ ਗੂਜਰ ਗੌੜਾ ਪ੍ਰੀਖ
ਤਿਯਾਰ ਬਾਵਾ। ਦਾਇ ਅਤੇ ਸ੍ਰਵਰੀਆ ਚੌਰਾਸੀਆ ਜੋ
ਬਾਹਮਨ ਚਲਿਆ ਕਈ ਹਜਾਰ ਬਾਵਾ। ਖੰਡਲ ਵਾਲ
ਤੂੰ ਬਾਰਾਂ ਏਹ ਜਾਨ ਕੌਮਾਂ ਟੁਰੇ ਧੋਤੀਆਂ ਤਿਲਕ ਨੂੰ ਧਾਰ

ਬਾਵਾ। ਕਈ ਜੰਞੂਆਂ ਪਤ੍ਰੀ ਚੱਕ ਪੁਸਤਕ ਚਲੇ ਟਿਕਿਆਂ ਤਾਂਈ ਸਵਾਰ ਬਾਵਾ। ਚਲੇ ਕੁਲ ਕਲਾਲੀ ਏਹ ਟੇਕ ਸਿੰਘ ਦੀ ਚਲੇ ਰਿਸ਼ੀ ਵਾ ਮੁਨੀ ਅਪਾਰ ਬਾਵਾ। ਸੋਮ ਨਾਥ ਤੋਂ ਲਿਆਏ ਪ੍ਰੋਹਤ ਤਾਂਈ ਵਿਚ ਪੀਨਸਾਂ ਬੈਠਨੇ ਹਾਰ ਬਾਵਾ। ਮੋਢੇ ਉਤੇ ਫੌਜੀ ਸਾਰੇ ਚੱਕੀ ਆਵਨ ਨਾਲੇ ਪੁਛਨ ਪਾਨੀ ਠੰਢਾ ਠਾਰ ਬਾਵਾ। ਮੱਥੇ ਉਤੇ ਬਿਰਾਜਦਾ ਤਿਲਕ ਸੁੰਦਰ ਪ੍ਰੋਹਤ ਬਸਤ੍ਰ ਬੇਸੰਤੀ ਲੈ ਧਾਰ ਬਾਵਾ। ਆਏ ਪਿੰਡ ਦੇ ਵਿਚ ਉਤਾਰਿਓ ਨੇ ਕੁਲ ਸੀਸ ਨਿਵਾਵੇ ਸੰਸਾਰ ਬਾਵਾ। ਬਾਹਰ ਪੀਨਸੋਂ ਨਿਕਲੇ ਹਰਦਿਯਾਲ ਪੰਡਤ ਰਾਵ ਰੰਕ ਕੁਲ ਮੰਨਣੇ ਹਾਰ ਬਾਵਾ। ਲਾਟ ਅਦਬ ਕਰਕੇ ਲੈ ਗਿਆ ਵਿਚ ਮੈਹਲਾਂ ਮੱਥਾ ਰਾਨੀਆਂ ਟੇਕਨੇ ਹਾਰ ਬਾਵਾ। ਡੇਰਾ ਪ੍ਰੋਹਤ ਦਾ ਬੈਠਕ ਦੇ ਵਿਚ ਕੀਤਾ ਬੂਹੇ ਜਿਸਦੇ ਹੈਗੇ ਨੀ ਚਾਰ ਬਾਵਾ। ਬੂਟਾ ਸਿੰਘ ਕਹੇ ਕੱਲਨੂੰ ਹੋਵਸੀ ਜੋ ਦੇਸਾਂ ਕੱਲ ਨੂੰ ਠੀਕ ਉਚਾਰ ਬਾਵਾ।

### ਕਲਾਲੀ ਟੇਕ ਸਿੰਘ ਵਾਲੀ ਮੇਂ ਆਨਾ ਤਮਾਮ ਪੀਰ ਫਕੀਰੋਂ ਕਾ

ਆਏ ਸੰਤ ਮਹੰਤ ਤੇ ਸਿੰਘ ਪੰਡਤ ਵਲੀ ਗੌਸ ਆਏ ਜਾਣੋਂ ਪੀਰ ਬਾਵਾ।ਆਏ ਨਾਲ ਸਰੇਵੜੇ ਅਰੜਪੋਪੋ ਹੁਸੈਨੀ ਬ੍ਰਾਹਮਨਾ ਨਾਲ ਨੇ ਮੀਰ ਬਾਵਾ। ਨਰਸਿੰਘੇ ਤੇ ਨਾਦ ਨੇ ਧੂਨੀ ਲਾਂਦੇ ਸੰਖ ਪੂਰਦੇ ਔਣ ਫਕੀਰ ਬਾਵਾ। ਉਚੇ ਮਧਰੇ ਬਾਂਕੇ ਬਰੀਕ ਸੁੰਦਰ ਛੈਲ ਦੂਸ਼ਨੀ ਕਈ ਸਰੀਰ

ਬਾਵਾ।ਬਾਲ ਭਵਰ ਜੈਸੇ ਨੈਣ ਮ੍ਰਿਗ ਵਾਂਙੂ ਨੱਕ ਜਿਨਾ ਦਾ ਵਾਂਗ ਸ਼ਮਸ਼ੀਰ ਬਾਵਾ। ਵਾਜੇ ਮਧਮਾਂ ਸਾਰਗੀ ਤੂਸ ਜੋੜੀ ਵਾਜ ਜਿਨਾ ਦੀ ਗਹਰ ਗੰਭੀਰ ਬਾਵਾ। ਵਾਜੇ ਵਜਦੇ ਰਾਗੀ ਗਿਆਨ ਕਰਦੇ ਤੋੜਨ ਹਿਰਸ ਦੇ ਆਨ ਜੰਜੀਰ ਬਾਵਾ। ਸੁਨਦਿਆਂ ਬੰਦ ਹੋਵਨ ਦਸੇ ਇੰਦ੍ਰੇ ਜੋ ਮਨ ਨਿਰਮਲ ਜਿਉਂ ਗੰਗ ਦਾ ਨੀਰ ਬਾਵਾ । ਸੁਨਦੇ ਸਾਰ ਹੋਵਨ ਘਾਉ ਚਿੱਤ ਉਤੇ ਮਾਨੋ ਜਿਸਤਰਾਂ ਖੁਭਦਾ ਤੀਰ ਬਾਵਾ। ਪਾਠ ਯੱਗ ਏਹ ਲਾਟ ਦਾ ਕਰਨ ਪੂਰਾ ਕ੍ਰਿਸ਼ਨ ਦ੍ਰੋਪਤਾਂ ਨੂੰ ਦਿਤੇ ਚੀਰ ਬਾਵਾ । ਕਈ ਟੱਲੀ ਵਜਾਉਂਦੇ ਧੂਪ ਦੇਂਦੇ ਰਖ ਕਾਹਨ ਦੀ ਅਗੇ ਤਸਵੀਰ ਬਾਵਾ । ਪੰਜ ਵੇਲੇ ਕਈ ਪੜਨ ਨਿਮਾਜ ਤਾਂਈ ਛਡਾਂ ਆਪਨੀ ਖਾਸ ਤਦਬੀਰ ਬਾਵਾ। ਪੰਜੇ ਬਾਣੀਆਂ ਸਨੇ ਰਹਿਰਾਸ ਪੜਦੇ ਕਈ ਸੰਧਿਆਂ ਤੇ ਧਰਦੇ ਧੀਰ ਬਾਵਾ । ਕਈ ਆਪ ਨੂੰ ਰੱਬ ਕਹਾਨ ਵਾਲੇ ਜਾਨਣ ਆਪਨੂੰ ਰਾਮ ਰਘਬੀਰ ਬਾਵਾ। ਕਈ ਬੂਟ ਤੇ ਸੂਟ ਨੂੰ ਪਹਿਨ ਆਏ ਕਈਆਂ ਉਤੇ ਨਾਹੀ ਲੀਤੀ ਲੀਰ ਬਾਵਾ। ਕਈ ਸੰਗਲੀ ਕੜੇ ਤੇ ਹੱਥ ਛੱਲੇ ਕਈ ਘਰੋਂ ਲਿਆਏ ਜੰਜੀਰ ਬਾਵਾ । ਮਸਤ ਹਾਥੀਆਂ ਵਾਂਗ ਮਹਾਤਮਾ ਜੋ ਸਚੇ ਨਾਮ ਦੇ ਨਾਲ ਅਮੀਰ ਬਾਵਾ।ਪਾਕ ਪਰਵਦਿਗਾਰ ਦੇ ਖੇਲ ਸਾਰੇ ਖੇਲ ਕਰੇ ਏਹ ਰੱਬ ਕਬੀਰ ਬਾਵਾ। ਟੁਰਦੇ ਮੰਜਲੋ ਮੰਜਲੀ ਆਨ ਪਹੁੰਚੇ ਖਾਂਦੇ ਖੰਡ ਮਲਾਈ ਤੇ ਖੀਰ ਬਾਵਾ। ਬਹੁਤਾ ਕਰਾਂ ਪਸਾਰ

ਕੀ ਹੋਰ ਲੋਕੋ ਵਿਚ ਪਿੰਡਦੇ ਪਹੁੰਚੇ ਅਖੀਰ ਬਾਵਾ। ਅਗੋਂ ਲਾਟ ਮਹਾਰਾਜ ਨੇ ਅੱਦਬ ਕੀਤਾ ਹੱਥ ਜੋੜਦਾ ਵਾਂਗ ਤਕਸੀਰ ਬਾਵਾ। ਰਣਜੀਤ ਸਿੰਘ ਮਹਾਰਾਜ ਭੀ ਨਿਮ੍ਰਤਾ ਸੇ ਅਗੋਂ ਬੋਲਿਆ ਮਿਠੜਾ ਸ਼ੀਰ ਬਾਵਾ। ਸਾਧੂ ਸੰਤਾਂ ਨੂੰ ਕਰਨ ਪ੍ਰਣਾਮ ਸਾਰੇ ਅਰਜ ਕਰਦੇ ਵਾਂਗਰਾਂ ਕੀਰ ਬਾਵਾ ਜਿਨਾਂ ਸਾਧੂਆਂਨੂੰ ਲੋੜ ਧੂਨੀਆਂ ਦੀਮਿੱਟੀ ਹੂੰਜਕੇ ਕਰਨ ਲਕੀਰ ਬਾਵਾ। ਕਈ ਫੌਜੀ ਨੇ ਲਕੜੀਆਂ ਦੇਨ ਵਾਲੇ ਸੰਤ ਬਾਲਦੇ ਜੋੜ ਕਰੀਰ ਬਾਵਾ। ਬੂਟਾ ਸਿੰਘ ਕੈਂਹਦਾ ਜੇਹੜੀ ਕੱਲ ਹੋਸੀ ਕੱਲ ਖੋਲਕੇ ਕਰਾਂ ਤਕਰੀਰ ਬਾਵਾ।

ਫਤੇਹੋਣ ਵਾਸਤੇ ਮੁਲਤਾਨਦੇ ਮਹਾਂਰਾਜ ਰਣਜੀਤਸਿੰਘ ਨੇ.ਤਮਾਮ ਜੋਤਸ਼ੀਓਂ ਵਾ ਰਮਲੀਓਂ ਸੇ ਪੂਛਨਾ

ਕੁਲ ਭੇਖ ਜਦੋਂ ਆਨ ਹੋਏ ਕਠੇ ਲਾਟ ਰਾਵ ਨੇ ਖਾਸ ਪੁਕਾਰਿਆ ਜੀ। ਸੁਭਾ ਵੇਲੜੇ ਸਦਿਆ ਪ੍ਰੋਹਤ ਤਾਂਈ ਨਮੋ ਨਮੋ ਹੈ ਲਾਟ ਉਚਾਰਿਆ ਜੀ। ਲੇਲਾ ਮਜਨੂ ਪਿਪਲ ਤੇ ਪਿਪਲੀ ਦੇ ਹੇਠਾਂ ਦਰੀਆਂ ਤਾਂਈ ਸਵਾਰਿਆ ਜੀ। ਬ੍ਰਿਛਾਂ ਹੇਠਾਂ ਜੇ ਸਭ ਦੇ ਲੁਆਏ ਆਸਨ ਡੇਰਾ ਕੁਲ ਦਾ ਓਥੇ ਉਤਾਰਿਆ ਜੀ। ਮਹਾਰਾਜ ਰਣਜੀਤ ਸਿੰਘ ਪੁਛਦਾਏ ਲਸ਼ਕਰ ਕੁਲ ਮੁਲਤਾਨ ਨੂੰ ਜਾਰਿਆ ਜੀ। ਦਸੋ ਫਤੇ ਕੇ ਹਾਰ ਹੈ ਮੁਝ ਤਾਂਈ ਲਾਟ ਕੁਲ ਨੂੰ ਤਾਂਹੀ ਬੁਲਾਰਿਆ ਜੀ। ਸੱਚ ਸੱਚ ਆਖੋ ਨਹੀਂ ਝੂਠ ਕੈਹਨਾ ਫਤੇ ਹੋਣਾ ਮੁਲਤਾਨ ਪੁਛਾਰਿਆ ਜੀ। ਨਾਲੇ ਯੱਗ ਤੇ

ਪਾਠ ਅਖੰਡ ਕਰੀਏ ਪੁੰਨ ਦਾਨ ਕਰਨਾ ਚਿਤ ਧਾਰਿਆ ਜੀ। ਬਿਨਾ ਪੁਛੇ ਨਾ ਚੜ੍ਹਦੀ ਫੌਜ ਏਥੋਂ ਦੋ ਮਾਹ ਮੈਂ ਬੈਠ ਗੁਜ਼ਾਰਿਆ ਜੀ। ਫਤੇ ਹੋਣਾ ਮੁਲਤਾਨ ਹੈ ਨਹੀਂ ਮੈਨੂੰ ਰਾਵ ਕੁਲ ਦੇ ਤਾਂਈ ਸੁਨਾਰਿਆ ਜੀ। ਦੋ ਦਿਨ ਤੁਸੀਂ ਸਾਰੇ ਸੋਧ ਦੇਖੋ ਰਾਵ ਮੁਖ ਤੋਂ ਆਪ ਅਲਾਰਿਆ ਜੀ। ਨਹੀਂ ਤਾਂ ਮੈਂ ਭੀ ਲਾਹੌਰ ਨੂੰ ਹਟਾਂ ਪਿੱਛੇ ਏਥੇ ਕਾਸ ਨੂੰ ਸਮਾਂ ਗੁਆਰਿਆ ਜੀ। ਵਿਅਰਥ ਸਮਾਂ ਅਗੇ ਮੈਂ ਨੇ ਗਾਲ ਦਿਤਾ ਅਗਾਂਦੌੜ ਤੇ ਪਿਛਾ ਵਿਗਾਰਿਆ ਜੀ। ਸੋਚ ਸਮਝ ਕੇ ਆਖਦਾ ਦਸਨਾ ਜੇ ਕਸਮ ਸ੍ਰੀ ਭਗਵਾਨ ਦੀ ਧਾਰਿਆ ਜੀ। ਰਮਲੀ ਰਮਲ ਤੇ ਜੋਤਸ਼ੀ ਲੌਣ ਜੋਤਸ਼ ਸਮਾਂ ਪਰਸੂੰ ਮੁਕਰਰ ਠਰਾਰਿਆ ਜੀ। ਆਪੋ ਆਪਨੇ ਸੋਧ ਕੇ ਗ੍ਰੰਥ ਦਸੋ ਨਾਲੇ ਪਾਠ ਅਖੰਡ ਕਰਾਰਿਆ ਜੀ। ਇਕੋ ਅੰਕਾਰ ਜਾਂ ਪਾਠ ਜੇ ਸ਼ੁਰੂ ਹੋਯਾ ਨਾਲੇ ਯੱਗ ਵੀ ਲਾਟ ਰਚਾਰਿਆ ਜੀ। ਕੇਸਰ ਤਗਰ ਕਸਤੂਰੀ ਦੇ ਧੂਪ ਹੁੰਦੇ ਹਮਨ ਵਾਸਨਾ ਨਾਲ ਸੁਹਾਰਿਆ ਜੀ। ਕਈ ਮੌਲਵੀ ਖੋਲ ਕੁਰਾਨ ਬੈਠੇ ਕੋਈ ਗੀਤ ਗੋਬਿੰਦ ਦੇ ਗਾਰਿਆ ਜੀ। ਪਰਸੋਂ ਭੋਗ ਦੇ ਸਮੇਂ ਏਹ ਦਸ ਦੇਨਾ ਰਾਵ ਸਭ ਦੇ ਤਾਂਈ ਬਤਾਰਿਆ ਜੀ। ਰੌਲ ਬਦਲਨੇ ਦੇ ਵੇਲੇ ਪਾਠੀਆਂ ਨੂੰ ਲਾਟ ਖਿਚਕੇ ਪਾਨੀ ਨੁਹਾਰਿਆ ਜੀ। ਬੂਟਾ ਸਿੰਘ ਕੈਂਹਦਾ ਪਰਸੂੰ ਜਾਨ ਆਯਾ ਛਿੱਨ ਛਿੱਨ ਕਰਕੇ ਸਮਾਂ ਜਾਰਿਆ ਜੀ।

## ਪਾਤਸ਼ਾਹ ਕੇ ਮੁਲਤਾਨ ਫਤੇ ਕਰਨੇ ਪਰ ਜੋਤਸ਼ੀਓਂ ਨੇ ਪ੍ਰਸ਼ਨ ਲਗਾਨੇ

ਬ੍ਰਾਹਮਨ ਸੁਨਦਿਆਂ ਸਾਰ ਇਹ ਗੱਲ ਯਾਰੋ ਲਗੇ ਕੁਲ ਗ੍ਰੰਥ ਵਿਚਾਰਨੇ ਨੂੰ। ਹਰਦਿਯਾਲ ਪ੍ਰੋਹਤ ਜੋ ਲਾਟ ਦਾ ਜੀ ਵੇਦ ਚਾਰ ਹੀ ਲਗਾ ਵਿਚਾਰਨੇ ਨੂੰ।ਠਾਰਾਂ ਪੁਰਾਣ ਤੇ ਸਿਮ੍ਰਤੀ ਸ਼ਾਸਤ੍ਰਾਂ ਦੀ ਪਿਆ ਘੋਖਦਾ ਸੱਚ ਪੁਕਾਰਨੇਨੂੰ। ਕਈਆਂ ਰਤਨ ਪ੍ਰੀਛੇ ਤੇ ਹੱਥ ਧਰਿਆ ਕ੍ਰਿਖ ਵਿਦਿਆ ਗ੍ਰੰਥ ਉਪਕਾਰਨੇਨੂੰ।ਰਤਨਜੋਤਸ਼ ਭੰਡਾਰ ਤੇ ਸਿੰਧੂ ਸਾਗਰ ਦੇਖਨ ਵੈਰੀਆਂ ਤਾਂਈ ਸੰਘਾਰਨੇ ਨੂੰ। ਰੋਲ ਤਤ੍ਵ ਪ੍ਰਕਾਸ਼ ਕਾ ਮੇਘ ਮਾਲਾ ਪੜ੍ਹਨ ਭੰਡਲੀ ਬੁਧ ਉਧਾਰਨੇ ਨੂੰ। ਰਮਲ ਭਾਸਕਰ ਜੋਤਸ਼ ਕੀ ਲਾਵਨੀ ਨੂੰ ਲਾਵੇਂ ਫਤੇ ਮੁਲਤਾਨ ਸ਼ੁਮਾਰਨੇ ਨੂੰ। ਜੋਤਸ਼ ਕਲਪ ਦ੍ਰੂਮ ਤੇ ਰਮਲ ਲੋਕੇ ਮਾਰਤੰਡ ਪੜ੍ਹਦੇ ਜਿਤ ਧਾਰਨੇ ਨੂੰ।ਜੋਤਸ਼ ਜਫਰ ਦਾ ਪੜ੍ਹਨ ਨੇ ਇਲਮ ਲਗੇ ਕਾਜੀ ਲਗੇ ਕੁਰਾਨ ਉਚਾਰਨੇ ਨੂੰ। ਨਜੂਮੀ ਖੋਲਦੇ ਗ੍ਰੰਥ ਨਜੂਮ ਵਾਲੇ ਜੁਬਦਾਤੁਰ ਰਹੇ ਰਮਲ ਬਿਚਾਰਨੇਨੂੰ।ਇਤਖਾਬਨ ਨਜੂਮ ਕਸਾਫਨ ਨਜੂਮ ਪੜ੍ਹਦੇ ਆਪੋਆਪਦਾ ਕਰਨ ਇਤਬਾਰਨੇ ਨੂੰ। ਆਫਤਾ ਬਨ ਨਜੂਮ ਸ਼ਮਰੁਤਨ ਨਜੂਮ ਅਹਕਾਮਨ ਨਜੂਮ ਬਿਚਾ ਰਨੇ ਨੂੰ।ਨਜਰ ਆਜਮ ਨਜੂਮ ਸਿਰਾਜੁਲ ਰਮਲ ਮਿਸਦਾ ਕੁਲ ਰਮਲ ਦਿਲ ਬਹਾਰਨੇ ਨੂੰ।ਕਈ ਪੜ੍ਹਨ ਮਹਬੂਬੁਲ ਗਮਸੁਲ ਰਮਲੇ ਕਰਨ ਦੂਰ ਇਹ ਕੁਲ ਗੁਬਾਰਨੇ ਨੂੰ।

ਦਿਲਦਾਰੁਲ ਰਮਲ ਆਬਤਾਬੁਲ ਰਮਲ ਦੂਰ ਪੜ੍ਹਦਿ-
ਆਂ ਕਰਨ ਅੰਧਾਰਨੇ ਨੂੰ। ਅਨਵਾਰੁਲ ਰਮਲ ਮੈਦਾਨੁਲ
ਰਮਲ ਏਹੋ ਗ੍ਰੰਥ ਨਿਤਾਰਾ ਨਿਤਾਰਨੇ ਨੂੰ। ਰਿਸਾਲਾ
ਜਫਰ ਮਨਸੂਰਮ ਨਜੂਮ ਲੋਕੋ ਗੱਲ ਸੱਚ ਤੇ ਝੂਠ ਦੀ
ਖਾਰਨੇ ਨੂੰ।ਕਈ ਪੜ੍ਹਨ ਅਸਮਾਨੁਲ ਨਜੂਮ ਬੈਠੇ ਕਰਦੇ
ਚਿੱਤ ਦੇ ਵਿਚ ਉਜਿਆਰਨੇ ਨੂੰ। ਮਿਫਤਾਹੁਲ ਜਫਰ
ਤਸੀਰੁਲ ਦੁਲੂਬਵਾਚਨ ਕਈਕਰਦੇਨੀਨਿਮਸਕਾਰਨੇਨੂੰ।
ਤੁਸਹੀਲੁਰ ਰਮਲ ਅਨਵਾਰਨ ਨਜੂਮ ਕਫੀ ਅਸੂਲੁਰ
ਰਮਲਕਈਲਗੇ ਉਚਾਰਨੇਨੂੰ।ਤਿਲਸਮਾਤ ਫਿਰੰਗ ਗੁਲ
ਦਸਤਾਨੂੰ ਲੱਗੇ ਮੌਲਬੀ ਕਈ ਵਿਚਾਰਨੇ ਨੂੰ। ਕਾਸ਼ਫੇ
ਇਸਰਾਰੇ ਗੈਬਤਾਂਈਂ ਪੜ੍ਹਦੇ ਪੀਰ ਨੇ ਮਿਠੀ ਗੁਫਤਾਰਨੇ
ਨੂੰ। ਤਿਲਸਮਾਤ ਮੁਨਾਜ਼ੁਲ ਕਮਰ ਯਾਰੋ ਵਲੀ ਪੜ੍ਹਦੇ
ਹੋਇ ਹੁਸ਼ਿਆਰਨੇ ਨੂੰ। ਪਾਠੀ ਗੁਰੂ ਗ੍ਰੰਥ ਦੇ ਵਾਕ ਲੈਂਦੇ
ਸੱਚ ਦੱਸਦੇ ਲਾਟ ਸੂਦਾਰਨੇ ਨੂੰ। ਤਿਨਾਂ ਮੁਖ ਡਰਾਵਨੇ
ਸਬਦ ਆਯਾ ਜਿਨਾ ਦਿਤਾ ਵਿਸਾਰ ਕਰਤਾਰਨੇ ਨੂੰ।
ਨਾਨਕ ਬਿਲਪਦੇ ਰੈਹਨ ਓਹ ਦਿਨੇ ਰਾਤੀ ਕਾਗ ਥਾਂਓਂ
ਸੂੰਦੀ ਇੰਤਜ਼ਾਰਨੇ ਨੂੰ। ਸੱਚ ਸੱਚ ਏਹ ਭੋਗ ਤੋਂ ਕੈਹਨ
ਮਗਰੋਂ ਨਹੀਂ ਕੂੜਦੇ ਕਰਨ ਵਪਾਰਨੇ ਨੂੰ। ਵੇਖਨ ਠੀਕ
ਮੂਲਤਾਨ ਨਾ ਫਤੇ ਹੋਨਾ ਲਗੇ ਖੋਲਕੇ ਗ੍ਰੰਥ ਉਚਾਰਨੇ
ਨੂੰ। ਬੂਟਾਸਿੰਘ ਕੈਂਹਦਾ ਹੁਣ ਦਸ ਦੇਸਨ ਅਰਜ ਅਰਜਨ
ਦੀ ਕ੍ਰਿਸ਼ਨ ਮੁਰਾਰਨੇ ਨੂੰ।

## ਵਾਕ ਕਵੀ

ਡਿਠਾ ਕੁਲ ਫਕੀਰਾਂ ਤੇ ਪੰਡਤਾਂ ਨੇ ਫਤੇ ਨਜਰ ਮੁਲ ਤਾਨ ਨਾ ਆਂਵਦਾਈ। ਸਾਧੂ ਸੰਤਾਂ ਤੇ ਸਿੰਘਾਂ ਵੀ ਸੋਧ ਡਿਠਾ ਘਾਟਾ ਪੈਰ ਪਾਇਆਂ ਓਧਰ ਜਾਂਵਦਾਈ। ਫਤੇ ਨਹੀਂ ਮੁਲਤਾਨ ਰਣਜੀਤ ਸਿੰਘ ਨੂੰ ਏਹੋ ਪ੍ਰੋਹਤ ਵੀ ਪ੍ਰਸ਼ਨ ਲਗਾਂਵਦਾਈ। ਲੰਙੀ ਨੱਚਕੇ ਸਭਾ ਰਿਝਾਂਵਨਾ ਕੀ ਖੁਸਰਾ ਬਾਲ ਕੀ ਦਸ ਖਿਡਾਂਵਦਾਈ। ਹੋਣਾ ਪਿੰਗਲੇ ਪ੍ਰਬਤ ਤੋਂ ਪਾਰ ਕੀਏ ਗੁੰਗਾ ਸਭਾ ਮੇਂ ਦਸ ਕੀ ਗਾਂਵਦਾ ਈ। ਬੋਲੇ ਸੁਣ ਲੈਣਾ ਹੌਲੀ ਬੋਲਿਆਂ ਕੀ ਬਿਨਾਂ ਤੇਲ ਤੋਂ ਦੀਵਾ ਮੁਰਝਾਂਵਦਾਈ। ਇਕ ਵਾਰ ਮਨੁਸ਼ ਜੋ ਮਿਰਤ ਹੋਯਾ ਫੇਰ ਕਦੇ ਨਾ ਜੱਗ ਤੇ ਆਂਵਦਾਈ। ਮਾਲੀ ਬਾਗ ਨੂੰ ਵੱਢਕੇ ਖੱਟਨਾ ਕੀ ਕੌਣ ਪੁਤ ਨੂੰ ਜੈਹਰ ਖੁਲਾਂਵਦਾਈ। ਪੈਹਰੇਦਾਰ ਭੰਨੇ ਜੇਹੜੇ ਘਰ ਤਾਂਈ ਦਸੋ ਓਸਨੂੰ ਕੌਣ ਬਚਾਂਵਦਾਈ। ਕੋਈ ਮਾਲਕ ਬਜਾਜੀ ਨੂੰ ਅੱਗਲਾਵੇ ਫੇਰ ਓਸਨੂੰ ਕੌਣ ਬੁਝਾਂਵਦਾਈ। ਦਿਨੇ ਉਲੂਆਂ ਨੂੰ ਨਜਰ ਆਵੇ ਨਾਹੀ ਕਾਜੀ ਸੰਖ ਨਾ ਕਦੇ ਬਜਾਂਵਦਾਈ। ਥਾਲੀ ਪਾ ਇਕੇ ਖਾਵੇ ਜੇ ਖੀਰ ਬਨੀਆਂ ਕਾਲਆਇਨੂੰ ਕੌਣ ਹਟਾਂਵ ਦਾਈ। ਮਲਾਹ ਬੇੜੀਆਂ ਨੂੰ ਡੋਬ ਦੇਣ ਜੇਕਰ ਉਤੇ ਪੈਰ ਨਾ ਕੋਈ ਵੀ ਪਾਂਵਦਾਈ। ਹੰਸ ਮੋਤੀਨੂੰ ਤਿਜਾਗ ਨ ਦਾਲ ਖਾਂਦੇ ਬ੍ਰਾਹਮਨ ਬਾਂਗ ਨਾ ਦੇਨ ਨੂੰ ਜਾਂਵਦਾਈ। ਵਾੜਖੇਤੀ ਨੂੰ ਖਾਂਵਦੀ ਨਹੀਂ ਡਿਠੀ ਸ਼ਾਹ ਨੂੰ ਨਹੀਂ ਕੰਗਾਲ ਦਬਾਂਵ

ਦਾਈ। ਵੱਗੀ ਘਤਿਆਂ ਬਲਦ ਨਾ ਦੁਧ ਦੇਂਦੇ ਸੱਚ ਸੱਚ ਏਹ ਕਵੀ ਫੁਰਮਾਂਵਦਾਈ। ਕੌਲੇ ਹੋਣ ਸੁਫੈਦ ਨਾ ਨਾਲ ਸਾਬਨ ਅੱਗ ਰੂੰਈ ਮੇਂ ਕੌਣ ਮੁਰਝਾਂਵਦਾਈ । ਨਾਲੇ ਬਾਹਮਨਾਂ ਕਾਜੀਆਂ ਖੋਲ ਦੇਨਾ ਭੇਤ ਕਦੇ ਨ ਕੋਇ ਛਪਾਂਵ ਦਾਈ। ਆਖਰ ਕੂੜ ਨੇ ਠੀਕ ਨਿਖੁਟ ਜਾਨਾ ਸੱਚ ਛਪੇ ਨਾ ਕੋਈ ਛਪਾਂਵਦਾਈ। ਨਾਲ ਜਾਨਾ ਪਸੰਦ ਨਾ ਲਾਟ ਕਰਦਾ ਚੋਰਚੰਦਨੂੰ ਵੇਖਕੇ ਧਾਂਵਦਾਈ।ਬੂਟਾਸਿੰਘ ਕੈਂਹਦਾ ਲਾਟ ਪੈਹਲੇ ਜਾਣੇ ਸਿਖੇ ਹੋਏ ਨੂੰ ਕੌਣ ਸਿਖਾਂਵਦਾਈ।

ਤਮਾਮ ਰਿਸ਼ੀਆਂ ਵਾ ਪੰਡਤਾਂ ਕਾ ਉਤਰ
ਰਾਜਾ ਰਣਜੀਤ ਸਿੰਘ ਕੋ

ਕੁਲ ਸਾਧੂਆਂ ਬ੍ਰਾਹਮਨਾ ਖੋਲ ਦਿਤਾ ਨਹੀਂ ਤੁਧ ਨੂੰ ਫਤੇ ਮੁਲਤਾਨ ਰਾਜਾ। ਜੇਕਰ ਵਲ ਮੁਲਤਾਨ ਦੇ ਕਦਮ ਧਰਸੇਂ ਤੇਰੇ ਮਰਨਗੇ ਕੁਲ ਜੁਆਨ ਰਾਜਾ। ਦਿਸ਼ਾ ਸੂਲ ਮੱਥੇ ਤੈਨੂੰ ਸਾਮਨੀਹੈ ਰਾਹੂਕੇਤੂ ਹੈਨ ਬਲੀ ਪ੍ਰਧਾਨ ਰਾਜਾ। ਸ਼ੇਖ ਮਸਾਇਕ ਤੇ ਔਲੀਆਂ ਖੋਲ ਦਿਤਾ ਦਿਸਨ ਸਾਨੂੰ ਵੀ ਏਹੋ ਨਿਸ਼ਾਨ ਰਾਜਾ। ਪਾਠੀ ਗੁਰੂ ਗ੍ਰੰਥ ਦਾ ਆਸ਼ਾ ਲੈਕੇ ਆਖਨ ਗੱਲ ਸਚੀ ਏਹੋ ਜਾਨ ਰਾਜਾ। ਹਰਦਯਾਲ ਪ੍ਰੋਹਤ ਜੀ ਆਪ ਬੋਲੇ ਤਰਫ ਤੇਰਾ ਮੁਲਤਾਨ ਅਪਮਾਨ ਰਾਜਾ। ਕਰਕ ਸਿੰਘ ਕੰਨਿਆਂ ਬਾਰਾਂ ਗਿਨੇ ਰਾਸਾਂ ਪੰਡਤ ਸੋਚਦਾ ਕਈ ਪ੍ਰਮਾਨ ਰਾਜਾ। ਰੇਖਾ ਤੁਧ ਦੀ ਵਿਚ ਮੁਲਤਾਨ ਨਾਹੀਂ ਬਨਨਾ ਤੈਨੇ ਨਾ ਓਥੇ ਸੁਲਤਾਨ ਰਾਜਾ। ਪ੍ਰਸ਼ਨ

ਹੋਰ ਦਾ ਹੋਰ ਹੀ ਨਜਰ ਆਵੇ ਰਾਜ ਕਰੇਗੀ ਤੇਰੀ ਸੰਤਾਨ ਰਾਜਾ। ਤੇਰਾ ਪੁਤ ਜੋਧਾ ਖੜਗ ਸਿੰਘ ਭਾਰੀ ਫਤੇ ਓਸ ਦੇ ਮੱਥੇ ਤੇ ਮਾਨ ਰਾਜਾ। ਬਿਨਾ ਓਸਦੇ ਫਤੇ ਨਾ ਕਦੇ ਹੋਣਾ ਸੋਧੇ ਕਈ ਮੈਂ ਬੇਦ ਪੁਰਾਨ ਰਾਜਾ। ਫਤੇ ਕਰਨ ਜਾਸੈਂ ਆਪ ਖਾਕ ਹੋਸੈਂ ਮਰਸੈਂ ਜੰਗ ਵਾ ਵਿਚ ਮਦਾਨ ਰਾਜਾ। ਝੂਠ ਬੋਲਨਾ ਮੁਝ ਨੇ ਪਾਪ ਜਾਨਾ ਚਾਹੇ ਮਾਰ ਤੂੰ ਖਿੱਚ ਕੇ ਬਾਨ ਰਾਜਾ। ਤੈਥੋਂ ਫਤੇ ਮੁਲਤਾਨ ਨਾ ਕਦੇ ਹੋਣਾ ਸੱਚ ਸੱਚ ਮੈਂ ਕਰਾਂ ਬਿਆਨ ਰਾਜਾ। ਤਪੀ ਰਿਸ਼ੀ ਤੇ ਬੰਦਗੀ ਕਰਨ ਵਾਲਾ ਤੇਰਾ ਪੂਤ ਸਪੂਤ ਬਲਵਾਨ ਰਾਜਾ ਖੜਕ ਸਿੰਘ ਦੇ ਬਾਝ ਨਾ ਫਤੇ ਹੋਣਾ ਝੂਠ ਕੈਹਣ ਨ ਬੇਦ ਪੁਰਾਨ ਰਾਜਾ। ਮੰਨ ਕੈਹਣਾ ਮੈਂ ਲਾਟ ਦਾ ਪੋਹਤ ਹਾਂ ਜੀ ਕਾਹਨੂੰ ਫੌਜ ਤੂੰ ਜਾਏਂ ਮਰਵਾਨ ਰਾਜਾ। ਪਿਛੇ ਹੱਟ ਜਾ ਤਰਫ ਲਾਹੌਰ ਦੀ ਨੂੰ ਬਹੁਤਾ ਕਰੀ ਦਾ ਨਹੀਂ ਗੁਮਾਨ ਰਾਜਾ। ਏਹੋ ਰਾਜ ਭੀ ਤੁਧ ਦੇ ਨਾਲ ਜਾਣਾ ਮਗਰੋਂ ਤੁਧ ਦੇ ਰਾਜ ਵੈਰਾਨ ਰਾਜਾ। ਗੋਰੇ ਟੋਪੀਆਂ ਵਾਲੇ ਫਿਰ ਰਾਜ ਕਰਸਨ ਤੇਰਾ ਨਾਮ ਨਿਸ਼ਾਨ ਉਡਾਨ ਰਾਜਾ। ਸਚ ਬੋਲਨਾ ਧਰਮ ਹੈ ਬਾਹਮਨਾ ਦਾ ਝੂਠੀ ਕਰਾਂ ਨਾ ਕਦੇ ਜੁਬਾਨ ਰਾਜਾ। ਸਮਾਂ ਹੋਵਸੀ ਆਨਕੇ ਜਦੋਂ ਕਲ ਜੁਗ ਬੁਧੀ ਭ੍ਰਸ਼ਟ ਕੁਲ ਹੋਸੀ ਜਹਾਨ ਰਾਜਾ। ਸਮਾਂ ਆਨ ਕੇ ਵਰਤਸੀ ਘੋਰ ਕਲਜੁਗ ਬਾਰਾਂ ਬਰਸ ਦੀ ਜਾਵੇ ਸੰਤਾਨ ਰਾਜਾ। ਵੀਹਾਂ ਵਰਿਹਾਂ ਦੀ ਪੋਤਰਾ ਵੇਖ ਲੈਸੀ ਦਾਦੀ

ਜਗ ਮੈਂ ਨਾਮ ਧਰਾਨ ਰਾਜਾ। ਤੀਸਾਂ ਬਰਸਾਂ ਦੀ ਲੰਮੀ ਮਿਆਦ ਹੋਸੀ ਉਮਰ ਘਟ ਹੀ ਠੀਕ ਹੋਜਾਨ ਰਾਜਾ। ਹੋਸੀ ਘਟ ਨਿਆਉਂ ਤੇ ਜੁਲਮ ਬਹੁਤਾ ਹਾਕਮ ਚੱਟੀਆਂ ਵਢੀਆਂ ਖਾਨ ਰਾਜਾ। ਸਾਵਨ ਜਲਾਂ ਬੀਂ ਮਹਿੰਗਲੇ ਦੂਰ ਹੋਸਨ ਗਊਆਂ ਘਾਸ ਨਾ ਰੱਜਕੇ ਖਾਨ ਰਾਜਾ। ਕਾਲ ਬਹੁਤ ਸੁਕਾਲ ਨਾ ਮੂਲ ਹੋਸੀ ਜੀਵ ਅੰਨ ਤੋਂ ਪਏ ਤਰਸਾਨ ਰਾਜਾ। ਧਰਮੀ ਜਤੀ ਮਹਾਤਮਾ ਪੁਰਸ਼ ਜੇੜ੍ਹੇ ਲਗਨ ਆਪਨਾ ਆਪ ਛਪਾਨ ਰਾਜਾ। ਚੋਰ ਚਤਰ ਹੋਸਨ ਸਾਰੇ ਜਗ ਅੰਦਰ ਸਾਧੂ ਆਪਨਾ ਭੇਸ ਲੋਕਾਨ ਰਾਜਾ। ਭਗਵਾ ਚੋਲਨਾ ਪੈਹਰਕੇ ਰੰਨ ਰਖਸਨ ਮਖਨ ਦੁਧ ਮਲਾਈਆਂ ਖਾਨ ਰਾਜਾ। ਬ੍ਰਾਹਮਨ ਖਾਣਗੇ ਮਾਸ ਤੇ ਪੀਣ ਮਦਰਾ ਪਾਸ ਰੰਡੀਆਂ ਦੇ ਠੀਕ ਜਾਨ ਰਾਜਾ। ਜਤੀ ਸਤੀ ਹਕੀਮ ਕੀ ਕਰਨ ਲੋਕੋ ਅਸਰ ਉਡ ਦਵਾਈਆਂ ਦੇ ਜਾਨ ਰਾਜਾ। ਹਾਕਮ ਫੈਂਸਲੇ ਕਰਨ ਕੀ ਵੱਢੀ ਖੋਰੇ ਗਵਾਹ ਫੈਂਸਲੇ ਕਰਨ ਪਛਾਨ ਰਾਜਾ। ਵੈਸ ਬੋਲ ਤੇ ਤੋਲ ਨਾ ਪੂਰਾ ਤੋਲਨ ਨੂੰਗਾ ਮਾਰਸਨ ਦੇਰ ਨਾ ਲਾਨ ਰਾਜਾ। ਵੇਚਨ ਕੰਨਿਆਂ ਸਰੇ ਬਜਾਰ ਅੰਦਰ ਕਈ ਮਾਲ ਜੁਆਈਆਂ ਦੇ ਖਾਨ ਰਾਜਾ। ਵਿਰਲੇ ਹੋਣਗੇ ਤਦੋਂ ਬ੍ਰਹਮ ਗਿਆਨੀ ਦਾਵੇ ਬੰਨਕੇ ਮੈਹਲ ਬਨਾਨ ਰਾਜਾ। ਦੋਹਾਂ ਸਿਰਾਂ ਦੇ ਜੁੜਦਿਆਂ ਵਿਘਨ ਪਾਸਨ ਭਾਨੀ ਵਿਚ ਕੁੜਮਾਈਆਂ ਦੇ ਪਾਨ ਰਾਜਾ। ਨਾਰ

ਤਯਾਗ ਕੇ ਵੇਸਵਾ ਗਮਨ ਕਰਸਨ ਨਸ਼ਟ ਹੋਨਗੇ ਕੁਲ ਈਮਾਨ ਰਾਜਾ। ਹੰਸ ਵਿਚ ਫਾਹੀਆਂ ਕਾਗ ਸੈਰ ਲੈਸਨ ਸਮੇ ਐਸੇ ਦੇ ਦਿਸਨ ਨਿਸ਼ਾਨ ਰਾਜਾ। ਬੁਰੇ ਮੌਜ ਬਹਾਰ ਤੇ ਸੁਖ ਲੈਸਨ ਭਲੇ ਹਾਲ ਸੁਦਾਈਆਂ ਦੇ ਜਾਨ ਰਾਜਾ। ਭੈ ਰਾਜੇ ਦਾ ਦੂਰ ਤੇ ਦੁਖੀ ਰਯਤ ਚੋਰਾਂ ਰਾਹੀਆਂ ਦੇ ਕੱਪੜੇ ਲਾਨ ਰਾਜਾ। ਅਦਬ ਪਿਤਾ ਦਾ ਪੁਤ੍ਰ ਨਾ ਮੂਲ ਕਰਸੀ ਵੈਰ ਭਾਈਆਂ ਵਿੱਚ ਪੈ ਜਾਨ ਰਾਜਾ। ਨੇੜੇ ਢੁਕਨ ਨਾਂ ਦੇਣ ਸ਼ਰੀਕ ਤਾਂਈ ਕੁਤੇ ਚੌਂਕਿਆਂ ਵਿਚ ਬਹਾਨ ਰਾਜਾ। ਗਊ ਸਾਧ ਬ੍ਰਾਹਮਨ ਦੀ ਸੇਵਾ ਕਿਥੇ ਤੈਸਾ ਸੁਖ ਜਹਾਨ ਤੇ ਪਾਨ ਰਾਜਾ। ਧਰਮ ਸੌਹਰਿਆਂ ਨੂੰਹਾਂ ਦਾ ਭ੍ਰਿਸ਼ਟ ਹੋਸੀ ਦਿਓਰ ਜੇਠ ਭਰਜਾਂਈਆਂ ਤਕਾਨ ਰਾਜਾ। ਮਾਤਾ ਤੁਲ ਤਾਈ ਚਾਚੀ ਵੇਦ ਦਸਨ ਪਾਪੀ ਸ਼ਰਮ ਤੇ ਧਰਮ ਗਵਾਨ ਰਾਜਾ। ਭਾਰੀ ਭੁਜਾਂ ਵਾਲੇ ਭੁਜਾਂ ਹੀਨ ਹੋਸਨ ਸਤਿਆ ਆਪਨੀ ਨਸ਼ਟ ਕਰਾਨ ਰਾਜਾ। ਵਰਖਾ ਘੱਟ ਤੇ ਕਾਲ ਮਹਾਨ ਹੋਸੀ ਐਸੇ ਆਂਵਦੇ ਮੈਨੂੰ ਦ੍ਰਿਸ਼ਟਾਂਨ ਰਾਜਾ। ਪੰਜ ਸੇਰ ਵਿਕਸੀ ਤਦੋਂ ਕਨਕ ਮੈਂਹਗੀ ਲੋਕ ਬਾਜਰਾ ਖਾਣ ਨੂੰ ਜਾਨ ਰਾਜਾ। ਬੂਟੇ ਸਿੰਘਾ ਫੇਰ ਰਾਜੇ ਨੂੰ ਪ੍ਰੋਹਤ ਕੈਂਦਾ ਫੇਰ ਲੈਸੀ ਅਵਤਾਰ ਭਗਵਾਨ ਰਾਜਾ।

ਬਾਵਾ ਪ੍ਰੀਤਮ ਦਾਸ ਕਾ ਕੁਦਰਤੀ ਕਲਾਲੀ

ਟੇਕ ਸਿੰਘ ਮੈਂ ਜਾਨਾ

ਧੰਨ ਧੰਨ ਬਾਵਾ ਪ੍ਰੀਤਮਦਾਸ ਸਾਧੂ ਸਰਬ ਸ੍ਰਿਸ਼ਟੀ

ਕੇ ਦੁਖ ਮਿਟਾਨ ਵਾਲੇ । ਪਾਕ ਪਟਨ ਮੇਂ ਖਾਸ ਨਿਵਾਸ ਕਰਦੇ ਬੈਠੇ ਚਿੱਤ ਦੀ ਬ੍ਰਿਤੀ ਦੁੜਾਨ ਵਾਲੇ । ਬ੍ਰਿਤੀ ਜਗਤ ਦੀ ਜਾਨਦੇ ਜਗਤ ਸਤਗੁਰ ਅਤੇ ਪਾਪੀਆਂ ਤਾਂਈ ਤਰਾਨ ਵਾਲੇ । ਇਕਾਂਤ ਸੁਰਤੀਓਂ ਚਿੱਤ ਉਪਰਾਮ ਹੋਯਾ ਉਠੇ ਝੱਟ ਜੋ ਸੈਰ ਨੂੰ ਜਾਨ ਵਾਲੇ । ਕਰਦੇ ਵਾਸ਼ਨਾਂ ਸੰਤਾਂ ਦੇ ਦਰਸ਼ਨਾਂ ਦੀ ਝੱਟ ਲੋਕਾਂ ਤੋਂ ਪੁਛ ਪੁਛਾਨ ਵਾਲੇ । ਲੋਕੀਂ ਆਖਦੇ ਸੰਤ ਕੁਲ ਹੈਨ ਨੇੜੇ ਕਲਾਲੀ ਟੇਕ ਸਿੰਘ ਲੋਕ ਬਤਾਨ ਵਾਲੇ। ਰਾਜੇ ਟੇਕ ਸਿੰਘ ਨੇ ਓਥੇ ਯੱਗ ਰਚਿਆ ਨਾਲੇ ਪਾਠ ਅਖੰਡ ਕਰਾਨ ਵਾਲੇ । ਦੂਰ ਦੂਰ ਤੋਂ ਰਿਸ਼ੀ ਉਸ ਮੁਨੀ ਸੱਦੇ ਬ੍ਰਹਮਨ ਆਏ ਹੈਨ ਨਾਮ ਧਿਆਨ ਵਾਲੇ । ਓਥੇ ਚੱਲੋ ਤੇ ਚੱਲਕੇ ਕਰੋ ਦਰਸ਼ਨ ਆਪ ਸਾਧੂਆਂ ਵਿੱਚ ਸੁਹਾਨ ਵਾਲੇ । ਬ੍ਰਹਮ ਭੋਜ ਉਸਦਾ ਨਾਲੇ ਸਫਲ ਹੋਸੀ ਆਪ ਡੁਬਦਿਆਂ ਨੂੰ ਬੰਨੇ ਲਾਨ ਵਾਲੇ । ਨਿਰਧਨ ਨੂੰ ਕਰੋ ਧਨਾਢ ਭਾਗੀ ਪਤਤ ਪਾਵਨ ਹੋ ਨਾਮਰਖਾਨ ਵਾਲੇ। ਲਖਮੀ ਦਾਸ ਦਾ ਆਪ ਸਰੂਪ ਜ਼ਾਹਰ ਮ੍ਰਿਤਕ ਲੋਥ ਨੂੰ ਆਪ ਬੁਲਾਨ ਵਾਲੇ । ਸਰਬ ਕਲਾ ਸਮ੍ਰਥ ਹੋ ਆਪ ਸੁਆਮੀ ਜੀਉਂਦੇ ਮਾਰੋ ਤੇ ਮੋਏ ਜਿਵਾਨ ਵਾਲੇ । ਜ਼ਾਹਰ ਆਪ ਕੀ ਕਲਾ ਹੈ ਜਗ ਅੰਦਰ ਬੁਧਹੀਨ ਕੀ ਭੇਤ ਨੂੰ ਪਾਨ ਵਾਲੇ । ਚਲੋ ਨਾਲ ਤੁਹਾਡੇ ਸਾਰੇ ਚੱਲਨੇ ਹਾਂ ਡੇਰੀ ਸੰਤਾਂ ਦੀ ਤਰਫ ਨਾਂ ਲਾਨ ਵਾਲੇ । ਕੁੱਲ ਉਠਕੇ ਸਭ

ਤਿਆਰ ਹੋਏ ਸੰਤ ਸਭ ਤੋਂ ਪੈਹਲੇ ਜੋ ਜਾਨ ਵਾਲੇ। ਖੜਾਵਾਂ ਚਰਨੀਂ ਤੇ ਭਗਵੀਂ ਮਾਰ ਗਿਲਤੀ ਮ੍ਰਿਗਸ਼ਾਲਾ ਨੂੰ ਕੱਛ ਮੇਂ ਪਾਨ ਵਾਲੇ। ਅਗੇ ਸੰਤ ਤੇ ਮਗਰ ਨੇ ਕੁਲ ਸੇਵਕ ਇਕ ਛਿਨ ਮੇਂ ਯੱਗ ਨੂੰ ਜਾਨ ਵਾਲੇ। ਜਾਇ ਪਹੁੰਚੇ ਕਲਾਲੀ ਏਹ ਟੇਕ ਸਿੰਘ ਦੀ ਕੁੱਲ ਚਰਨੀ ਸੀਸ ਨਿਵਾਨ ਵਾਲੇ। ਰਣਜੀਤ ਸਿੰਘ ਤੇ ਟੇਕ ਸਿੰਘ ਖੜੇ ਹੋਕੇ ਝੱਟ ਸੰਤਾਂ ਦੇ ਚਰਨ ਦਬਾਨ ਵਾਲੇ। ਪ੍ਰੀਤਮ ਦਾਸ ਸਾਧੂ ਸੁਣ ਸਾਧ ਬ੍ਰਾਹਮਣ ਆਇ ਚਰਨਾਂ ਤੇ ਸੀਸ ਨਿਵਾਨ ਵਾਲੇ। ਕੁੱਲ ਭੇਖ ਜੋ ਚਰਨਾਂ ਤੇ ਆਨ ਢੱਠਾ ਸ਼ਾਂਤੀ ਸਰਬ ਕੇ ਵੀਚ ਵਰਤਾਨ ਵਾਲੇ। ਦਰਸ਼ਨ ਕਰਦਿ-ਆਂ ਦੁਖ ਜੋ ਦੂਰ ਹੁੰਦੇ ਅਤੇ ਪਾਪੀਆਂ ਤਾਂਈ ਡਰਾਨ ਵਾਲੇ। ਨਿਘਰਿਆਂ ਘਰ ਨਿਥਾਵਿਆਂ ਥਾਂਵ ਲੋਕੋ ਅਨਾਥਾਂ ਨਾਥ ਏਹ ਝੱਟ ਬਨਾਨ ਵਾਲੇ। ਭੂਮਣ ਸ਼ਾਹ ਤਾਂਈ ਗੱਦੀ ਦੇਣ ਵਾਲੇ ਸੰਤੋਖ ਦਾਸ ਨੂੰ ਆਪ ਵਸਾਨ ਵਾਲੇ। ਕਰਨ ਸੰਤ ਮਹੰਤ ਸਭ ਵੱਸ ਇਨਕੇ ਲੰਗਰ ਆਪ ਅਖੁਟ ਚਲਾਨ ਵਾਲੇ। ਸੁਖ ਦੇਨ ਤੇ ਦੁਖਾਂ ਦੇ ਹਰਨ ਵਾਲੇ ਚੰਦ ਭਾਲਦੇ ਨਾਲ ਸੁਹਾਨ ਵਾਲੇ। ਅਸ਼ਟ ਸਿੱਧ ਨੌਂ ਨਿਧੀਆਂ ਮਗਰ ਜਿਨਕੇ ਮੋਦ ਧਾਮ ਤੇ ਸਰਬ ਕਲਿਆਨ ਵਾਲੇ। ਜੈਸੇ ਕ੍ਰੋੜ ਰਵਿ ਸਸਿ ਅਨੇਕ ਹੋਵੇਂ ਐਸਾ ਰੂਪ ਅਨੂਪ ਚਮਕਾਨ ਵਾਲੇ। ਐਨ ਕੋਕਲ ਪ੍ਰਬੀਨ ਹੈਂ ਬੈਨ ਜਿਨਕੇ ਲੋਚਨ ਪਰਮ ਬਿਸਾਲ ਕੇ ਪਾਨ ਵਾਲੇ।

ਰੂਪ ਖਾਸ ਜਿਉਂ ਕ੍ਰਿਸ਼ਨ ਮੁਰਾਰ ਧਰਿਆ ਲੱਛਨ ਲੱਗ ਦੇ ਸ੍ਰੀ ਭਗਵਾਨ ਵਾਲੇ। ਕੰਨੀਂ ਕੁੰਡਲਾਂ ਗਲੇ ਮੇਂ ਰੁੰਡ ਮਾਲਾ ਸ਼ਿਵ ਸਮ ਏਹ ਜਗ ਮੇਂ ਆਨ ਵਾਲੇ। ਰਾਮਚੰਦ੍ਰ ਵਾਂਗੂ ਮਥੇ ਮੁਕਟ ਸੋਭੇ ਛਬ ਚੰਦ੍ਰਮਾਂਹ ਦੀ ਮਥੇ ਪਾਨ ਵਾਲੇ। ਗਲੇ ਸ੍ਵਰਨ ਮਾਲਾ ਸੀਸ ਵਿਚ ਗੰਗਾ ਨੇਤ੍ਰ ਤੀਨ ਪ੍ਰਬੀਨ ਕੀ ਸ਼ਾਨ ਵਾਲੇ। ਜਿਸ ਕਾਰਜ ਮੇਂ ਕਰੇ ਕੋਈ ਯਾਦ ਇਨਕੋ ਪ੍ਰਤਖ ਆਨਕੇ ਕਲਾ ਦਿਖਾਨ ਵਾਲੇ।ਜਿਸ ਭਾਵਨੀ ਧਾਰਕੇ ਯਾਦ ਕਰੀਏ ਪੂਰੀ ਸਭ ਕੀ ਆਸ ਪੁੰਜਾਨ ਵਾਲੇ। ਭਾਗਾਂ ਨਾਲ ਆਏ ਪਿੰਡ ਟੇਕ ਸਿੰਘ ਦੇ ਟੇਕ ਸਿੰਘ ਦਾ ਪ੍ਰੇਮ ਅਜਮਾਨ ਵਾਲੇ। ਆਏ ਟੇਕ ਸਿੰਘ ਰਾਜੇ ਦੇ ਤਾਰਨੇ ਨੂੰ ਅਤੇ ਨਿਰਾਸਿਆਂ ਆਸ ਪੁਜਾਨ ਵਾਲੇ। ਭਾਗ ਵਡਿਆਂ ਨਾਲ ਏਹ ਸੰਤ ਆਵਨ ਧੰਨਓਹ ਜੋ ਸੇਵਾ ਕਮਾਨ ਵਾਲੇ। ਲਾਟ ਅਦਬ ਆਦਰ ਨਾਲ ਪਲੰਘ ਦਿਤਾ ਸੰਤ ਖਾਸ ਪ੍ਰਸੰਨ ਹੋ ਜਾਨ ਵਾਲੇ। ਬੂਟੇ ਸਿੰਘਾ ਹੁਣ ਸੰਤ ਜੋ ਬਚਨ ਕਰਸਨ ਸਚ ਬੋਲਨੋਂ ਨਹੀਂ ਸ਼ਰਮਾਨ ਵਾਲੇ।

ਬਾਵਾ ਪ੍ਰੀਤਮ ਦਾਸ ਜੀ ਕਾ ਮਹਾਰਾਜ ਰਣਜੀਤ ਸਿੰਘ ਕੋ ਵ ਮਹਾਂਰਾਜ ਟੇਕ ਸਿੰਘ ਜੀ ਕੋ ਉਪਦੇਸ਼ ਕਰਨਾ

ਸ਼ਾਂਤੀ ਪੁੰਜ ਤੇ ਸਤ ਸਰੂਪ ਜਿਨਕਾ ਪਏ ਰਾਜਿਆਂ ਤਾਂਈ ਸਮਝਾਂਵਦੇ ਨੀ। ਰਣਜੀਤ ਸਿੰਘ ਰਾਜੇ ਰਾਜੇ ਟੇਕ ਸਿੰਘਨੂੰ ਲਾਗ ਧਰਮਦੀ ਪਏ ਲਗਾਂਵਦੇ ਨੀ।ਪਏ ਦਸਦੇ

ਬਾਤ ਵੈਦਾਂਤ ਵਾਲੀ ਭੂਲ ਜੂਗ ਫਨਾਹ ਬਤਾਂਵਦੇ ਨੀ ।
ਆਪਨੇ ਸੁਖਾਂ ਨੂੰ ਰਾਜਿਓ ਜਗ ਫਿਰਦਾ ਪੁਛ ਦਸਕੇ ਵੀ
ਡੇਰੇ ਲਾਂਵਦੇ ਨੀ। ਬਿਪਤਾ ਪਰੀ ਤੇ ਪਤਲਾ ਘਰ ਹੋਯਾ
ਸਾਕ ਸਕੇ ਵੀ ਨੇੜੇ ਨਾ ਆਂਵਦੇ ਨੀ। ਘਰ ਦੀ ਨਾਰ ਹੁੰਦੀ
ਅੰਗ ਸੰਗ ਰੈਂਹਦੀ ਮਰੇ ਪਤੀ ਤਾਂ ਪ੍ਰੇਤ ਬਤਾਂਵਦੇ ਨੀ ।
ਜਾਣੇ ਜਿਨਾਂ ਨੂੰ ਏਹ ਪ੍ਰਵਾਰ ਮੇਰਾ ਇੱਕ ਦਿਨ ਓਹੀਅੱਗ
ਲਾਂਵਦੇ ਨੀ। ਗੁਨਾ ਵਾਦ ਨਾ ਪ੍ਰਭੂ ਦੇ ਕਹੇ ਗਾਇਨ
ਜਨਮ ਪਏ ਅਮੋਲ ਗੁਆਂਵਦੇ ਨੀ। ਭਜਨ ਨਾਲ ਪ੍ਰੀੜ੍ਹੀ
ਕਰ ਮੀਨ ਵਾਕੂੰ ਪਾਨੀ ਬਾਝ ਜਿਉਂ ਮੀਨ ਕੁਮਲਾਂਵਦੇ
ਨੀ। ਬਾਲ ਪਨ ਏਹ ਏਡ ਦੇ ਵਿਚ ਗੁਆਵੇ ਤਰਨਾਪੇ
ਕਾਂਮ ਦੇ ਵਿਚ ਬਿਤਾਂਵਦੇ ਨੀ : ਜਰਾ ਪਹੁੰਚਿਆ ਔਧ
ਬਤੀਤ ਹੋਈ ਜਮ ਸੰਗਲਾਂ ਨਾਲ ਲੈ ਜਾਂਵਦੇ ਨੀ। ਧਨ
ਜੋਬਨ ਦਾ ਦਸ ਕੀ ਗਰਬ ਓਥੇ ਜਮ ਕੇਸਾਂ ਤੋਂ ਪਕੜ
ਉਠਾਂਵਦੇ ਨੀ । ਸਿਮਰਨ ਭਜਨ ਤੇ ਦਯਾ ਨਾ ਜਿਨਾ
ਕੀਤੀ ਮੂੰਹੋਂ ਮੂੰਹ ਸੋਈ ਚੋਟਾਂ ਖਾਂਵਦੇ ਨੀ। ਜੁਲਮ ਜਬਰ
ਕਰਕੇ ਜੇਹੜੇ ਦਰਬ ਜੋੜਨ ਕਾਲਾ ਮੂੰਹ ਪ੍ਰਲੋਕ ਨੂੰ ਜਾਂਵ
ਦੇ ਨੀ। ਦੋਹਾਂ ਮੰਨੀਆਂ ਤੇ ਓੜਕ ਸਬਰ ਦਿਲ ਨੂੰ ਪਾਪੀ
ਰੱਤ ਜਹਾਨ ਦੀ ਨ੍ਹਾਂਵਦੇ ਨੀ। ਮਾਤਾ ਪਿਤਾ ਭਾਈ ਸਾਰੇ
ਜੀਉਂਦਿਆਂ ਦੇ ਬਿਨਾ ਪ੍ਰਾਣਾ ਤੋਂ ਝੱਟ ਉਠਾਂਵਦੇ ਨੀ ।
ਕਈ ਬਰਸ ਜਿਥੇ ਤੈਨੇ ਬੈਠ ਕਟੇ ਇਕ ਮਿੰਟ ਵੀ ਨਹੀਂ
ਅਟਕਾਂਵਦੇ ਨੀ। ਸਾੜ ਫੂਕਕੇ ਕਰਨ ਸੁਆਹ ਤੇਰੀ ਫੁਲ

ਰੰਗ ਤੇ ਜਾਏ ਪੁਚਾਂਵਦੇ ਨੀ। ਆਯਾ ਗਿਆ ਡੱਕੇ ਤੇਰੇ ਸੱਟ ਕੇ ਤੇ ਤੇਰਾ ਖੋਜ ਤੇ ਖੁਰਾ ਮਿਟਾਂਵਦੇ ਨੀ। ਸੁਪਨੇ ਵਤ ਸੰਸਾਰ ਨੂੰ ਜਾਨ ਝੂਠਾ ਵਾਕ ਬੇਦ ਕਤੇਬ ਸੁਨਾਂਵਦੇ ਨੀ। ਬਾਰੂ ਭੀਤ ਦੇ ਮੈਹਲਾਂ ਨੇ ਡਿੱਗ ਪੈਣਾ ਪ੍ਰੀਤਮ ਦਾਸ ਜੀ ਪਏ ਸਮਝਾਂਵਦੇ ਨੀ। ਜੇਹੜਾ ਤਨ ਤੇ ਅੰਗ ਏਹ ਨਾਲ ਆਏ ਅੰਤ ਸਮੇ ਨਾਹੀਂ ਨਾਲ ਜਾਂਵਦੇ ਨੀ। ਜਾਨ ਬੁੱਝ ਕੇ ਕਾਜ ਬਿਗਾੜਿਆਈ ਪਾਪੀ ਗੁਰੂ ਦੇ ਸਬਦ ਨਾ ਗ਼ਾਂਵਦੇ ਨੀ। ਪਾਪ ਕਰਦਿਆਂ ਨਹੀਂ ਸੰਕੋਚ ਕੀਤਾ ਨਹੀਂ ਦਾਨ ਵਲੇ ਹੱਥ ਜਾਂਵਦੇ ਨੀ। ਬੇਦ ਪੁਰਾਨ ਜਿਸਦਾ ਜਸ ਗਾਂਵਦੇ ਨੀ ਸੰਤ ਰੱਬ ਦਾ ਨਾਮ ਧਿਆਂਵਦੇ ਨੀ। ਬਹੁਰ ਨਹੀਂ ਮਨੁਸ਼ ਦੀ ਦੇਹ ਮਿਲਨੀ ਹੀਰਾ ਜਨਮ ਏਹ ਬੰਦੇ ਗੁਆਂਵਦੇ ਨੀ। ਅੰਤ ਬਾਰ ਹਰਨਾਮ ਬਿਨ ਕੌਣ ਰਾਖਾ ਭਗਤੀ ਬਾਝ ਨਾਹੀਂ ਕੰਮ ਆਂਵਦੇ ਨੀ। ਰੱਬ ਲਾਟਾ ਤੈਨੂੰ ਅਜ ਰਾਜ ਦਿਤਾ ਕਰਨੇ ਕੀ ਜੇ ਸੁਖ ਸੁਖਾਂਵਦੇ ਨੀ। ਸਾਧੂ ਸੰਤਾਂਨੂੰ ਭੋਜਨ ਛਕਾਇ ਪੈਹਲੇ ਧਰਮੀ ਪੁਰਸ਼ ਨਾਂਹੀ ਡੇਰ ਲਾਂਵਦੇਨੀ। ਦਾਤਾ ਅੰਨ ਦਾ ਸੁਖੀ ਜਹਾਨ ਉਤੇ ਤਾਂਹੀ ਸੰਤ ਵੀ ਲੰਗਰ ਚਲਾਂਵਦੇ ਨੀ। ਇੰਦ ਬਿਨਾ ਮੰਦੀ ਨਿਸ ਜਾਣ ਰਾਜਾ ਧਰਮ ਬਾਝ ਬੰਦੇ ਊਤ ਜਾਂਵਦੇ ਨੀ। ਧਰਮ ਰੈਹਤ ਜੋ ਪੁਰਸ਼ ਸੰਸਾਰ ਅੰਦਰ ਵਾਸਾ ਹਾਵੀਏ ਦੋਜਕੀ ਪਾਂਵਦੇ ਨੀ। ਪੈਹਲੇ ਖੋਲ ਭੰਡਾਰਾ ਤੂੰ ਅੰਨ ਵਾਲਾ ਭੇਤ ਰੱਬ ਦੇ ਪਾਇ ਨਾ ਜਾਂਵਦੇ ਨੀ। ਫੇਰ ਹੋਰ ਵੀ ਤੁਧ ਨੂੰ ਬਾਤ

ਕਹੀਏ ਅੱਗਾ ਪਿਛਾ ਵੀ ਖੋਲ ਸੁਨਾਂਵਦੇ ਨੀ। ਬੂਟਾ ਸਿੰਘ ਕੈਂਹਦਾ ਜੋ ਜੋ ਹਾਲ ਕੈਹਸਨ ਕਵੀ ਆਖਣੋ ਨਹੀ ਸ਼ਰਮਾਂਵਦੇ ਨੀ।

ਵਾਕ ਮਹਾਰਾਜ ਬਾਵਾ ਪ੍ਰੀਤਮ ਦਾਸ ਕਾ ਮਾਨ ਕਰ ਲੰਗਰ ਰਾਜੇ ਟੇਕ ਸਿੰਘ ਨੇ ਸਰਬ ਭੇਖਾਂ ਕੋ ਛਕਾਵਨਾ

ਮੰਨ ਲਾਟ ਨੇ ਬਾਵੇ ਦਾ ਵਾਕ ਲੀਤਾ ਹੋਯਾ ਭੋਜਨ ਛਕੌਨ ਨੂੰ ਤਿਯਾਰ ਬਾਵਾ। ਰਾਜੇ ਟੇਕ ਸਿੰਘ ਸੰਤਾਂ ਨੂੰ ਆਸਨ ਦਿਤਾ ਆਸਨ ਸਭਾ ਦਾ ਖਾਸ ਸ਼ਿੰਗਾਰ ਬਾਵਾ। ਲਾਕੇ ਫੌਜੀਆਂ ਪ੍ਰੇਮ ਪਲੀਤਿਆਂ ਨੂੰ ਕੀਤੇ ਛਤੀ ਪਕਵਾਨ ਤਿਆਰ ਬਾਵਾ। ਸੇਉ ਅੰਬ ਮੁਰਬਿਆਂ ਢੇਰ ਲਾਯਾ ਛੋਟੀ ਲਾਚੀ ਬਦਾਮ ਸਵਾਰ ਬਾਵਾ। ਬੇਹੀ ਆਵਲੇ ਗਾਜਰਾਂ ਹੋਰ ਪੇਠਾ ਦੇਸੀ ਖੰਡ ਸੇਂ ਕੀਤੇ ਤਿਆਰ ਬਾਵਾ। ਦੇਨ ਦਿਲ ਦਿਮਾਗਨੂੰ ਖੂਬ ਤਾਕਤ ਖਾਂਦਿਆਂ ਚਿੱਤ ਹੁੰਦਾ ਠੰਢਾ ਠਾਰ ਬਾਵਾ। ਪਾਪੜ ਹੋਰ ਪਕੌੜੇ ਤੇ ਦਹੀਂ ਭੱਲੇ ਭੁਜੀ ਚਟਨੀ ਹੋਰ ਤਿਯਾਰ ਬਾਵਾ। ਮਰਚਾਂ ਕਾਲੀਆਂ ਧਨੀਆਂ ਤੇ ਦਾਲ ਚੀਨੀ ਜ਼ੀਰਾ ਵਡੀ ਹੈ ਲਾਚੀ ਹਜਾਰ ਬਾਵਾ। ਵੈਂਙਨ ਕਦੂ ਘੀਆ ਪੇਠਾ ਤੋਰੀਆਂ ਨੂੰ ਲਾਯਾ ਘ੍ਰਿਤ ਬਿਅੰਤ ਅਪਾਰ ਬਾਵਾ। ਆਲੂ ਗੋਭੀ ਭੀਂਡੀ ਤੋਰੀ ਹੋਰ ਸ਼ਲਗਮ ਮਟਰ ਮੂੰਗਰੇ ਨਾਲ ਤਿਆਰ ਬਾਵਾ। ਕਰੇਲੇ ਮੂਲੀਆਂ ਗੰਢੇ ਤੂੰ ਜਾਨ ਅਰਬੀ ਅੰਗ੍ਰੇਜ਼ੀ ਸੇਮ ਤੇ ਟਿੰਡੇ ਅਪਾਰ ਬਾਵਾ। ਕਚਾਲੂ ਸ਼ਕਰ ਕੰਦੀ ਜਿਮੀਕੰਦ ਆਲਾ ਸਬਜੀ ਸੁੰਦਰ ਹੈ

ਖਾਸ ਕਟਾਰ ਬਾਵਾ। ਤਿਯਾਰ ਸੁਹਾਂਵਨਾ ਗੁਛੀਆਂ ਕਟਾ ਰਤਾ ਸਬਜੀ ਬਨੀਹੈ ਕਈ ਪ੍ਰਕਾਰ ਬਾਵਾ। ਬਿਲ ਸੰਗਾਰੀ ਆਵਲੇ ਭੇਂਹ-ਭੁੰਨੇ ਦਿਤੇ ਛਤ੍ਰੀ ਮਸਾਲੇ ਨੇ ਡਾਰ ਬਾਵਾ। ਕੱਚਨਾਰ ਬਟਾਟੇ ਤੇ ਸੇਮ ਰਿਧੇ ਕੁਆਰ ਫੜਾ ਤੇ ਕਈ ਅਚਾਰ ਬਾਵਾ। ਦਾਲਾਂ ਕੀਤੀਆਂ ਕਈ ਤਿਯਾਰ ਓਥੇ ਲਗੇ ਮੂਝ ਤੋਂ ਨਹੀਂ ਸ਼ੁਮਾਰ ਬਾਵਾ। ਉੜਦ ਮੱਸਰ ਮੂੰਗੀ ਦਾਲ ਛੋਲਿਆਂ ਦੀ ਨਾਲ ਅੰਮ੍ਰਤੀ ਕੀਤੀ ਤਿਯਾਰ ਬਾਵਾ। ਮੋਠ ਮਹਾਂ ਵੜੀਆਂ ਬਾਂਸਮਤੀ ਚਾਵਲ ਵਿਚ ਸਾਉਗੀ ਪਈ ਅਪਾਰ ਬਾਵਾ। ਖੋਪਾ ਲਾਚੀਆਂ ਮਰਚਾਂ ਬਦਾਮ ਡਾਲੇ ਖਾਸ ਕੀਤੀ ਤਸਮਈ ਤਿਯਾਰ ਬਾਵਾ। ਮਿਸੀਆਂ ਰੋਟੀਆਂ ਖਿਚੜੀ ਨਾਲ ਲੱਸੀ ਧੰਨੇ ਘਰ ਜਿਉਂ ਕ੍ਰਿਸ਼ਨ ਮੁਰਾਰ ਬਾਵਾ। ਕਈਆਂ ਭੰਗ ਦੀ ਦੇਗ ਤਿਯਾਰ ਕੀਤੀ ਕਈ ਨਿਰਾ ਸਰਦੌਨਾ ਤਿਯਾਰ ਬਾਵਾ। ਕਈ ਲਗੇ ਹਲਵਾਈ ਮਿਠਾਈਆਂ ਨੂੰ ਪਕਾ ਭੋਜਨ ਬਨੌਨ ਸਵਾਰ ਬਾਵਾ। ਖੋਯਾ ਜਾਮਨ ਬਾਲੂ ਸ਼ਾਹੀ ਹੋਰ ਬੂੰਦੀ ਦੇਸੀ ਖੰਡ ਲਿਆਇ ਸ਼ਾਹੂਕਾਰ ਬਾਵਾ। ਖੁਰਮਾ ਖਸਤਾ ਮੂੰਹ ਦੇ ਵਿਚ ਖੁਰਦਾ ਨਹੀਂ ਬਿਦਾਨੇ ਆਵੇ ਸ਼ੁਮਾਰ ਬਾਵਾ। ਲਡੂ ਅਤੇ ਜਲੇਬੀਆਂ ਨਾਲ ਪੇੜੇ ਬਰਫੀ ਹੋਰ ਕਚੌਰੀ ਅਪਾਰ ਬਾਵਾ। ਟੇਕ ਸਿੰਘ ਏਹ ਕੁਲ ਤਿਯਾਰ ਕਰਕੇ ਲਗਾ ਆਪ ਵਰਤਾਂਵਨੇ ਹਾਰ ਬਾਵਾ। ਪ੍ਰੀਤਮ ਦਾਸ ਬਾਵੇ ਅਗੇ ਥਾਲ ਧਰਿਯਾ ਥਾਲੀ ਹੋਰ ਜੋ ਸੰਤ ਵਿਚਾਰ ਬਾਵਾ। ਨਾਲੇ ਪ੍ਰੋਹਤ

ਦੇ ਅਗੇ ਏਹ ਬਾਲ ਭਰਕੇ ਆਪ ਰਖਦਾ ਹੋਇ ਹੁਸ਼ਿਯਾਰ
ਬਾਵਾ। ਮੂੰਹੋ' ਆਖਦਾ ਹਰੀ ਹਰ ਕਰੋ ਸਾਰੇ ਸਾਧੂ ਕਾਜੀ
ਵਾ ਬਾਹਮਨ ਸੂਦਾਰ ਬਾਵਾ। ਭੰਡਾਰਾ ਅਖੁਟ ਬਿਅੰਤ ਨਾ
ਤੋਟ ਆਵੇ ਮੰਗੋ ਆਪ ਮੈਂ ਦੇਵਣੇ ਹਾਰ ਬਾਵਾ। ਜੱਲ
ਵਾਸਤੇ ਲੌ ਕਸ਼ੋਰਿਆਂ ਨੂੰ ਮੰਗੋ ਸੋ ਜੋ ਤੁਹਾਨੂੰ ਦਰਕਾਰ
ਬਾਵਾ। ਖਾਇ ਖਾਇ ਕੇ ਕੁਲ ਅਨੰਦ ਹੋਏ ਰਹੀ ਲੋੜ ਨਾ
ਕਿਸੀ ਪ੍ਰਕਾਰ ਬਾਵਾ। ਬਾਵੇ ਪ੍ਰੀਤਮ ਏਹ ਦਾਸ ਦੇ ਮਗਰ
ਪੈਕੇ ਦੇ ਦੇ ਹੋਰ ਕਚੌਰੀਆਂ ਚਾਰ ਬਾਵਾ। ਨਰਮ ਨਰਮ
ਆਖਨ ਛਕੋ ਆਪ ਸੁਆਮੀ ਆਪ ਰੂਪ ਹੋ ਕ੍ਰਿਸ਼ਨ
ਮੁਰਾਰ ਬਾਵਾ। ਧੰਨ ਭਾਗ ਮੇਰੇ ਚਰਨ ਤੁਸਾਂ ਪਾਏ ਦਿਤਾ
ਤੁਸਾਂ ਸੰਸਾਰ ਨੂੰ ਤਾਰ ਬਾਵਾ। ਸਾਧੂ ਰੱਬ ਦੇ ਵਿਚ ਨਾ
ਫਰਕ ਕੋਈ ਸਾਧੂ ਰੱਬ ਦਾ ਰੂਪ ਸੰਸਾਰ ਬਾਵਾ। ਹੱਥ
ਅਖੀਰ ਨੂੰ ਪੰਗਤ ਦੇ ਧੁਆਇ ਦਿਤੇ ਖਾਧਾ ਕੁਲ ਨੇ ਪੂਰਾ
ਅਹਾਰ ਬਾਵਾ। ਅਰਦਾਸਾ ਸੋਧਿਆ ਜੋ ਪ੍ਰੀਤਮ ਦਾਸ
ਬਾਵੇ ਬਹੁਤਾ ਕਰਾਂ ਕੀ ਜਿਕਰ ਜਿਕਾਰ ਬਾਵਾ। ਅਰਦਾਸਾ
ਸੋਧਿਆ ਦੇਵਤੇ ਝੱਟ ਆਏ ਮੁਖੋਂ ਬੋਲਦੇ ਨੀ ਜੈ ਜੈ ਕਾਰ
ਬਾਵਾ। ਲਗੇ ਦੇਵਤੇ ਪੁਸ਼ਪਾਂ ਦੀ ਕਰਨ ਵਰਖਾ ਇੰਦ੍ਰ
ਸਨੇ ਕੁਲਾਹਲ ਦਰਬਾਰ ਬਾਵਾ। ਲਗੇ ਆਰਤੀ ਕਰਨ
ਏਹ ਯੱਗ ਵੇਲੇ ਅਨਹਦ ਵਾਜਾ ਵਜਾਵਨੇ ਹਾਰ ਬਾਵਾ।
ਘੰਟੇ ਵਿਚ ਅਕਾਸ਼ ਦੇ ਖੜਕਦੇ ਨੇ ਛਬ ਦਸੇ ਕੀ ਮੂੜ
ਗੁਆਰ ਬਾਵਾ। ਇਕ ਮੂੰਹ ਤੋਂ ਲੱਖ ਜੇ ਮੂੰਹ ਹੋਵਨ

ਜੀਭਾਂ ਹੋਵਨ ਜੇ ਅਪਰਅਪਾਰ ਬਾਵਾ।ਤੋਂ ਭੀ ਮੈਹਮਾ ਕੀਤੀ ਵਰਨਨ ਨਹੀਂ ਜਾਂਦੀ ਸਮਾਂ ਐਸਾ ਓਹ ਕੀਤਾ ਕਰਤਾਰ ਬਾਵਾ।ਘਰਾਂਘਰਾਂ ਮੇਂ ਮੰਗਲਾ ਚਰਣ ਹੁੰਦੇ ਕਿੰਨਰਗੰਧ੍ਰਬ ਗਾਵਨੇ ਹਾਰ ਬਾਵਾ। ਗਣ ਜੱਛ ਅਪੱਛ ਨੇ ਨਿਰਤ ਹਾਰੇ ਸੁਰ ਰਾਗ ਦੇਂਦਾ ਹੈਗਾ ਤਾਰ ਬਾਵਾ । ਮਧਮ ਸਾਰੰਗੀ ਤੂਸ ਮਿਰਦੰਗ ਵੱਜਨ ਰਾਸ ਪਾਵੇ ਜਿਉਂ ਕ੍ਰਿਸ਼ਨ ਮੁਰਾਰ ਬਾਵਾ। ਤਤਾ ਥੇਈ ਖਾਸ ਤੱਤਾ ਥੇਈ ਹੁੰਦੀ ਬੁਮ ਬਰੂ ਪੀਲੋ ਦਾਤਾਰ ਬਾਵਾ। ਵਿਚ ਅਕਾਸ਼ ਦੇ ਗੂੰਜਦੇ ਨਰ ਸਿੰਙੇ ਬਹੁਤਾ ਕਰਾਂ ਕੀ ਹੋਰ ਇਜਹਾਰ ਬਾਵਾ। ਬਾਵੇ ਪ੍ਰੀਤਮ ਜੋ ਦਾਸ ਦੇ ਬਚਨ ਖੋਲਾਂ ਬੂਟਾ ਸਿੰਘ ਕਹੇ ਲੈਣੇ ਚਿਤਾਰ ਬਾਵਾ।

### ਵਾਕ ਬਾਵਾ ਪ੍ਰੀਤਮ ਦਾਸ ਕਾ

ਭੋਜਨ ਛੱਕ ਲਿਆ ਸਾਧੂਆਂ ਬ੍ਰਾਹਮਨਾ ਨੇ ਮਹਾਰਾਜ ਜੀ ਮੁਖੋਂ ਉਚਾਰਦੇ ਜੇ। ਨਹੀਂ ਫਤੇ ਮੁਲਤਾਨ ਰਣਜੀਤ ਸਿੰਘ ਨੂੰ ਸ਼ਾਸਤ੍ਰ ਸੱਭਦੇ ਸੱਚ ਪੁਕਾਰਦੇ ਜੇ। ਪ੍ਰੀਤਮ ਦਾਸ ਕੈਂਹਦਾ ਹਟੀਂ ਪਿਛਾਂ ਰਾਜਾ ਐਂਵੇਂ ਕਿਉਂ ਤਕਲੀਫ ਸਹਾਰਦੇ ਜੇ। ਫਤੇ ਖਾਸ ਮੁਲਤਾਨ ਹੈ ਖੜਗ ਸਿੰਘ ਨੂੰ ਕਾਹਨੂੰ ਹੋਰ ਪਸਾਰ ਪਸਾਰਦੇ ਜੇ । ਖੜਗ ਸਿੰਘ ਨੂੰ ਜਿਤ ਤੂੰ ਠੀਕ ਜਾਣੀ ਮੂੰਹੋਂ ਨਿਕਲ ਗਏ ਵਾਕ ਏਹ ਸਾਰ ਦੇ ਜੇ। ਸਿਖ ਸਾਡੇ ਘਰਦਾ ਟੇਕ ਸਿੰਘ ਰਾਜਾ ਅਸੀਂ ਸੱਚਦੀ ਗੱਲ ਉਚਾਰਦੇ ਜੇ। ਇਸਦਾ ਯੱਗ ਸੁਨਕੇ ਅਸੀ ਆਪ ਆਏ

ਸੇਵਕ ਖਾਸ ਏਹ ਸਾਡੇ ਦਰਬਾਰ ਦੇ ਜੇ । ਦੀਦਾਰ ਸਿੰਘ
ਇਸਦਾ ਪਿਤਾ ਸਿੱਖ ਸਾਡਾ ਭਰੀ ਸਭਾਮੇਂ ਪਏ ਪੁਕਾਰਦੇ
ਜੇ।ਗੁਰਬਖਸ਼ਰਾਇ ਬਾਵੇ ਪਾਸੋਂ ਪਿਤਾ ਤੇਰੇ ਪੌਹਲ ਲਈ
ਨਿਤਾਰਾ ਨਿਤਾਰ ਦੇ ਜੇ। ਪੀੜ੍ਹੀ ਨਾਲ ਪੀੜ੍ਹੀ ਤੁਹਾਡੀ
ਚਲੀ ਆਵੇ ਤੁਸੀਂ ਸਿਖ ਗੁਰੂ ਨਾਨਕ ਦੇ ਬਾਰ ਦੇ ਜੇ ।
ਅੰਤ੍ਰਯਾਮੀ ਸ੍ਰੀ ਸਤਗੁਰੂ ਦੇਵ ਨਾਨਕ ਸਭ ਬਲਹਾਰ ਹੋ
ਉਸ ਅਵਤਾਰ ਦੇ ਜੇ। ਲਖਮੀ ਦਾਸ ਸ੍ਰੀ ਚੰਦ ਸਪੂਤ
ਜਿਨਕੇ ਬਾਵਾ ਧਰਮ ਚੰਦ ਜੀ ਭੇਖ ਧਾਰਦੇ ਜੇ। ਮਾਨਕ
ਚੰਦ ਬਾਵਾ ਬਾਵਾ ਟੇਕ ਚੰਦ ਜੀ ਦਤਾਰ ਚੰਦ ਬਾਵਾ ਦੁੱਖ
ਟਾਰਦੇ ਜੇ। ਗੁਰਬਖਸ਼ ਰਾਏ ਸਾਡਾ ਗੁਰੂ ਜਾਣ ਲੈਨਾ
ਪ੍ਰੀਤਮ ਦਾਸ ਜੀ ਆਪ ਉਚਾਰਦੇ ਜੇ । ਸਾਡੇ ਸ਼ੁਭ ਗੁਰਾਂ
ਤੁਧ ਦੇ ਪਿਤਾ ਤਾਂਈ ਪਾਹੁਲ ਦਿਤੀ ਮਸ਼ਹੂਰ ਸੰਸਾਰ ਦੇ
ਜੇ। ਸੇਵਾ ਤੁਧ ਦੇ ਪਿਤਾ ਬਿਅੰਤ ਕੀਤੀ ਤਨ ਮਨ ਓਹ
ਗੁਰੂ ਤੋਂ ਵਾਰਦੇ ਜੇ। ਗੁਰਬਖਸ਼ ਰਾਇ ਦੀ ਸੇਵਾ ਦੀਦਾਰ
ਸਿੰਘ ਨੇ ਕੀਤੀ ਠੀਕ ਤੁਸੀਂ ਪੁਤ ਸੂਕਾਰ ਦੇ ਜੇ। ਕਿਰਪਾ
ਗੁਰੂ ਦੀ ਨਾਲ ਏਹ ਰਾਜ ਮਿਲਿਆ ਸੰਤ ਕਢਦੇ ਵਾਕ
ਵਿਚਾਰ ਦੇ ਜੇ। ਓਹ ਵਿਚ ਦਰਗਾਹ ਮਨਜ਼ੂਰ ਹੁੰਦੇ ਵਾਕ
ਨਿਕਲਦੇ ਜੇਹੜੇ ਕਰਤਾਰ ਦੇ ਜੇ। ਸੰਤ ਰਾਮ ਦੇ ਵਿਚ
ਨਾ ਭਿੰਨ ਲੋਕੋ ਏਹੋ ਬੇਦ ਕਤੇਬ ਉਚਾਰ ਦੇ ਜੇ । ਯੁਗ
ਪਲਟ ਜਾਂਦੇ ਵਾਕ ਪਲਟਦੇ ਨਾ ਸੰਤ ਜਮਾਂ ਨੂੰ ਵੀ ਡੰਡੇ
ਮਾਰਦੇ ਜੇ। ਵਾਕ ਸੰਤਾਂ ਦਾ ਹੋਂਵਦਾ ਝੱਟ ਪੂਰਾ ਬ੍ਰਹਮਾਂ

ਬਿਸ਼ਨ ਮਹੇਸ਼ ਨਾ ਟਾਰਦੇ ਜੋਵਿਗੜੀ ਹੋਈ ਜੋ ਬਾਤ ਨਾ ਸਵਰ ਸਕੇ ਸੰਤ ਓਸਨੂੰ ਝੱਟ ਸਵਾਰ ਦੇ ਜੇ। ਸੰਤ ਪਰਮ ਆਨੰਦ ਅਕਾਲ ਮੂਰਤ ਨਹੀਂ ਕਿਸੇ ਦੀ ਕਾਨ ਸਹਾਰਦੇ ਜੇ। ਸਹੰਸਰ ਜਨਮ ਉਸਨੂੰ ਕੁਸ਼ਟ ਰੋਗ ਹੁੰਦਾ ਨਿੰਦਾ ਸੰਤਾਂ ਦੀ ਚਿੱਤ ਜੋ ਧਾਰਦੇ ਜੇ। ਕਾਲ਼ਾ ਮੂੰਹ ਹੁੰਦਾ ਨਿੰਦਕ ਪੁਰਸ਼ ਦਾ ਜੀ ਨਿੰਦਕ ਯਮਾਂ ਦੇ ਕੋਲ ਸਧਾਰ ਦੇ ਜੇ। ਜੜ੍ਹਾਂ ਮੂਲ ਸੰਸਾਰ ਤੋਂ ਬੂਟ ਉਠੇ ਨਿੰਦਕ ਨਰਕ ਨੂੰ ਠੀਕ ਪਧਾਰਦੇ ਜੇ। ਰਾਜ ਤਾਜ ਨੂੰ ਖਾਕ ਦੇ ਤੁੱਲ ਜਾਨਣ ਇਕੋ ਰੱਬ ਹੀ ਰੱਬ ਪੁਕਾਰਦੇ ਜੇ। ਵਾਕ ਐਸੇ ਸਿਰੋਮਣੀ ਸਰਦ ਸੀਤਲ ਜਾਣੋ ਸਰਬ ਦੇ ਚਿੱਤ ਨੂੰ ਠਾਰਦੇ ਜੇ। ਰਹੀ ਹੰਗਤਾ ਮੂਲ ਨਾ ਸਭਾ ਅੰਦਰ ਸਾਰੇ ਪੰਜਾਂਹੀ ਚੋਰਾਂ ਨੂੰ ਮਾਰਦੇ ਜੇ। ਬੂਟੇ ਸਿੰਘਾ ਹੁਣ ਲਾਟ ਜੇ ਸਿਖ ਹੋਸੀ ਭਲੀ ਤਰਾਂ ਸੋ ਅਰਜ ਗੁਜਾਰਦੇ ਜੇ।

### ਵਾਕ ਲਾਟ

ਲਾਟ ਆਖਦਾ ਮੁਝਨੂੰ ਸਿੱਖ ਕਰਲੈ ਹਾਂ ਮਲੀਨ ਓਏ ਸਤਗੁਰਾ ਵਾਸਤਾਈ। ਮੈ ਮੂਰਖ ਅਪਰਾਧੀ ਅਕ੍ਰਿਤ ਘੱਨ ਤੇ ਨੀਚ ਦੀਨ ਓਏ ਸਤਗੁਰਾ ਵਾਸਤਾਈ। ਲੋਭੀ ਮਾਯਾ ਧਾਰੀ ਅਤੇ ਨਿਰਗੁਣਾ ਹਾਂ ਦੀਨ ਮੀਨ ਓਏ ਸਤ ਗੁਰਾ ਵਾਸਤਾਈ। ਸੁਰਤ ਮੱਤ ਚਤੁਰਾਈ ਨਾ ਵਿਚ ਮੇਰੇ ਮੈਂ ਅਧੀਨ ਓਏ ਸਤਗੁਰਾ ਵਾਸਤਾਈ। ਬੰਧਨ ਅੰਧ ਗ੍ਰਿਹ ਕੂਪ ਮੈਂ ਡੂਬਦਾ ਹਾਂ ਮੈਂ ਮਸਕੀਨ ਓਏ ਸਤਗੁਰਾ

ਵਾਸਤਾਈ। ਕੋਈ ਜ਼ੋਰ ਨਾ ਤਾਨ ਨਿਆਸਰੇ ਦਾ ਕਰ ਲੈ ਲੀਨ ਓਏ ਸਤਗੁਰਾ ਵਾਸਤਾਈ। ਹਉਂ ਪਤਤ ਪਾਪੀ ਪਾਪ ਖੰਡਨਾ ਤੂੰ ਜਾਤ ਹੀਨ ਓਏ ਸਤਗੁਰਾ ਵਾਸਤਾਈ। ਮੈਂ ਨਿਓਟਾ ਤੂੰ ਓਟ ਹੈਂ ਪ੍ਰਿਥਮੀ ਦੀ ਦਾਸ ਕੀਨ ਓਏ ਸਤਗੁਰਾ ਵਾਸਤਾਈ। ਪੈਜ ਭਗਤ ਦੀ ਰਖਨਾ ਧਰਮ ਤੇਰਾ ਮੈਂ ਅਧੀਨ ਓਏ ਸਤਗੁਰਾ ਵਾਸਤਾਈ। ਪੌਹਲ ਦੇਓ ਪ੍ਰਕਿਮਿਆ ਆਪ ਲੈਸਾਂ ਦੋ ਤੀਨ ਓਏ ਸਤਗੁਰਾ ਵਾਸਤਾਈ। ਜਿਵੇਂ ਮੁਝ ਦੇ ਪਿਤਾ ਨੂੰ ਤਾਰਿਆ ਜੇ ਹੈ ਯਕੀਨ ਓਏ ਸਤਗੁਰਾ ਵਾਸਤਾਈ। ਪਿਤਾ ਵਾਗਰਾਂ ਸੇਵ ਮੈਂ ਕਰਾਂ ਤੇਰੀ ਤੂੰ ਪ੍ਰਬੀਨ ਓਏ ਸਤਗੁਰਾ ਵਾਸਤਾਈ। ਬੂਟੇ ਸਿੰਘਾ ਜਾਂ ਬੇਨਤੀ ਕਰੀ ਰਾਜੇ ਸੁਨ ਲੀਨ ਓਏ ਸਤ ਗੁਰਾ ਵਾਸਤਾਈ।

### ਵਾਕ ਬਾਵਾ ਪ੍ਰੀਤਮ ਦਾਸ ਕਾ
### ਰਾਜੇ ਟੇਕ ਸਿੰਘ ਪ੍ਰਤੀ

ਪ੍ਰੀਤਮ ਦਾਸ ਕੈਂਹਦੇ ਰਾਜੇ ਟੇਕਸਿੰਘ ਨੂੰ ਸਿੱਖ ਹੋਂਵ ਨਾ ਬਹੁਤ ਮੁਹਾਲ ਰਾਜਾ। ਖੰਡਿਓਂ ਤਿਖੀ ਤੇ ਵਾਲੋਂ ਤੂੰ ਜਾਨ ਨਿੱਕੀ ਮਨ ਮਾਰ ਕੇ ਕਰਨਾ ਹਲਾਲ ਰਾਜਾ। ਚਿਤ ਵਸ ਕਰਨਾ ਹਿਰਸ ਛੱਡ ਦੇਨੀ ਹੁੰਦਾ ਵਾਂਗ ਦਿਵਾਨਿਆਂ ਹਾਲ ਰਾਜਾ। ਪਰਮ ਗਿਆਨ ਵਵੇਕ ਵਿਚਾਰ ਰਖੀਂ ਸੋਹੰ ਸ਼ਬਦ ਨੂੰ ਲੈਨਾ ਸੰਭਾਲ ਰਾਜਾ।ਛੱਡ ਦਗੇ ਫਰੇਬ ਤੇ ਬਦੀ ਆਂ ਨੂੰ ਵੇਲਾ ਨਾਮ ਸਤਸੰਗ ਨਾ ਟਾਲ ਰਾਜਾ। ਸੁਲਪ

ਨਿੰਦਰਾ ਅਲਪ ਅਹਾਰ ਕਰਨਾ ਕੂਕੀਂ ਰੱਬ ਅਗੇ ਪ੍ਰਾਤਾ ਕਾਲ ਰਾਜਾ।ਸੁੰਨ ਮੰਡਲਮੇਂ ਬ੍ਰਿਤੀ ਨੂੰ ਜੋੜ ਦੇਣਾ ਸੁਰਤੀ ਸਿਮ੍ਰਤੀ ਨੇਕ ਖਿਆਲ ਰਾਜਾ। ਪਾਂਚੋ ਇੰਦਰੇ ਦ੍ਰਿੜ ਕਰ ਰੋਕ ਲੈਨੇ ਦੁਨੀਆ ਜਾਨਨੀ ਸਰਬ ਜੰਜਾਲ ਰਾਜਾ। ਜਿਹਵਾ ਕਦੇ ਅਸੱਤ ਨਾ ਵਾਕ ਕੈਹਨਾ ਦਯਾ ਖਿਮਾ ਨੂੰ ਮੂਲ ਨਾ ਟਾਲ ਰਾਜਾ। ਗਗਨ ਮੰਡਲ ਮੈਂ ਰਖਨਾ ਚਿਤ ਕਾਇਮ ਦਸੇ ਇੰਦਰੇ ਦੇਵਨੇ ਜਾਲ ਰਾਜਾ। ਪੰਜ ਤਤ ਤੇ ਪੰਝੀ ਪਕਿਰਤੀਆਂ ਨੂੰ ਵੱਸ ਹੋਵਣੇ ਏਹ ਮੁਹਾਲ ਰਾਜਾ। ਫੁਰਨੇ ਬੰਦ ਸੰਕਲਪ ਤਿਯਾਗ ਦੇਨੇ ਫੇਰ ਹੋਵਨਾ ਹੈ ਮਾਲੋ ਮਾਲ ਰਾਜਾ।ਨਿੰਦਾ ਉਸਤਤੀ ਛੱਡਕੇ ਨਾਮ ਜਪਨਾ ਚਿਤ ਹੋਂਵਦਾ ਫੇਰ ਨਿਹਾਲ ਰਾਜਾ। ਮਾਨ ਫੱਕਰਾਂ ਨੂੰ ਇਕੋ ਰੱਬ ਵਾਲਾ ਜੇਹੜਾ ਹੈਗਾ ਹੈ ਜ਼ੁਲ ਜ਼ਲਾਲ ਰਾਜਾ। ਆਯਾ ਨਾਲ ਨਾ ਕਿਸੇ ਨੇ ਨਾਲ ਜਾਨਾਂ ਬਹੁਤਾ ਹੋਰ ਕੀ ਦੇਵਾਂ ਅਹਵਾਲ ਰਾਜਾ। ਰਾਤ੍ਰੀ ਸੁਪਨੇ ਵਿਚ ਜੋ ਮਿਲੇ ਸਿਉਨਾ ਫੇਰ ਉਠਕੇ ਸੋਨਾ ਨਾ ਭਾਲ ਰਾਜਾ।ਤੈਥੋਂ ਸਿੱਖੀ ਕਮਾਈ ਨਾ ਮੂਲ ਜਾਨੀ ਪ੍ਰੀਤਮ ਦਾਸ ਜੀ ਆਖਦੇ ਹਾਲ ਰਾਜਾ। ਕਰਵਿਦਾ ਤੂੰ ਸਾਰੀਆਂ ਸੰਗਤਾਂਨੂੰ ਏਹੋ ਰੂਪਹੈ ਰੱਬ ਜਮਾਲ ਰਾਜਾ। ਚਰਨ ਪਾਹੁਲ ਕੀ ਕਰੇਗੀ ਕਾਟ ਓਥੇ ਜਦੋਂ ਵਰਤਸੀਗਾ ਕਲੂ ਕਾਲ ਰਾਜਾ। ਪੁੰਨ ਦਾਨ ਕਰਕੇ ਟੋਰ ਸਾਧੂਆਂ ਨੂੰ ਹੀਰਾ ਜਨਮ ਨਾ ਆਪਦਾ ਗਾਲ ਰਾਜਾ। ਬੂਟੇ ਸਿੰਘਾ ਜਾਂ ਗੁਰਾਂ ਜਬਾਬ ਦਿਤਾ ਛੁੱਟ ਹੋਗਿਆ ਹਾਲ

ਬੇਹਾਲ ਰਾਜਾ।

ਵਾਕ ਰਾਜੇ ਟੇਕ ਸਿੰਘ ਦਾ ਬਾਵੇ ਪ੍ਰੀਤਮ ਦਾਸ ਪ੍ਰਤੀ

ਚਰਨ ਬੰਦਨਾ ਕਰਾਂ ਕ੍ਰੋੜ ਵਾਰੀ ਦੇਵੀਂ ਮੁਝ ਗਰੀਬ ਨੂੰ ਤਾਰ ਸਤਗੁਰ। ਰੱਬ ਨਾਮ ਤੇਰਾ ਸਭ ਕਾਮ ਤੇਰਾ ਮੈਂ ਦੀਵਾਨੇ ਨੂੰ ਪਾਰ ਉਤਾਰ ਸਤਗੁਰ। ਤੂੰਹੀ ਯਾਰ ਮੇਰਾ ਗਮਖਾਰ ਮੇਰਾ ਦਿਲਦਾਰ ਮੇਰਾ ਨਾ ਵਿਸਾਰ ਸਤਗੁਰ। ਸਾਕ ਅੰਗ ਤੂੰ ਹੈਂ ਰੂਪ ਰੰਗ ਤੂੰ ਹੈਂ ਅੰਗ ਸੰਗ ਤੂੰ ਹੈਂ ਕਰਦੇ ਪਾਰ ਸਤਗੁਰ। ਸ਼ਾਨ ਮਾਨ ਤੇਰਾ ਸਭ ਜਹਾਨ ਤੇਰਾ ਏਹੋ ਦਾਨ ਤੇਰਾ ਦੁਖ ਜਾਰ ਸਤਗੁਰ। ਵਾਲ ਵਾਲ ਤੂੰਹੈਂ ਧਨ ਮਾਲ ਤੂੰ ਹੈਂ ਖੁਆਬ ਖਿਆਲ ਤੂੰ ਹੈਂ ਕਰ ਉਧਾਰ ਸਤਗੁਰ। ਮੇਰੇ ਪ੍ਰਾਣ ਤੂੰ ਹੈਂ ਧਨਵਾਨ ਤੂੰ ਹੈਂ ਮੇਰੀ ਜਾਨ ਤੂੰ ਹੈਂ ਮੈਂ ਬਲਹਾਰ ਸਤਗੁਰ। ਮੇਰੇ ਮਨ ਤੂੰ ਹੈਂ ਰਵਿਆ ਤਨ ਤੂੰ ਹੈਂ ਧੰਨ ਧੰਨ ਤੂੰ ਹੈਂ ਪਾਪ ਟਾਰ ਸਤਗੁਰ। ਰੋਜੋ ਸ਼ਬ ਮੇਰਾ ਤੂੰ ਹੈਂ ਰੱਬ ਮੇਰਾ ਦਿਸੇ ਸਬ ਮੇਰਾ ਤੂੰ ਕਰਤਾਰ ਸਤਗੁਰ। ਤੂੰ ਭਗਵਾਨ ਮੇਰਾ ਦਰਦ ਵਾਨ ਮੇਰਾ ਹਾਂ ਕੁਰਬਾਨ ਤੂੰ ਸੁਨੀਂ ਪੁਕਾਰ ਸਤਗੁਰ। ਹਾਲ ਕਾਲ ਤੂੰ ਹੈਂ ਮੇਰਾ ਮਾਲ ਤੂੰ ਹੈਂ ਦਮ ਨਾਲ ਤੂੰ ਹੈਂ ਵਾਹ ਦਾਤਾਰ ਸਤਗੁਰ। ਗੁਰੂ ਪੀਰ ਮੇਰਾ ਦਸਤ ਗੀਰ ਮੇਰਾ ਤੂੰ ਕਬੀਰ ਮੇਰਾ ਲਖਵਾਰ ਸਤਗੁਰ। ਸ਼ਾਹੂਕਾਰ ਤੂੰ ਹੈਂ ਵਫਾਦਾਰ ਤੂੰ ਹੈਂ ਸੁਕਾਰ ਤੂੰ ਹੈਂ ਸਚਾ ਯਾਰ ਸਤਗੁਰ। ਤੂੰ ਪ੍ਰਧਾਨ ਮੇਰਾ ਹੱਕ ਜਾਨ ਮੇਰਾ ਅਵਾਦਾਨ ਮੇਰਾ ਤੂੰ

ਸੰਸਾਰ ਸਤਗੁਰ। ਪਗੀ ਹੂਰਤੂੰਹੈਂ ਮਸਤੂਰਤੂੰਹੈਂ ਹੱਕਨੂਰਤੂੰ ਹੈਂ ਲਵੀ 'ਸਾਰ ਸਤਗੁਰ। ਵਾਹ ਵਾਹ ਪਿਆਰੇ ਤੂੰਹੀ ਜਗ ਸਾਰੇ ਘਰ ਸ਼ਹਰ ਬਾਰੇ ਵਿਚ ਬਾਰ ਸਤਗੁਰ। ਜੇ ਤੂੰ ਬਨੇ ਤੀਰਥ ਮੈਨੂੰ ਜਾਨ ਯਾਤਰੀ ਚਿਤੋਂ ਤੁਧ ਨੂੰ ਗੁਰੂ ਲਿਆ ਧਾਰ ਸਤਗੁਰ। ਜੇ ਤੂੰ ਗਿਰਵਰ ਤਾਂ ਮੁਝ ਨੇ ਮੋਰ ਬਨਨਾ ਮੇਰਾ ਤੁਧ ਦੇ ਨਾਲ ਪਿਆਰ ਸਤਗੁਰ । ਜੇ ਤੂੰ ਚੰਦ ਚਕੋਰ ਮੈਂ ਰੂਪ ਧਰਨਾ ਮੈਨੂੰ ਦੇਈ ਨਾ ਤੂੰ ਵਿਸਾਰ ਸਤ ਗੁਰ। ਜੇ ਤੂੰ ਦੀਵਾ ਤਾਂ ਬਨਾਂ ਮੈਂ ਵਿਚ ਬੱਤੀ ਕੀਤਾ ਮੁਝ ਨੇ ਸਚ ਇਜ਼ਹਾਰ ਸਤਗੁਰ। ਤੇਰੇ ਜੇਹਾ ਨਾ ਗੁਰੂ ਕੋਈ ਨਜ਼ਰ ਆਵੇ ਜੇਹੜਾ ਕਰਦੇ ਭੈਜਲੋਂ ਪਾਰ ਸਤਗੁਰ । ਤੇਰੇ ਚਰਨ ਫੜਕੇ ਕਟਾਂ ਫਾਸ ਜਮ ਕੀ ਬਨ ਜਾ ਗੁਰੂ ਨਾ ਨਰਕ ਮੇਂ ਡਾਰ ਸਤਗੁਰ। ਰਾਜਾ ਟੇਕ ਸਿੰਘ ਅਜ ਮੁਰੀਦ ਬਨਦਾ ਮੁਰਸ਼ਦ ਹੋਇਕੇ ਉਸਨੂੰ ਤਾਰ ਸਤਗੁਰ। ਬੂਟਾ ਸਿੰਘ ਕੈਂਹਦਾ ਗੁਰੂ ਹੋਨ ਐਸੇ ਹੋਈਏ ਬਾਰ ਹੀ ਬਾਰ ਬਲਹਾਰ ਸਤਗੁਰ ।

### ਵਾਕ ਬਾਵੇ ਪ੍ਰੀਤਮ ਦਾਸ ਕਾ
### ਰਾਜੇ ਟੇਕ ਸਿੰਘ ਪ੍ਰਤੀ

ਗੁਰੂ ਆਖਿਆ ਕਠਨ ਹੈ ਧਰਮ ਰਖਨ ਪਰ ਇਸਤ੍ਰੀ ਸਮਝਨੀ ਮਾਤ ਰਾਜਾ। ਇਸ ਚਿਤ ਦਾ ਕੁਝ ਇਤਬਾਰ ਨਾਹੀਂ ਨਹੀਂ ਵੇਖਦਾ ਜਾਤ ਕੁਪਾਤ ਰਾਜਾ। ਨਾਰਦ ਜੇਹਾਂ ਦਾ ਮਨ ਵੀ ਡੋਲਗਿਆ ਵਿਚ ਇਸਤ੍ਰੀਦੇ ਕਰਾਮਾਤਰਾਜਾ।

ਬੁਧ ਭ੍ਰਿਸ਼ਟ ਹੋਈ ਸ੍ਰਿੰਗੀ ਰਿਖੀ ਵਾਲੀ ਵਿਚ ਜੱਗ ਮਸ਼ਹੂਰ ਹੈ ਬਾਤ ਰਾਜਾ। ਗੁਰੂ ਗੋਰਖ ਦੇ ਗੁਰੂ ਮਛੰਦਰੀ ਨੇ ਭਰਿਆ ਨਾਰੀਆਂ ਦਾ ਜਲ ਰਾਤ ਰਾਜਾ। ਪਰਇਸਤ੍ਰੀ ਮਾਤਾ ਦੇ ਤੁਲ ਜਾਣੀਂ ਕਰੀਂ ਮੂਲ ਨਾ ਕਿਸੇ ਦਾ ਘਾਤ ਰਾਜਾ। ਨਿਤ ਨੇਮ ਤੇ ਬੰਦਗੀ ਰੋਜ ਕਰਨੀ ਪ੍ਰਾਤਾ ਕਾਲ ਹੈ ਰੱਬ ਦੀ ਦਾਤ ਰਾਜਾ। ਸੁਪਨੇ ਵਿਚ ਨਾ ਤੱਕੀਂ ਪਰ ਇਸਤ੍ਰੀ ਨੂੰ ਦੁਖ ਲਗੇ ਨਾ ਗਿਰੇਗੀ ਧਾਤ ਰਾਜਾ। ਜਦੋਂ ਜਮਾਂ ਨੇ ਪਕੜ ਕੇ ਲਾਯਾ ਅੱਗੇ ਸਰਬੰਧੀ ਕਿਸੇ ਨਾ ਪੁੱਛਨੀ ਵਾਤ ਰਾਜਾ। ਹੋਰ ਬਹੁਤ ਉਪਦੇਸ਼ ਕੀ ਦਿਆਂ ਤੈਨੂੰ ਸਿਖੀ ਸਿਦਕ ਭਰੋਸਾ ਅਤਆਤ ਰਾਜਾ। ਬੂਟੇ ਸਿੰਘਾ ਜਾਂ ਗੁਰਾਂ ਉਪਦੇਸ਼ ਦਿਤਾ ਮਨ ਰਾਵ ਦਾ ਹੋਯਾ ਏਕਾਂਤ ਰਾਜਾ।

## ਬੇਨਤੀ ਰਾਜੇ ਟੇਕ ਸਿੰਘ ਕੀ ਬਾਵੇ ਪ੍ਰੀਤਮ ਦਾਸ ਅੱਗੇ

ਰਾਜੇ ਹੋਇ ਨਿਮਾਣਿਆਂ ਅਰਜ ਕੀਤੀ ਸਿਖ ਹੋਨ ਤੋਂ ਪਏ ਡਰਾਂਵਦੇ ਹੋ। ਦਯਾ ਧਾਰ ਕੇ ਸਿੱਖੀ ਦਾ ਦਾਨ ਬਖਸ਼ੋ ਭਲਾ ਕਰ ਦਿਆਂ ਦੇਰ ਕਿਉਂ ਲਾਂਵਦੇ ਹੋ। ਖੀਰ ਛੱਡਕੇ ਮੌਹਰਾ ਕਬੂਲ ਮੈਨੂੰ ਦੇਰੀ ਕਰਕੇ ਕਿਉਂ ਤੜਫਾਂਵਦੇ ਹੋ। ਜੇਕਰ ਗੁਰੂ ਜੀ ਆਪ ਦੀ ਮੇਹਰ ਹੋਵੇ ਆਪ ਛਿਨ ਮੈਂ ਤਾਰ ਕੇ ਜਾਂਵਦੇ ਹੋ। ਮਿਸਲ ਖਾਕ ਤਰਲੋਕੀ ਦਾ ਰਾਜ ਦਿਸੇ ਤੁਸੀਂ ਲਾਲ ਬੀਂ ਸੁੰਦਰ ਸੁਹਾਂਵਦੇ ਹੋ। ਮੈਂ

ਤਾਂ ਸਿੱਖ ਬਨਦਾ ਰਾਜੇ ਸਾਧ ਹੁੰਦੇ ਬਹੁਤਾ ਹੋਰ ਕੀ ਪੁਛ ਪੁਛਾਂਵਦੇ ਹੋ। ਗੋਪੀ ਚੰਦ ਵਾ ਭਰਥਰੀ ਰਾਜਿਆਂ ਨੂੰ ਕੰਨ ਪਾੜ ਕਿਉਂ ਮੁੰਦਰਾਂ ਪਾਂਵਦੇ ਹੋ। ਕਰਾਮਾਤ ਹੈ ਸਤਗੁਰੋ ਵਿਚ ਸੰਤਾਂ ਰਾਜੇ ਰਾਣੀਆਂ ਪੈਰੀ ਪੁਆਂਵਦੇ ਹੋ। ਬਸ ਬਸ ਕ੍ਰਿਪਾਲੂਓ ਕਰੋ ਕ੍ਰਿਪਾ ਅਸਾਂ ਆਜਜ਼ਾਂ ਦਾਨ ਨਾ ਪਾਂਵਦੇ ਹੋ। ਦੁਧ ਧੋਨ ਵਾਂਗੂ ਹਿਰਦਾ ਸਾਫ ਮੇਰਾ ਕਿਉਂ ਨਹੀਂ ਸੀਸ ਤੇ ਹੱਥ ਟਿਕਾਂਵਦੇ ਹੋ। ਦਿਲੋਂ ਤੁਸਾਂਨੂੰ ਗੁਰੂ ਬਨਾਏ ਬੈਠਾ ਰਾਹ ਗੁਰੂ ਜੀ ਨਹੀਂ ਵਿਖਾਂਵਦੇ ਹੋ। ਸੀਸ ਆਪਨੇ ਸਖਤੀਆਂ ਝੱਲਸਾਂ ਮੈਂ ਮੇਰੇ ਚਿੱਤਨੂੰ ਕਿਉਂ ਭਰਮਾਂਵਦੇਹੋ। ਬੂਟਾ ਸਿੰਘ ਕਹੇ ਗੁਰੂ ਜੀ ਕਰੋ ਕ੍ਰਿਪਾ ਸਿੱਖ ਕਰੋ ਕਿਉਂ ਪਏ ਅਟਕਾਂਵਦੇ ਹੋ।

## ਬਾਵਾ ਪ੍ਰੀਤਮ ਦਾਸ ਜੀ ਨੇ ਦਿਆਲ ਹੋ ਕਰ ਰਾਜੇ ਟੇਕ ਸਿੰਘ ਕੋ ਸਿੱਖ ਕਰਨਾ

ਰਾਜੇ ਟੇਕ ਸਿੰਘ ਦਾ ਬਾਵੇ ਪ੍ਰੇਮ ਡਿਠਾ ਪ੍ਰੀਤਮ ਦਾਸ ਦਯਾਲ ਹੋ ਤਾਰਦੇ ਜੀ। ਸੀਲ ਸਹਨ ਸੁਧਾ ਵਾਲਾ ਸਿੱਖ ਜਾਤਾ ਸਿੱਖੀ ਦੇਵਨੀ ਚਿੱਤ ਮੇਂ ਧਾਰਦੇ ਜੀ। ਬੇਰ ਭੀਲਣੀ ਦੇ ਰਾਮ ਚੰਦ ਖਾਧੇ ਨਹੀਂ ਜਾਤ ਕੁਜਾਤ ਵਿਚਾਰਦੇ ਜੀ। ਦੇਂਦੇ ਹੁਕਮ ਸੁਆਮੀ ਰਾਜੇ ਟੇਕ ਸਿੰਘ ਨੂੰ ਹੋ ਤਿਯਾਰ ਕਿਉਂ ਵਕਤ ਗੁਜ਼ਾਰਦੇ ਜੀ। ਜਲ ਤੀਰਥਾਂ ਦੇ ਜਲਦੀ ਕਰੋ ਹਾਜ਼ਰ ਨਰਿਯੇਲ ਸੁਪਾਰੀ ਆਪ ਉਚਾਰਦੇ ਜੀ। ਤਿਲਕ ਵਾਸਤੇ ਕੇਸਰ ਤੇ ਛਾਹੋ ਚੌਂਕੀ ਲਿਆਓ ਸਮਿ

ਗਰੀ ਮੁਖੋਂ ਪੁਕਾਰਦੇ ਜੀ । ਕੁਲ ਵਸਤੂ ਰਾਜੇ ਨੇ ਕੀਤੀ ਹਾਜਰ ਬਸਤ੍ਰ ਨ੍ਹਾਵਣ ਲਈ ਝੱਟ ਉਤਾਰਦੇ ਜੀ । ਨ੍ਹਾਏ ਧੋਏ ਕੇ ਝੱਟ ਤਿਯਾਰ ਹੋਏ ਤਿਲਕ ਚੰਦਨ ਦਾ ਝੱਟ ਸ਼ਿੰਗਾਰਦੇ ਜੀ । ਚੌਕੀ ਉਤੇ ਬਿਰਾਜ ਦੇ ਆਪ ਸੁਆਮੀ ਰਾਜੇ ਚਰਨਾ ਮੇਂ ਅਰਜ ਗੁਜਾਰਦੇ ਜੀ ।ਰਾਜੇ ਟੇਕ ਸਿੰਘ ਨੂੰ ਗੁਰਾਂ ਪਾਹੁਲ ਦਿਤੀ ਆਖੇ ਅਸੀਂ ਹਾਂ ਤਾਬਿਆਦਾਰ ਦੇ ਜੀ। ਲਈਆਂ ਤਿੰਨ ਪ੍ਰਦਖਣਾ ਟੇਕ ਸਿੰਘ ਨੇ ਪੱਚੀ ਮੋਹਰਾਂਵੀ ਚਰਨਾ ਤੇ ਚਾੜ੍ਹਦੇਜੀ।ਦੁਸ਼ਾਲਾ ਰੇਸ਼ਮੀਦੇਂ ਵਦਾ ਗੁਰਾਂ ਤਾਂਈ ਨਾਲੇ ਚਰਨਾ ਤੇ ਸੀਸ ਨੂੰ ਡਾਰਦੇਜੀ । ਸੰਤ ਨਾਮ ਦਾ ਗੁਰਾਂ ਉਪਦੇਸ਼ ਦਿਤਾ ਗੁਰੂਭੈਜਲੋਂ ਪਾਰ ਉਤਾਰ ਦੇ ਜੀ। ਪੰਜਾਹ ਮੋਹਰ ਰਣਜੀਤ ਸਿੰਘ ਨਜ਼ਰ ਕੀਤੀ ਚਰਨ ਬੰਦਨਾ ਪਏ ਪੁਕਾਰਦੇ ਜੀ । ਫਤੇ ਕਰੇ ਮੁਲਤਾਨ ਨੂੰ ਪੁਤ ਤੇਰਾ ਜਾਕੇ ਹੁਣੇ ਤੂੰ ਫੌਜ ਨੂੰ ਚਾੜ੍ਹਦੇ ਜੀ । ਵਰ ਲੈਕੇ ਗੁਰਾਂ ਦਾ ਵਿਦਾ ਹੋਯਾ ਰਣਜੀਤ ਸਿੰਘ ਕਲਾਲੀ ਨਾ ਠੈਹਰਦੇ ਜੀ । ਸਿਦਕ ਜਿਨਾ ਨੇ ਧਾਰਿਆ ਗੁਰਾਂ ਉਤੇ ਬੇੜੇ ਉਨਹਾਂ ਦੇ ਅੰਤ ਨੂੰ ਪਾਰਦੇ ਜੀ । ਬੂਟੇ ਸਿੰਘਾ ਜਾਂ ਗੁਰੂ ਦਿਯਾਲ ਹੋਵਨ ਬੇੜੇ ਡੂਬਦਿਆਂ ਨੂੰ ਝੱਟ ਤਾਰਦੇ ਜੀ ।

### ਰਾਜੇ ਟੇਕ ਸਿੰਘ ਨੇ ਪੁੰਨ ਦਾਨ ਕਰਕੇ ਸਾਧੂਆਂ ਬਾਹਮਨਾਂ ਕੋ ਵਿਦਾ ਕਰਨਾ

ਆਸਨ ਗੁਰਾਂ ਦਾ ਕੀਤਾ ਚੁਬਾਰੇ ਅੰਦਰ ਫੇਰ ਪ੍ਰੋਹਤ

ਦੀ ਖੁਸ਼ੀ ਨੂੰ ਲੈਨ ਲੱਗਾ। ਇਕੀ ਮੋਹਰਾਂ ਪ੍ਰੋਹਤ ਦੇ ਰੱਖ ਅਗੇ ਨਾਲੇ ਪਿੰਡ ਮਹਿਮੂਦ ਪੁਰ ਦੇਨ ਲਗਾ।ਪੰਜੇ ਬਸਤ੍ਰ ਦੁਸ਼ਾਲਿਆਂ ਨਾਲ ਦਿਤੇ ਖੁਸ਼ੀ ਨਾਲ ਹਰਦਿਯਾਲ ਜੀ ਕੈਹਨ ਲਗਾ। ਸੁਖੀ ਰਹੋ ਜਜਮਾਨ ਰੱਬ ਭਾਗ ਲਾਵੇ ਮੁਖੋਂ ਖੁਸ਼ੀ ਦੇ ਕੈਹਨ ਓਹ ਬੈਨ ਲਗਾ। ਝੱਟ ਲਈ ਵਿ ਦਾਇਗੀ ਰਾਜੇ ਪਾਸੋਂ ਪ੍ਰੋਹਤ ਵਿਚ ਮਹਿਮੂਦ ਪੁਰ ਬੈਹਨ ਲਗਾ। ਜਾਕੇ ਚਰਨ ਮਹਮੂਦ ਪੁਰ ਵਿਚ ਪਾਏ ਚਰਨੀ ਪ੍ਰੋਹਤ ਦੀ ਤੇ ਦੇਸ ਢੈਹਨ ਲਗਾ। ਜੀਵ ਜੀਵ ਨੂੰ ਮੋਹਰ ਵਰਤਾਇ ਦਿਤੀ ਕੁਲ ਧੰਨ ਹੀ ਧੰਨ ਜੋ ਕੈਹਨ ਲਗਾ। ਕਾਜੀ ਰਮਲੀ ਸੰਤ ਨਾ ਸਿੰਘ ਖਾਲੀ ਮੋਹਰ ਮੋਹਰ ਲੈਕੇ ਰਾਹ ਪੈਨ ਲਗਾ। ਕੁਲ ਸੰਤ ਸਾਧੂ ਜਦੋਂ ਵਿਦਾ ਹੋਏ ਤਾਜ ਸੀਸ ਤੇ ਤਖਤ ਤੇ ਠੈਹਨ ਲਗਾ। ਵੇਖ ਇੰਦਰ ਸ਼ਰਮਿੰਦ ਮੁਖ ਮੰਦ ਖਾਧਾ ਤੇਜ ਦੇਸ ਮੇਂ ਭਾਨ ਜਿਉਂ ਪੈਨ ਲਗਾ। ਤ੍ਰਿਲੋਕੀ ਨਾਥ ਬੈਠੇ ਜਿਸਕੇ ਧਾਮ ਉਤੇ ਸਤ ਯੁਗ ਜਿਉਂ ਸਮਾ ਬਿਤੈਨ ਲਗਾ। ਗੁਰੂ ਸਿੱਖ ਤੇ ਹੋਏ ਪ੍ਰਸੰਨ ਭਾਰੀ ਪ੍ਰਭੂ ਪਰੈਣ ਗਿਐਨ ਸੁਨੈਨ ਲਗਾ। ਬੂਟਾ ਸਿੰਘ ਕੀ ਮੈਹਮਾ ਨੂੰ ਕਰੇ ਵਰਣਨ ਜਸ ਦੇਵਤਾ ਸਰਬ ਜੋ ਕੈਹਨ ਲਗਾ॥

ਵਾਕ ਕਵੀ

ਰਣਜੀਤ ਸਿੰਘ ਲਾਹੌਰ ਜੋ ਝੱਟ ਆਯਾ ਕਰਾਂ ਹੋਰਕੀ ਬਹੁਤ ਬਿਆਨ ਬਾਵਾ। ਸਰਦਖਾਨੇ ਜਾਕੇ ਮਹਾਂਰਾਜ ਬੈਠੇ ਚਾਰੇ ਕੁਵਰ ਪੈਰੀਂ ਹੱਥ ਲਾਨ ਬਾਵਾ। ਖੜਗ ਸਿੰਘ ਨੂੰ

ਆਪ ਮਹਾਰਾਜ ਬੋਲੇ ਹੋ ਤਿਯਾਰਤੂੰ ਵਲ ਮੁਲਤਾਨਬਾਵਾ। ਫੌਜ ਲੌ ਬਿਅੰਤ ਬਰੂਦ ਐਥੋਂ ਬੇਟਾ ਬਣਕੇ ਜਾਨਾ ਬਲ ਵਾਨ ਬਾਵਾ। ਤੇਗ ਕ੍ਰਿਜ ਬੰਦੂਕ ਤੇ ਢਾਲ ਲੈਕੇ ਹੱਥੀਂ ਪਕੜ ਕਮਾਨ ਤੇ ਬਾਨ ਬਾਵਾ। ਹੁਕਮ ਸੁਨਦਿਆਂ ਪਿਤਾ ਦਾ ਉਠ ਬੈਠਾ ਖੜਗ ਸਿੰਘ ਜੋ ਭਾਰੀ ਜੁਆਨ ਬਾਵਾ। ਖੜਗ ਸਿੰਘ ਜੇ ਫੌਜ ਨੂੰ ਜੋੜਕੇ ਤੇ ਲਗਾ ਆਪ ਜੋ ਹੁਕਮ ਸੁਨਾਨ ਬਾਵਾ। ਅੱਜ ਕਰੋ ਕਿਆਮ ਪਿੰਡ ਟੇਕ ਸਿੰਘ ਦੇ ਜੇਹੜਾ ਵਾਂਗ ਬਨਿਆ ਇੰਗਲਿਸਤਾਨ ਬਾਵਾ। ਹੁਕਮ ਸੁਨਕੇ ਫੌਜੀ ਰਵਾਨ ਹੋਏ ਆਪ ਚਲਿਆ ਪੰਕੜ ਨਿਸ਼ਾਨ ਬਾਵਾ। ਸਣੇ ਫੌਜ ਦੇ ਪਹੁੰਚਿਆ ਕੋਲ ਚਾਚੇ ਫੌਜ ਪਹੁੰਚੀ ਜਿਉਂ ਆਵੇ ਤੁਫਾਨ ਬਾਵਾ। ਚਾਚੇ ਟੇਕ ਸਿੰਘ ਸੀਸ ਤੇ ਹੱਥ ਦਿਤਾ ਆਖੇ ਲਾਲ ਆ ਤੈਥੋਂ ਕੁਰਬਾਨ ਬਾਵਾ। ਪਿਆਰ ਦੇਕੇ ਪਾਸ ਬਿਠਾਇ ਲੀਤਾ ਫੌਜੀ ਕਾਠੀ ਆਂ ਕੁਲ ਜੇ ਲਾਹਨ ਬਾਵਾ। ਟੇਕ ਸਿੰਘ ਤੇ ਖੜਗ ਸਿੰਘ ਦੁਖ ਵੰਡਨ ਜਿਵੇ ਵੰਡਦੀ ਨੇਕ ਸੰਤਾਨ ਬਾਵਾ। ਬਿਗਲ ਵਜਿਆ ਭੋਜਨ ਦਾ ਆਇ ਫੌਜੀ ਲਗੇ ਗੱਫੇ ਜੋ ਕੁਲ ਲਗਾਨ ਬਾਵਾ। ਭੋਜਨ ਛੱਕਕੇ ਝੱਟ ਅਰਾਮ ਕੀਤਾ ਸੁਭਾ ਹੋਈ ਫਿਰ ਪੰਧ ਪੈਜਾਨ ਬਾਵਾ। ਖੜਗ ਸਿੰਘ ਰਾਜਾ ਸਾਧੂ ਜਾਣ ਪੂਰਾ ਮੂਹੋਂ ਉੱਚਰੇ ਸ੍ਰੀ ਭਗਵਾਨ ਬਾਵਾ। ਕਦਮ ਕਦਮ ਤੇ ਜਾਵੇ ਡੰਡੌਤ ਕਰਦਾ ਮੰਨੀ ਸਾਧੂਆਂ ਦੀ ਪੈਹਲੀ ਆਨ ਬਾਵਾ। ਕਰਦਾ ਜਾਵੇ ਡੰਡੌਤ ਜੋ ਸਾਧੂਆਂ ਨੂੰ ਨਹੀਂ

ਤਕਦਾ ਵੱਲ ਸਮਾਨ ਬਾਵਾ। ਜਾਇ ਪਹੁੰਚਿਆ ਖਾਸ ਓਹ ਹੱਦ ਅੰਦਰ ਨਾਮ ਪੀਰੀ ਹੈ ਪੁਰ ਮੁਲਤਾਨ ਬਾਵਾ। ਪੀਰਾਂ ਸਾਧੂਆਂ ਜਾਣਿਆਂ ਵਲੀ ਆਯਾ ਕੀਤਾ ਕੁੱਲ ਨੇ ਨੇਕ ਧਿਆਨ ਬਾਵਾ। ਜੇਹੜੇ ਪੀਰ ਫਕੀਰ ਮੁਲਤਾਨ ਵਾਲੇ ਕੁਲ ਜਾਣ ਗਏ ਜੇ ਜਾਨੀ ਜਾਨ ਬਾਵਾ। ਫੱਕਰ ਫੱਕਰਾਂ ਦਾ ਕਦਰ ਰੱਖ ਲੈਂਦੇ ਨਹੀਂ ਤੋੜਦੇ ਮਾਨ ਤੇ ਤਾਨ ਬਾਵਾ। ਡੇਰੇ ਫੌਜ ਨੂੰ ਛੱਡਕੇ ਆਪ ਟੁਰਿਆ ਗਿਆ ਸਾਧੂਆਂ ਦੀ ਕ਼ਦਰ ਪਾਨ ਬਾਵਾ। ਖੜਗ ਸਿੰਘ ਪੈਹਲੇ ਬਾਲ ਲਾਚੀ ਆਂ ਦਾ ਲੈਕੇ ਸੰਤਾਂ ਦੀ ਤਰਫ ਨੂੰ ਧਾਨ ਬਾਵਾ। ਹਿੰਦੂ ਮੋਮਨ ਨਾ ਛਡਿਆ ਪੀਰ ਕੋਈ ਦਿਤਾ ਕੁਲ ਨੂੰ ਜਾਇਕੇ ਦਾਨ ਬਾਵਾ। ਕੁਲ ਪੀਰਾਂ ਫਕੀਰਾਂ ਨੂੰ ਜਾਏ ਮਿਲਿਆ ਲਗਾ ਨਿਉਂਕੇ ਨਜਰ ਟਿਕਾਨ ਬਾਵਾ। ਵਲੀ ਪੀਰਾਂ ਫਕੀਰਾਂ ਦੀ ਮੇਹਰ ਮੰਗਾਂ ਪੀਰ ਆਖਦੇ ਫਤੇ ਮੁਲਤਾਨ ਬਾਵਾ। ਦਿਤੀ ਕੁਲ ਫਕੀਰਾਂ ਅਸੀਸ ਏਹੋ ਫਤੇ ਤੁਧ ਨੂੰ ਕਰੇ ਭਗਵਾਨ ਬਾਵਾ। ਦੁਆਇ ਅਸਾਂ ਦੀ ਨਾਲ ਖੁਦਾਇ ਰਾਜੀ ਕੁਲ ਮੁਸ਼ਕਲਾਂ ਹਲ ਹੋ ਜਾਨ ਬਾਵਾ। ਖੜਗ ਸਿੰਘ ਖੁਸ਼ੀ ਲੈਕੇ ਸਾਧੂਆਂ ਤੋਂ ਪਾਸਾ ਫੌਜ ਦੀ ਤਰਫ ਪ੍ਰਤਾਨ ਬਾਵਾ। ਝੱਟ ਫੌਜ ਸਮੇਤ ਜਾਂ ਕ਼ਿਲਾ ਡਿੱਠਾ ਕਿਲਾ ਝੁੱਕ ਗਿਆ ਵਾਂਗ ਕਮਾਨ ਬਾਵਾ। ਕੀਤੀ ਕਿਲੇ ਸਲਾਮ ਜੋ ਜਾਂਦਿਆਂ ਨੂੰ ਸੁਣੋ ਪ੍ਰੇਮ ਸੇ ਕਰਾਂ ਬਖਿਆਨ ਬਾਵਾ। ਛੱਡੀ ਤੋਪ ਜਾਂ ਖੜਗ ਸਿੰਘ ਸੂਰਮੇ ਨੇ ਪਾਨੀ ਖੂਹਾਂ ਦੇ

ਸੂਕ ਗਏ ਜਾਨ ਬਾਵਾ। ਬਾਰਾਂ ਬਾਰਾਂ ਕੋਹਾਂ ਤਿਕਨ ਗੂਭ ਛੱਨ ਗਏ ਹੋਈਆਂ ਦੁੱਢੀਆਂ ਲਹੂ ਲੁਹਾਨ ਬਾਵਾ। ਬਚਨ ਸੰਤਾਂ ਦੇ ਸਦਾ ਅਟੱਲ ਜਾਨੀ ਮੇਰੀ ਬਾਤ ਇਹ ਨਿਸਚੇ ਮਾਨ ਬਾਵਾ। ਹੋਯਾ ਫਤੇ ਮੁਲਤਾਨ ਜੋ ਖੜਗ ਸਿੰਘ ਨੂੰ ਬਹੁਤਾ ਹੋਰ ਕੀ ਕਰਾਂ ਬਿਆਨ ਬਾਵਾ। ਬਹੁਤਾ ਕਰਾਂ ਜੇ ਅਜ ਵਿਸਤਾਰ ਏਥੇ ਫੇਰ ਗ੍ਰੰਥ ਹੋ ਜਾਸੀ ਮਹਾਨ ਬਾਵਾ। ਹੋਰ ਝਗੜੇ ਕੁਲ ਤਿਯਾਗ ਕੇਤੇ ਗੁਰ ਸਿੱਖ ਦੇ ਕਰਾਂ ਗਿਆਨ ਬਾਵਾ। ਟੇਕ ਸਿੰਘ ਬਾਵੇ ਪ੍ਰੀਤਮ ਦਾਸ ਜੀ ਦੇ ਅਗੇ ਖੋਲ ਕੇ ਦਸਾਂ ਪ੍ਰਮਾਨ ਬਾਵਾ। ਬੂਟੇ ਸਿੰਘਾ ਜੋ ਗੁਰਾਂ ਦੇ ਬਚਨ ਹੋਏ ਪੜ੍ਹਨੇ ਤੁਸਾਂ ਨੇ ਕਰ ਇਸਨਾਨ ਬਾਵਾ।

## ਰਾਜੇ ਟੇਕ ਸਿੰਘ ਕਾ ਚੁਬਾਰੇ ਮੇਂ ਬਾਵੇ ਪ੍ਰੀਤਮ ਦਾਸ ਦੇ ਦਰਸ਼ਨ ਕੋ ਨਿਤਾਪ੍ਰਤਿ ਜਾਨਾ

ਸ਼ਾਂਤੀ ਮੂਰਤੀ ਆਪ ਧਰਮੱਗ ਰਾਜਾ ਕਰਦਾ ਗੁਰੂ ਨੂੰ ਰੋਜ ਪ੍ਰਨਾਮ ਰਾਜਾ। ਸੇਵ ਕਰੇ ਬਿਅੰਤ ਓਹ ਸਤਗੁਰਾਂ ਦੀ ਸਾਰ ਰੋਜ ਲੈਂਦਾ ਸੁਭਾ ਸ਼ਾਮ ਰਾਜਾ। ਛਿੱਨ ਛਿੱਨ ਮਗਰੋਂ ਲੈਂਦਾ ਸਾਰ ਗੁਰ ਕੀ ਸੇਵਾ ਵਿਚ ਰੈਂਹਦਾ ਆਠੋ ਜਾਮ ਰਾਜਾ। ਰਗੜੇ ਲਗਦੇ ਸੁਭਾ ਤੇ ਸ਼ਾਮ ਵੇਲੇ ਨਿਕੀ ਲਾਚੀ ਵਾ ਮਗਜ਼ ਬੀਦਾਮ ਰਾਜਾ। ਦੁਧ ਭੋਜਨ ਜੋ ਵਕਤ ਦੇ ਨਾਲ ਭੇਜੇ ਪੂਰਨ ਰੱਖਦਾ ਜੋ ਇੰਤਜਾਮ ਰਾਜਾ। ਇਕ ਮਾਹ ਸੰਤਾਂ ਓਥੇ ਕਟਿਆ ਜੇ ਪਾਯਾ ਹੱਦ ਤੋਂ ਪਰੇ ਅਰਾਮ ਰਾਜਾ। ਇਕ ਮਾਹ ਦੇ ਬਾਦ ਕ੍ਰਿਪਾਲੂ ਆਂਦਾ ਹੋਯਾ ਚਿੱਤ ਜੇ

ਓਥੋਂ ਉਪ੍ਰਾਮ ਰਾਜਾ।ਟੇਕਸਿੰਘਨੂੰ ਆਪ ਮਹਾਰਾਜਕੈਂਹਦੇ ਏਥੋਂ ਚਲੀਏ ਅਸਾਂ ਨੂੰ ਕਾਮ ਰਾਜਾ। ਅਸੀਂ ਜਾਵੀਏ ਦੇਹ ਨੂੰ ਤਿਯਾਗਨਾ ਹੈ ਕਰਨਾ ਕੂਚ ਦਾ ਅਸਾਂ ਮੁਕਾਮ ਰਾਜਾ। ਅੰਤ ਛੱਡ ਕੇ ਵੰਞਨਾ ਕੁਲ ਨੇ ਜੀ ਚੋਲਾ ਛੱਡ ਗਏ ਜਨਕ ਤੇ ਰਾਮ ਰਾਜਾ। ਬਿਨਾ ਬੰਦਗੀ ਭੋਜਨ ਨਾ ਮੂਲ ਛਕਨਾ ਬਿਨਾ ਬੰਦਗੀ ਖਾਨ ਹਰਾਮ ਰਾਜਾ। ਧਨ ਮਾਲ ਨਾ ਪੁਤ ਬਿਨ ਕੰਮ ਆਵੇ ਲੂਨ ਬਾਝ ਸੁਆਦ ਨਾ ਤੁਆਮ ਰਾਜਾ। ਬਿਨ ਬੰਦਗੀ ਕਿਸੇ ਨਾ ਅਰਥ ਦੇਹੀ ਬਾਲ਼ ਸੁਟੀਏ ਹੱਡ ਤੇ ਚਾਮ ਰਾਜਾ।।ਚੁਗਲੀ ਨਿੰਦਿਯਾ ਛੱਡਕੇ ਭਜਨ ਕਰਨਾ ਯਾਦ ਅਸਾਂ ਦੀ ਰਖੀਂ ਕਲਾਮ ਰਾਜਾ। ਬਿਨਾ ਦਰਬ ਤੋਂ ਏਥੇ ਨਾ ਮਿਲੇ ਸੌਦਾ ਓਥੇ ਮਿਲੇ ਨਾਹੀਂ ਬਿਨਾ ਦਾਮ ਰਾਜਾ। ਦਾਮ ਰਖ ਤੂੰ ਏਥੇ ਹਰਨਾਮ ਵਾਲੇ ਅਗੇ ਕਰਨਗੇ ਕੁਲ ਸਲਾਮ ਰਾਜਾ।।ਸ਼ਾਹ ਸਚੇ ਓਹ ਜਿਨਾ ਦੇ ਨਾਮ ਪਲੇ ਜਾਂਦੇ ਖਾਸ ਓਹ ਗੁਰੂਕੇ ਧਾਮ ਰਾਜਾ। ਪਿਆ ਹੋਵੇ ਅਗੰਮ ਦਾ ਸਬਦ ਓਥੇ ਜੇਹੜੇ ਨਾਮ ਤੋਂ ਹੋਏ ਨੀਲਾਮ ਰਾਜਾ। ਮਧਮ ਸਾਰੰਗੀ ਤੂਸ ਹਰਮੋਨੀਆਂ ਭੀ ਮਾਤ ਓਸਦੇ ਅਗੇ ਤਮਾਮ ਰਾਜਾ। ਵਾਜਾ ਓਸਦੇ ਜੇਹਾ ਨਾ ਵਿਚ ਦੁਨੀਆ ਜੇਹੜਾ ਵਜ ਰੇਹਾ ਆਠੋ ਜਾਮ ਰਾਜਾ।ਕਰੀਂ ਕਦੇ ਹੰਕਾਰ ਤਕਬਰੀ ਨਾ ਨਹੀਂ ਤਾਂ ਪਕੜ ਲੈ ਜਾਨਗੇ ਜਾਮ ਰਾਜਾ। ਨਿਰਧਨ ਜੋ ਹੋਵੇ ਧਨਾਢ ਬਹੁਤਾ ਝੌਦੇ ਵਿਗੜਦਾ ਗਲ ਹੈ ਆਮ ਰਾਜਾ।।ਸਿਊਨੇ ਬਾਝ ਨਾ ਸ਼ੀਂਹਨੀ ਦਾ ਦੁਧ ਠੈਰੇ

ਕਿਤੇ ਬੁਧ ਨਾ ਕਰ ਬਹੀਂ ਖਾਮ ਰਾਜਾ। ਸਾਧ ਸੰਤ ਨੂੰ ਦੇਖ ਕੇ ਚਰਨ ਫੜਨੇ ਮਤੇ ਝਾਕ ਦਾ ਰਹੈਂ ਤੂੰ ਲਾਮ੍ਹ ਰਾਜਾ। ਬੂਟਾ ਸਿੰਘ ਕਹੇ ਸਤਗੁਰੂ ਦੇਨ ਮਤਾਂ ਯਾਦ ਰਖੀਂ ਏਹ ਕੁਲ ਤਮਾਮ ਰਾਜਾ।

ਵਾਕ ਰਾਜਾ ਟੇਕ ਸਿੰਘ ਕਾ

ਰਾਜਾ ਆਖਦਾ ਗੁਰੂ ਉਪਦੇਸ਼ ਦੇਵੇਂ ਮੈਨੇ ਕਦੇ ਹੰਕਾਰ ਨੂੰ ਲਿਆਵਨਾ ਕੀ। ਇਕ ਵਾਰ ਜੋ ਗੁਰੂ ਜੀ ਮ੍ਰਿਤ ਹੋਯਾ ਪਰਤ ਓਸਨੈ ਦੇਸ ਤੇ ਆਵਨਾ ਕੀ। ਰਹੀ ਹੰਗਤਾ ਗੁਰੋ ਨਾ ਵਿਚ ਮੇਰੇ ਮੈਨੇ ਵਿਸ਼ਾ ਵਿਕਾਰ ਕਮਾਂਵਨਾ ਕੀ। ਰਹਾਂ ਸੰਤਾਂਦੇ ਚਰਨਾ ਦੀ ਧੂੜ ਹਰਦਮ ਉਛਾਮੁੜਨੇ ਵਾਕ ਅਲਾਵਨਾ ਕੀ। ਮਨ ਮੂੜ ਦਾ ਹੋਯਾ ਮਨੂਰ ਵਾਂਗੂੰ ਦਸ ਏਸਨੇ ਲੋਹਾ ਹੋ ਜਾਵਨਾ ਕੀ। ਚਿਤਧਰਤ ਦੇ ਵਿਚਹੈ ਅਸਲ ਲੋਹਾ ਮਾਰ ਮਾਰ ਕਪਾਹ ਬਨਾਵਨਾ ਕੀ। ਜੇਹੜੇ ਧਰਮ ਦੀ ਪਹੁੰਚ ਗਏ ਖਾਸ ਮਜਲਸ ਓਹਨਾ ਪੁਰਸ਼ਾਂ ਨੂੰ ਕਿਸੇ ਭੁਲਾਵਨਾ ਕੀ। ਗੁਰੋ ਕ੍ਰਿਪਾ ਹੈ ਤੁਧ ਦੀ ਮੁਝ ਉਤੇ ਮੈਨੇ ਝੂਠ ਫਰੇਬ ਕਮਾਵਨਾ ਕੀ। ਸੰਤਾਂ ਅਗੇ ਨਾ ਰਾਵ ਤੇ ਰੰਕ ਸੁਆਮੀ ਸਿਖੇ ਹੋਏ ਨੂੰ ਕਿਸੇ ਸਿਖਾਵਨਾ ਕੀ। ਕਰਾਂ ਕਦੇ ਤਕਬਰੀ ਜੀਂਵਦਾ ਨਾ ਸੌਣ ਸਮੇਂ ਹੰਕਾਰ ਨੂੰ ਲਿਆਵਨਾ ਕੀ। ਰੈਸਾਂ ਸੰਤਾਂ ਦਾ ਸਦਾ ਗੁਲਾਮ ਸਤਗੁਰ ਤੁਸਾਂ ਸਾਮ੍ਹਨੇ ਝੂਠ ਅਲਾਵਨਾ ਕੀ। ਬ੍ਰਹਮਾ ਬਿਸ਼ਨ ਜੋ ਆਪ ਭਗਵਾਨ ਰੋਕੇ ਮੁਖ ਸੰਤਾਂ ਤੋਂ ਮੁੜ ਭੁਆਵਨਾ ਕੀ। ਦੇਵਨੇਤ

ਨੂੰ ਰੋਕਸਾਂ ਇਕ ਵਾਰੀ ਪਾਸਾ ਸੰਤਾਂ ਤੋਂ ਮੁੜ ਪ੍ਰਤਾਵਨਾ ਕੀ। ਬਹੁਤਾ ਹੋਰ ਕੀ ਕਹਾਂ ਮੈਂ ਮੁਖ ਵਿਚੋਂ ਅਗੇ ਸੰਤਾਂ ਦੇ ਸੀਸ ਅਟਕਾਵਨਾ ਕੀ। ਬੂਟੰ ਸਿੰਘਾ ਜੋ ਕੈਹਨਗੇ ਸੰਤ ਮੈਨੂੰ ਕਰਸਾਂ ਝੱਟ ਮੈਂ ਡੇਰ ਨੂੰ ਲਾਵਨਾ ਕੀ।

### ਵਾਕ ਬਾਵੇ ਪ੍ਰੀਤਮ ਦਾਸ ਕਾ

ਪ੍ਰੀਤਮ ਦਾਸ ਕੈਂਹਦਾ ਸੁਣੀ ਸਿੱਖ ਸਾਡੇ ਤੇਰੀ ਵਾਂਗ ਹੰਕਾਰੀਆਂ ਡੋਲ ਰਾਜਾ। ਧਰਮੀ ਨਾਮ ਤੇ ਜੁਲਮ ਤੇ ਲੱਕ ਬੰਨੇਂ ਪੂਰਾਤੋਲਨਾਂ ਤੈਨੇ ਨਾ ਤੋਲ ਰਾਜਾ॥ ਰੱਲਾਂਕਰਨੀਆਂ ਬਹੁਤ ਸੁਖਾਲੀਆਂ ਨੇ ਔਖੇ ਸਿਰੇ ਚੜ੍ਹਾਵਨੇ ਬੋਲ ਰਾਜਾ। ਹੰਕਾਰੀ ਹੋਇਕੇ ਸੰਤਾਂ ਤੋਂ ਮੁਖ ਮੋੜੇਂ ਸਾਰੀਵਾਰਤਾ ਦਸੀਏ ਫੋਲ ਰਾਜਾ। ਹੋਰ ਚੋਲੇ ਮੇਂ ਤੁਧ ਨੂੰ ਪ੍ਰਖਸਾਂ ਮੈਂ ਤੇਰੇ ਧਰਮ ਨੂੰ ਲਵਾਂਗੇ ਟੋਲ ਰਾਜਾ। ਸਰੂਪ ਦਾਸ ਦੇ ਵਿੱਚ ਏਹ ਜੋਤ ਧਰਕੇ ਅਸੀਂ ਫੇਰ ਆਈਏ ਤੇਰੇ ਕੋਲ ਰਾਜਾ। ਕਰਾਮਾਤ ਕੁਲ ਸ੍ਰਿਸ਼ਟੀ ਕੀ ਵਿਚ ਉਨਕੇ ਸਾਡਾ ਖਾਸ ਸਰੂਪ ਓਹ ਟੋਲ ਰਾਜਾ। ਸੁਤ ਨਹੀ ਮੇਰਾ ਓਹ ਕਰਤਾਰ ਜਾਂਣੀਂ ਗੱਲ ਦਸਨੀ ਅਸਾਂ ਨਾ ਗੋਲ ਰਾਜਾ॥ ਬਚਨ ਮੰਨੇ ਨਾ ਜਾਨਗੇ ਤੈਥੋਂ ਸਾਡੇ ਤੈਨੂੰ ਦਸ ਦਿਆਂ ਗੱਲ ਫਰੋਲ ਰਾਜਾ। ਸਾਡੇ ਸੁਤ ਨੂੰ ਬੋਲੇਂਗਾ ਬਚਨ ਮਾੜੇ ਹਾਸੀ ਮਸ਼ ਕਰੀ ਖੋਟੇ ਕਲੋਲ ਰਾਜਾ। ਚਿੱਪੀ ਵਿੱਚ ਪਾ ਲੈਨ ਸੁਹਾਗ ਤੇਰਾ ਤੇਰੇ ਸੁਨਕੇ ਬੋਲ ਕਬੋਲ ਰਾਜਾ। ਫਿ[illegible] ਓਹਨਾ ਸੁਹਾਗ ਨੂੰ ਚੱਕ ਲੈਨਾ ਤੇਰੇ ਰਾਜ ਨੂੰ ਦੇਨਗੇ ਘੋਲ ਰਾਜਾ॥

ਸੁਹਾਗ ਓਨਾਂ ਬਿਆਸਾ ਨੂੰ ਜਾਇ ਦੇਨੀ ਜੇਹੜਾ ਵਗ ਰਿਹਾ ਤੇਰੇ ਕੋਲ ਰਾਜਾ। ਅਗੋਂ ਪਿੱਛੇ ਏਹ ਵਗੇ ਸੁਹਾਗ ਤੇਰੀ ਤੇਰੇ ਪਾਸ ਰੇਤਾ ਸੁੱਕਾ ਟੋਲ ਰਾਜਾ। ਨਾਲੇ ਦੇਣ ਸਰਾਪ ਏਹ ਉਜੜੇਗੀ ਵਾਕ ਸੰਤਾਂ ਦੇ ਸਦਾ ਅਮੋਲ ਰਾਜਾ। ਤੇਰਾ ਪਿੰਡ ਵਸੇ ਕਦੇ ਉਜੜ ਜਾਸੀ ਖੇਤੀ ਬਾਝ ਜਾਸਨ ਲੋਕ ਡੋਲ ਰਾਜਾ। ਪਾਣੀ ਬਾਝ ਨਾ ਖੇਤੀਆਂ ਕਦੇ ਹੋਵਨ ਤੈਨੂੰ ਬੋਲ ਦਿਤਾ ਵਾਂਗ ਢੋਲ ਰਾਜਾ। ਹੋਸੀ ਵਾਂਗ ਜਨਮੇਜੇ ਜਿਉਂ ਨਾਲ ਤੇਰੇ ਗਲ ਸਿਖ ਕਰਕੇ ਦਿੱਤੀ ਖੋਲ ਰਾਜਾ। ਫੇਰ ਤਾਵਸੇਂ ਪਛੋ ਤੂੰ ਬਹੁਤ ਭਾਰੀ ਫੁੱਟੇ ਹੀਰੇ ਦਾ ਮਿਲੇ ਨਾ ਮੋਲ ਰਾਜਾ। ਫੇਰ ਅਗਾਂ ਦੀ ਓਨਾਂ ਤੋਂ ਪੁਛ ਲਈਂ ਗੱਲ ਅਸਾਂ ਦੱਸੀ ਤੈਨੂੰ ਝੋਲ ਰਾਜਾ। ਬੂਟੇ ਸਿੰਘਾ ਬਾਵਾ ਪ੍ਰੀਤਮ ਦਾਸ ਕੈਂਹਦਾ ਅਗੇ ਰੱਬ ਦੀ ਗਲ ਹੈ ਗੋਲ ਰਾਜਾ।

## ਵਾਕ ਰਾਜਾ ਟੇਕ ਸਿੰਘ

ਆਜਜ਼ ਹੋਇਕੇ ਰਾਜੇ ਨੇ ਹੱਥ ਬਧੇ ਖੋਟੇ ਵਾਕ ਨਾ ਮੈਨੂੰ ਉਚਾਰ ਸਤਗੁਰ। ਨੇਮ ਖਾਸ ਭਗਵਾਨ ਦੀ ਮੁਝ ਤਾਂਈ ਕਰਾਂ ਸੰਤਾਂ ਦੇ ਨਾਲ ਹਿਤਕਾਰ ਸਤਗੁਰ। ਜੋਰੂ ਜ਼ਰ ਜਮੀਨ ਨੂੰ ਖਾਕ ਜਾਣਾਂ ਹੋਵਾਂ ਸਾਧੂਆਂ ਉਤੋਂ ਬਲਹਾਰ ਸਤਗੁਰ। ਤੇਰਾ ਪੂਤ ਸਪੂਤ ਹੈ ਗੁਰੂ ਮੇਰਾ ਸਰੂਪ ਦਾਸ ਗੁਰ ਨੂੰ ਨਿਮਸਕਾਰ ਸਤਗੁਰ। ਸਰੂਪ ਦਾਸ ਨੂੰ ਗੱਦੀ ਹੈ ਤੁਸਾਂ ਦੇਣੀ ਏਸ ਗੱਦੀ ਤੋਂ ਮੈਂ ਬਲਹਾਰ ਸਤਗੁਰ।

ਪੁਤਰ ਪੋਤਰਿਆਂ ਤਾਂਈ ਸਮਝਾਵਸਾਂ ਮੈਂ ਇਸ ਗੱਦੀ ਦੇ ਮੰਨਣੇ ਹਾਰ ਸਤਗੁਰ। ਸਿਖ ਅਸੀ ਹਾਂ ਮੁੱਢ ਦੇ ਤੇਰੇ ਘਰ ਦੇ ਸਾਡਾ ਕੀਤਾ ਜੇ ਆਪ ਉਧਾਰ ਸਤਗੁਰ। ਮੈਨੂੰ ਸਿਖੀ ਦੇ ਦਾਨ ਦੀ ਲੋੜ ਆਹੀ ਤੁਸਾਂ ਬਖਸ਼ਿਆ ਬਖਸ਼ਨੇਹਾਰ ਸ-ਤਗੁਰ। ਸੰਤਾਂ ਵਾਸਤੇ ਕੋਠੀਆਂ ਪਾਵਸਾਂ ਮੈਂ ਖੂਹੇ ਕਰਾਂਗਾ ਕਈ ਤਿਯਾਰ ਸਤਗੁਰ। ਖੋਟਾ ਕਰਮ ਕੀ ਟੈਹਲੂਆ ਕਰੇ ਤੇਰਾ ਸੁਨ ਸੁਨ ਕੇ ਦਾਸ ਲਚਾਰ ਸਤਗੁਰ। ਬਾਰ ਬਾਰ ਮੈਂ ਸੌਂਹ ਸੁਗੰਧ ਚੱਕਾਂ ਨਹੀਂ ਸੰਤਾਂ ਤੋਂ ਮੇਰੀ ਇਨਕਾਰ ਸਤਗੁਰ। ਐਸੇ ਕਰਮ ਨਾ ਮੁਝ ਨੇ ਕਦੇ ਕਰਨੇ ਜੇਹੜੇ ਦੱਸੇ ਜੇ ਹੁਨ ਬਿਚਾਰ ਸਤਗੁਰ। ਚਰਨ ਧੂੜ ਮੈਂ ਸਾਧੂਆਂ ਸਾਰਿਆਂ ਦੀ ਲੈਣ ਵਾਸਤੇ ਰਹਾਂ ਤਿਯਾਰ ਸਤਗੁਰ।ਐਪਰ ਤੁਧ ਦੇ ਪੁਤਰ ਨੂੰ ਗੁਰੂ ਜਾਣਾਂ ਕਰਾਂ ਓਸਨੂੰ ਨਹੀਂ ਇਨਕਾਰ ਸਤਗੁਰ। ਦੇਵ ਨੇਤ ਜੇ ਮਾਰ ਜਾਏ ਸਤਗੁਰੋ ਜੀ ਵਰਤ ਜਾਇ ਨਾਹੀਂ ਹੋਣ ਹਾਰ ਸਤਗੁਰ। ਬੂਟਾ ਸਿੰਘ ਰਾਜਾ ਆਖੇ ਦਾਸ ਹਾਂ ਮੈਂ ਮੁਝ ਗਰੀਬ ਉਤੇ ਮੇਹਰ ਧਾਰ ਸਤਗੁਰ।

### ਵਾਕ ਬਾਵਾ ਪ੍ਰੀਤਮ ਦਾਸ

ਬਾਵਾ ਰਾਜੇ ਨੂੰ ਆਖਦਾ ਚੁਪ ਕਰ ਜਾ ਮਕਰ ਹੋਰ ਫਰੇਬ ਖਲਾਰ ਨਾਹੀਂ। ਕਸਮ ਪਾਪੀ ਅਪਰਾਧੀ ਚਾ ਜਾਨ ਕੂੜੀ ਮੈਨੂੰ ਤੁਧ ਤੇ ਕੁਝ ਇਤਬਾਰ ਨਾਹੀਂ। ਝੂਠੇ ਪੁਰਸ਼ ਲਾਖਾਂ ਕਸਮਾਂ ਚੁਕ ਜਾਂਦੇ ਝੂਠੇ ਵੇਦ ਏਹ ਜਾਣੀਏਂ

ਚਾਰ ਨਾਹੀਂ। ਸਰੂਪ ਦਾਸ ਬਾਵੇ ਦੀ ਤੂੰ ਕਰੇਂ ਹਾਂਨੀ ਕਰ ਨਾ ਤੁਸਾਂਨੇ ਮੂਲੋਂ ਪਿਆਰ ਨਾਹੀਂ। ਦੇਵਨੇਤ ਸਾਨੂੰ ਰਾਜਾ ਨਜਰ ਆਵੇ ਬਨਨਾਂ ਤੁਸਾਂ ਨੇ ਤਾਬਿਆ ਦਾਰ ਨਾਹੀਂ। ਕਰਕੇ ਹਾਨੀ ਤੇ ਮੇਹਰ ਤੂੰ ਲੋੜਨਾਏਂ ਤੈਨੂੰ ਗਿਆਨ ਬਿਬੇਕ ਵਿਚਾਰ ਨਾਹੀਂ। ਹੋਣੀ ਰੋਕੀ ਨਾ ਜਾਏ ਪਿਕੰਬਰਾਂ ਤੋਂ ਐਵੇਂ ਹਠ ਹੰਕਾਰ ਨੂੰ ਧਾਰ ਨਾਹੀਂ। ਦੇਵਨੇਤ ਏਹ ਵਰਤੇਗੀ ਨਾਲ ਤੇਰੇ ਰਾਜਾ ਤੁਝ ਦੇ ਕੁਝ ਅਖਤਿਯਾਰ ਨਾਹੀਂ। ਪੁਤਰ ਪੋਤਿਆਂ ਤਾਂਈ ਕੀ ਹਟਕ ਮਰਸੇਂ ਹੋਨਾ ਤੈਨੇ ਹੀ ਤਾਬਿਆ ਦਾਰ ਨਾਹੀਂ। ਦੇਵਨੇਤ ਨੂੰ ਰਖੀਂ ਤੂੰ ਯਾਦ ਰਾਜਾ ਸਾਡੀ ਗੱਲ ਨੂੰ ਦੇਈਂ ਵਿਸਾਰ ਨਾਹੀਂ। ਹੋਣ ਹਾਰ ਨਾ ਟਲੇਗੀ ਮੂਲ ਰਾਜਾ ਐਵੇਂ ਚੱਕ ਤੂੰ ਨੇਮ ਹਜਾਰ ਨਾਹੀਂ। ਐਸੀ ਨੀਚ ਚੰਡਾਲ ਨਾ ਕਰਨ ਪਾਪੀ ਦੇਂਦੇ ਗੁਰਾਂ ਨੂੰ ਕਦੇ ਧੁਰਕਾਰ ਨਾਹੀਂ। ਗੁਰਾਂ ਤਾਂਈ ਤੂੰ ਦੂਰੋਂ ਧੁਰਕਾਰ ਦੇਸੇਂ ਏਦੋਂ ਵਧਕੇ ਹੋਰ ਅਪਕਾਰ ਨਾਹੀਂ। ਵਰਤਮਾਨ ਨਾ ਰੋਕੀ ਏਹ ਮੂਲ ਜਾਂਦੀ ਟਲ ਸਕੇ ਰਾਜਾ ਹੋਣ ਹਾਰ ਨਾਹੀਂ। ਰਿਸ਼ੀ ਮੂਨੀ ਕੁਲ ਭਾਵੀ ਨੇ ਬੰਨ ਟੋਰੇ ਅਗੇ ਭਾਵੀ ਦੇ ਕਿਸੇ ਦੀ ਠਾਹਰ ਨਾਹੀਂ। ਜਿਨਾ ਵਾਸਤੇ ਕਰੇਂ ਏਹ ਪਾਪ ਪਾਪੀ ਕੋਈ ਵਿਚ ਪ੍ਰਲੋਕ ਦੇ ਯਾਰ ਨਾਹੀਂ। ਪ੍ਰੀਤਮ ਦਾਸ ਬਾਵਾ ਕੈਂਹਦੇ ਸੁਨੋ ਰਾਜਾ ਓਸ ਰੱਬ ਵਾਲਾ ਪਾਰ ਵਾਰ ਨਾਹੀਂ। ਬੂਟਾ ਸਿੰਘ ਕੈਂਹਦਾ ਹੋਣੀ ਕੁਲ ਉਤੇ ਪੀਰ ਵਲੀ ਓਹ ਛਡੇ ਅਵਤਾਰ ਨਾਹੀਂ।

## ਵਾਕ ਰਾਜਾ ਟੇਕ ਸਿੰਘ ਕਾ

ਰਾਜਾ ਟੇਕ ਸਿੰਘ ਜੋੜਕੇ ਹੱਥ ਆਖੇ ਹੋਣ ਹਾਰ ਹੋਈ ਕਿਸਦੇ ਨਾਲ ਬਾਵਾ। ਹੋਣੀ ਖਾਨ ਵਾਲੀ ਕੋਈ ਚੀਜ਼ ਹੋਸੀ ਇਕੇ ਆਲੂ ਵੜੀਆਂ ਹੋਸੀ ਦਾਲ ਬਾਵਾ। ਭਾਵੀ ਭਾਵੀ ਤੁਸੀਂ ਬਾਰ ਬਾਰ ਆਖੋ ਕਿਸੇ ਡਿਠੀ ਨਾ ਅਖੀਂਆਂ ਨਾਲ ਬਾਵਾ। ਭਾਵੀ ਖਾਨਵਾਲੀ ਅਕੇ ਪੀਨਵਾਲੀ ਪੈਹਨ-ਨ ਵਾਲੜੀ ਮੇਰਾ ਸਵਾਲ ਬਾਵਾ। ਜਿਸ ਕੰਮ ਆਵੇ ਭਾਵੀ ਦਸ ਸਾਂਈਆਂ ਬੁਢਾ ਜੁਬਾ ਕੇ ਉਮਰ ਦੀ ਬਾਲ ਬਾਵਾ। ਇਕੇ ਤੰਬੂ ਕਨਾਤ ਤੇ ਟਾਲੀਆਂ ਮੇਂ ਭਾਵੀ ਵਸਦੀ ਮੇਰਾ ਖਿਆਲ ਬਾਵਾ। ਦਹੀਂ ਭੱਲੇ ਭੁਜੀ ਬੂੰਦੀ ਚਟਨੀ ਹੈ ਐਵੇਂ ਲੋਕਾਂਨੇ ਮਿਥੀਏ ਗਾਲ ਬਾਵਾ। ਜਿੰਨਭੂਤ ਯਾ ਦੇਉ ਪਰੇਤ ਕ੍ਰੀੜਾ ਰੂਪ ਰੰਗ ਕੀ ਹੋਣੀ ਦਾ ਹਾਲ ਬਾਵਾ। ਖੱਟੀ ਕਾਲੀ ਬਿਦਾਮੀ ਅਸਮਾਨ ਵਾਂਙੂ ਹੋਣੀ ਰੰਗ ਦੀ ਕੈਸੀ ਹੈ ਲਾਲ ਬਾਵਾ। ਹੋਣੀ ਬਾਦਸ਼ਾਹ ਸ਼ਾਹਾਂ ਦੇ ਕੋਲ ਰੈਂਹਦੀ ਇਕੇ ਵਸਦੀ ਕੋਲ ਕੰਗਾਲ ਬਾਵਾ। ਨਰਮ ਤਬਾ ਕੇ ਸਰਦ ਸੁਭਾ ਵਾਲੀ ਯਾਕੇ ਹੈਗੀ ਹੈ ਕ੍ਰੋਧ ਚੰਡਾਲ ਬਾਵਾ। ਓਹਦਾ ਖਾਸ ਅਸਥਾਨ ਮਕਾਨ ਕਿਥੇ ਮੈਨੂੰ ਦਸ ਤੂੰ ਮੇਰੇ ਵਿਸ ਪਾਲ ਬਾਵਾ। ਮੈਥੋਂ ਜਬਰ ਕੇ ਨਰਮ ਮਹਾਰਾਜ ਮੇਰੇ ਮੈਨੂੰ ਦਸਦੇ ਪਰਮ ਦਿਯਾਲ ਬਾਵਾ। ਕਿਸੇ ਤਰਾਂ ਏਹ ਰੋਕੀ ਜੋ ਰਹੇ ਮੈਥੋਂ ਏਨੂੰ ਨਾਲ ਤਦਬੀਰ ਦੇ ਟਾਲ ਬਾਵਾ। ਆਪ ਪਰਮ ਕ੍ਰਿਪਾਲ ਦਿਯਾਲ ਹੋਕੇ ਏਸ ਹੋਣੀ ਦਾ ਟਾਲ ਜੇ-

ਜਾਲ ਬਾਵਾ। ਜਿਨਾਂ ਗੁਰਾਂ ਤੋਂ ਮੋੜਿਆ ਮੁਖ ਸਾਂਈ ਕਾਲਾ ਮੂੰਹ ਓਹ ਨੀਚ ਚੰਡਾਲ ਬਾਵਾ। ਇਸ ਹੋਣੀ ਤੋਂ ਰਖਿਆ ਕਰੋ ਮੇਰੀ ਧੰਨ ਧੰਨ ਤੂੰ ਕ੍ਰਿਸ਼ਨ ਗੋਪਾਲ ਬਾਵਾ। ਬੂਟਾ ਸਿੰਘ ਕਹੇ ਰਾਜੇ ਨੇ ਚਰਨ ਫੜ ਲਏ ਅਗੇ ਦਸਦੇ ਗੁਰੂ ਕ੍ਰਿਪਾਲ ਬਾਵਾ।

### ਵਾਕ ਬਾਵਾ ਪ੍ਰੀਤਮ ਦਾਸ

ਇਸ ਹੋਣੀ ਨੇ ਰਾਵ ਤੇ ਰੰਕ ਡੰਗੇ ਕਰੇ ਸੂਰਮੇਂ ਧਰਮੀ ਖ਼ੁਆਰ ਰਾਜਾ। ਇੰਦ੍ਰ ਛੱਡ ਕੇ ਪਰੀਆਂ ਅਪਛੱਰਾਂ ਨੂੰ ਭੋਗੀ ਚਾਹੁੰਦਾ ਗੋਤਮ ਦੀ ਨਾਰ ਰਾਜਾ । ਸਹੰਸਰ ਭਗ ਹੋਏ ਰਾਜੇ ਇੰਦ੍ਰ ਤਾਂਈ ਰੁਧਰ ਪਾਕ ਦੇ ਚਿਹਨ ਅਪਾਰ ਰਾਜਾ। ਹੂਰਾਂ ਛੱਡ ਅਹਿਲਿਆ ਵਲ ਜਾਵੇ ਭਾਵੀ ਇਸ ਨੂੰ ਲਈਂ ਵਿਚਾਰ ਰਾਜਾ। ਹਰੀ ਚੰਦ ਨੇ ਦਸ ਕੀ ਪਾਪ ਕੀਤਾ ਪੁੰਨ ਕਰਦਿਆਂ ਆਗਈ ਹਾਰ ਰਾਜਾ।ਭਜਨ ਕਰਦੇ ਨੂੰ ਭਾਵੀ ਭੁਚਾਲਪਾਯਾ ਵਿਕਿਯਾ ਜਾਇਕੇ ਕਾਂਸ਼ੀਬਜਾਰਬਾਵਾ।ਪੁਤ੍ਰ ਇਸਤ੍ਰੀ ਘਰ ਬਰਬਾਦ ਹੋਯਾ ਭਾਵੀ ਕੀਤੇ ਸਨ ਰਾਜ ਤੋਂ ਬਾਹਰ ਰਾਜਾ। ਇਕ ਨਾਲ ਨਾ ਇਕ ਇਸ ਰਲਨ ਦਿਤੇ ਅਡ ਅਡ ਕਰਕੇ ਕੀਤੇ ਖ਼ੁਆਰ ਰਾਜਾ। ਦੇਵਨੇਤ ਵਰਤੀ ਨਾਲ ਭਗਤਪੂਰਨ ਮਾਤਾ ਲੂਣਾਂਨੂੰ ਰਿਹਾ ਪੁਕਾਰ ਰਾਜਾ ।ਕੀ ਵੈਰਸੀ ਪੂਰਨ ਦਾ ਨਾਲ ਲੂਣਾਂ ਹੱਥ ਪੈਰਹੋਗਏ ਫ-ਰਾਰ ਰਾਜਾ। ਰਾਮ ਚੰਦਰ ਕਕਈ ਦਾ ਵੈਰ ਨਾਹੀਂ ਭਾਵੀ ਟੋਰੇ ਬਨਬਾਸ ਅਵਤਾਰ ਰਾਜਾ।ਚੌਦਾਂ ਬਰਸ ਬਨਬਾਸ ਨੂੰ

ਰਾਮ ਭੋਗੀ ਜੇਹੜਾ ਸ੍ਰਿਸ਼ਟੀਦਾ ਆਪ ਅਧਾਰ ਰਾਜਾ। ਧ੍ਰਹ ਪਾਵੇਮੁਸੀਬਤਾਂ ਉਮਰਛੋਟੀ ਫਿਰੇ ਜੰਗਲੀਂਭਜਿਆਬਾਰੈ ਰਾਜਾ। ਰਾਜਾ ਭੋਜ ਸੀ ਸ਼ਾਨ ਤੇ ਮਾਨ ਵਾਲਾ ਭਾਵੀ ਖੋਤਾ ਕਰ ਕੀਤਾ ਖੁਆਰ ਰਾਜਾ।ਗੋਪੀ ਚੰਦ ਤੇ ਭਰਥਰੀ ਰਾਜਿ- ਆਂ ਨੂੰ ਭਾਵੀ ਭੀਖ ਮੰਗਾਂਵਨੇ ਹਾਰ ਰਾਜਾ । ਛੈਲ ਪ੍ਰਤ ਯਕੂਬ ਦਾ ਜਾਨ ਯੂਸਫ ਹੋਯਾ ਕੈਦ ਦੇ ਵਿਚ ਗਿਰਫਤਾਰ ਰਾਜਾ। ਠਾਰਾਂ ਖੂਹਨੀਆਂ ਕੈਰਵ ਤੇ ਹੋਏ ਪਾਂਡਵ ਨਸ਼ਟ ਹੁੰਦਿਆਂ ਲਗੀ ਨ ਵਾਰ ਰਾਜਾ। ਰਾਜੇ ਬਲ ਨੂੰ ਛੱਲਿਆ ਵਾਵਨੇ ਨੇ ਭਾਵੀ ਬੜੀ ਅਮੇਟ ਵੀਚਾਰ ਰਾਜਾ।ਪਰਸਰਾਮ ਨੂੰ ਭਾਵੀ ਨੇ ਦੁਖ ਦਿਤਾ ਸਾਰਾ ਬਲ ਹੋਗਿਯਾ ਫਰਾਰ ਰਾਜਾ। ਅਜ ਰਾਜੇ ਨੂੰ ਭਾਵੀ ਪਰੇਰ ਲੀਤਾ ਲਿੱਦ ਸਾਧ ਨੂੰ ਖੈਠਾ ਜੇ ਡਾਰ ਰਾਜਾ।ਲਿੱਦ ਖਾਵਨੀ ਪਈ ਪ੍ਰਲੋਕ ਅੰਦਰ ਰੋਇ ਰੋਇ ਕੇ ਕਰੇ ਪੁਕਾਰ ਰਾਜਾ । ਦਹਿਸਰ ਰੋਂਵਦਾ ਲੰਕ ਗਵਾਇਕੇ ਤੇ ਘੋਖੇ ਰਾਵਨ ਨੇ ਬੇਦ ਸੀ ਚਾਰ ਰਾਜਾ। ਕੀਤੇ ਭਾਵੀ ਨੇ ਪਾਂਡਵ ਮਜੂਰ ਸਾਰੇ ਜਿਨ ਕੇ ਪਾਸ ਸੀ ਕ੍ਰਿਸ਼ਨ ਮੁਰਾਰ ਰਾਜਾ। ਕੜੀਆਂ ਬਾਲਿਆਂ ਨੂੰ ਦਸ ਕੌਣ ਰੋਕੇ ਜਦੋਂ ਡਿਗਿਆ ਮੈਹਲ ਮੁਨਾਰ ਰਾਜਾ । ਜਨਮੇਜੇ ਭਾਵੀ ਦੇ ਵੱਸ ਹੋ ਘਾਤ ਕੀਤੇ ਬਿਆਸ ਬਰਜਿਆਸੀ ਕਈ ਵਾਰ ਰਾਜਾ। ਬੰਦਾ ਚਾਹੁੰਦਾ ਕੀਤੇ ਤਗਾਦਿਆਂ ਨੂੰ ਪੂਰੇ ਹੋਣ ਨਾ ਦੇਵੇ ਕਰਤਾਰ ਰਾਜਾ।ਕ੍ਰਿਪਨ ਭਾਵੀ ਨੂੰ ਮੰਨਦਾ ਓਸ ਵੇਲੇ ਜਦੋਂ ਡੁਬਦਾ ਕਈ ਹਜਾਰ ਰਾਜਾ।ਦੈਤ ਧਕ੍ਰਤ

ਸਿਸ਼ਪਾਲ ਤੇ ਕੰਸ ਜੈਸੇ ਕੀਤੇ ਭਾਵੀ ਨੇ ਕੁਲ ਅਹਾਰ ਰਾਜਾ। ਤੇਰੇ ਮਥੇ ਦੇ ਵਿਚ ਕੁਲੇਖ ਲਿਖਿਆ ਤਿੰਨ ਕਾਲ ਨਾ ਟਲਨੇ ਹਾਰ ਰਾਜਾ।ਬਾਵਾ ਸ੍ਰੀ ਸਰੂਪ ਜੋ ਦਾਸ ਜਾਹਰ ਬੋਲੇਂ ਬਚਨ ਖੋਟੇ ਤੇਰੀ ਕਾਰ ਰਾਜਾ । ਸਰੂਪ ਦਾਸ ਜੀ ਜਦੋਂ ਕ੍ਰੋਧ ਹੋਇ ਰਾਜ ਤਾਜ ਰਲਸੀ ਵਿਚ ਛਾਰ ਰਾਜਾ । ਤੇਰਾਤਾਨ ਤੇ ਮਾਨ ਨਾਂ ਸ਼ਾਨ ਰੈਸੀ ਹੋਸੇਂ ਪੁਜਕੇ ਤੂੰਖੁਆਰ ਰਾਜਾ। ਫੇਰ ਦੀਨ ਹੋ ਕਰੀਂ ਤੂੰ ਬੇਨਤੀ ਨੂੰ ਮੰਨ ਜਾਨਗੇ ਮੰਨਨੇ ਹਾਰ ਰਾਜਾ।ਸੰਤ ਪਰਮ ਦਿਯਾਲ ਕ੍ਰਿਪਾਲ ਹੁੰਦੇ ਸੰਤ ਸ਼ਾਂਤੀ ਦੇ ਭਰੇ ਭੰਡਾਰ ਰਾਜਾ। ਫੇਰ ਹੋਇ ਕ੍ਰਿਪਾਲ ਓਹ ਬਖਸ਼ ਦੇਸਨ ਤੇਰੀ ਅੰਸ ਦਾ ਨੈਨ ਕੁਮਾਰ ਰਾਜਾ । ਤੇਰਾ ਪੋਤਰਾਮੰਗ ਓਹ ਆਪ ਲੈਸਨ ਫੇਰ ਆਪਤੂੰ ਮੰਨਨੇ ਹਾਰਰਾਜਾ।ਦੇਨਾ ਪੋਤਰਾ ਤੁਸਾਂਮਨਜ਼ੂਰ ਕਰਨਾ ਤੇਰੀ ਬੰਸ ਦਾ ਫੇਰ ਉਧਾਰ ਰਾਜਾ।ਨਾਮ ਪੋਤਰੇ ਤੇਰੇ ਦਾ ਦੱਸ ਦੇਈਏ ਕਿਸ਼ਨ ਦਾਸ ਮਸ਼ਹੂਰ ਸੰਸਾਰਰਾਜਾ।ਚੜ੍ਹਦੇ ਲੈਂਹਦੇ ਤਕ ਨਾਮ ਪ੍ਰਸਿਧ ਹੋਸੀ ਕਰਾਮਾਤ ਦਾ ਹੋਸੀ ਭੰਡਾਰ ਰਾਜਾ। ਗੱਦੀ ਬਾਵਾਸਰੂਪ ਜੋ ਦਾਸ ਦੇਸਨਪ੍ਰੇਮਦਾਸਮਹੰਤਵੀਚਾਰ ਰਾਜਾ। ਪ੍ਰੇਮ ਦਾਸ ਬਾਵਾ ਸੀਤਲਦਾਸ ਜੀਨੂੰ ਸੀਤਲਦਾਸ ਮਹੰਤ ਉਚਾਰ ਰਾਜਾ ।ਸੀਤਲ ਦਾਸ ਦੇ ਸਨ ਗਦੀ ਮਹੰਤ ਪੂਰੇ ਸੰਤੋਖ ਦਾਸ ਜੀ ਵਿਚ ਸੰਸਾਰ ਰਾਜਾ। ਮਨੋਹਰਦਾਸ ਗੁਰਿਆਈ ਨੂੰ ਧਾਰਕੇ ਤੇ ਫੇਰ ਆਣਗੇ ਤੁਧ ਦੇ ਬਾਰ ਰਾਜਾ । ਮਹੰਤ ਖਾਸ ਮਨੋਹਰ ਜੋ ਦਾਸ ਪੂਰੇ ਔਸਨ ਰੂਪ

ਜੋ ਖਾਸ ਕਰਤਾਰ ਰਾਜਾ। ਮਨੋਹਰ ਦਾਸ ਦੇ ਜਾਮੇ ਮੇਂ ਅੰਸ ਤੇਰੀ ਸਾਨੂੰ ਹੋਵਸੀ ਫੇਰ ਦਰਕਾਰ ਰਾਜਾ । ਗੁਲਾਬ ਦਾਸ ਮਹੰਤ ਨੂੰ ਦੇਨ ਗੱਦੀ ਏਹ ਭੀ ਗੱਲ ਦਸੀ ਤੈਨੂੰ ਜਾਹਰ ਰਾਜਾ।ਕਿਸ਼ਨ ਦਾਸ ਜੋ ਤੁਧਦੀ ਅੰਸ਼ ਹੋਸੀ ਕਰਨੀ ਵਾਲੜਾ ਲੋਕ ਵੀਚਾਰ ਰਾਜਾ। ਕਵ ਰਾਜ ਓਦੋਂ ਬੂਟਾ ਸਿੰਘ ਹੋਸੀ ਸਾਇਰੀ ਵਿਚ ਓਹ ਹੋਸੀ ਹੁਸ਼ਿਯਾਰ ਰਾਜਾ । ਕਵਤਾ ਖੋਲਕੇ ਭੀਖਸ਼ਨ ਓਹ ਵਾਕ ਭਰਸੀ ਦੀਰਘ ਗ੍ਰੰਥ ਓਹ ਕਰਸੀ ਤਿਯਾਰ ਰਾਜਾ । ਹੱਟੀ ਹੱਟੀ ਗਲੀ ਕੂਚੇ ਸ਼ੈਹਰ ਅੰਦਰ ਵਿਕਸੀ ਗ੍ਰੰਥ ਓਹ ਦਿਸਾ ਹੀ ਚਾਰ ਰਾਜਾ। ਤੈਨੂੰ ਖੋਲ ਸੁਨਾਇਆ ਵਿਰਤਾਂਤ ਸਾਰਾ ਲਈਂ ਆਪਨੇ ਆਪ ਸੰਭਾਰ ਰਾਜਾ। ਪ੍ਰੀਤਮ ਦਾਸ ਜੀ ਆਖਦੇ ਟੇਕ ਸਿੰਘ ਨੂੰ ਸਿਖ ਜਾਨ ਮੈਂ ਦਸਨੇ ਹਾਰ ਰਾਜਾ। ਬੂਟੇ ਸਿੰਘਾ ਏਨੀ ਆਖ ਟੁਰੇ ਬਾਵਾ ਅਗਲੀ ਗੱਲ ਤੂੰ ਅਗੇ ਉਚਾਰ ਰਾਜਾ॥

ਵਾਕ ਕਵੀ–ਮਹਾਰਾਜ ਟੇਕਸਿੰਘ ਪਾਸੋਂ ਬਾਵੇ ਪ੍ਰੀਤਮ ਦਾਸ ਜੀ ਕਾ ਵਿਦਾ ਹੋਕਰ ਪਾਕ ਪਟਨ ਮੇਂ ਬਾਵੇ ਸਰੂਪ ਦਾਸ ਪਾਸ ਆਵਨਾ ॥

ਸਿਖਿਆ ਦੇਕੇ ਗੁਰੂ ਜੀ ਵਿਦਾ ਹੋਏ ਮੱਥਾ ਟੇਕ ਦਾ ਟੇਕ ਭੂਪਾਲ ਹੈ ਜੀ । ਕੁਲ ਸ਼ੈਹਰ ਤੇ ਭਦ੍ਰ ਟੇਕ ਸਿੰਘ ਦੀ ਹੱਥ ਜੋੜਦੇ ਵਾਂਗ ਕੰਗਾਲ ਹੈ ਜੀ । ਆਖਨ ਗੁਰੂ ਤੁਹਾ ਨੂੰ ਸਦਾ ਚਿੱਤ ਆਵੇ ਮੁਖੋਂ ਬੋਲਦੇ ਦੀਨ ਦਿਯਾਲ ਹੈ ਜੀ।

ਚਾਰ ਸੁਤ ਤੈਨੂੰ ਮਹਾਰਾਜ ਦੇਸੀ ਬਾਵਾ ਜਾਂਦਿਆਂ ਹੋਯਾ ਨਿਹਾਲ ਹੈ ਜੀ। ਵਡੇ ਪੁਤ ਦਾ ਫਤੇ ਸਿੰਘ ਨਾਮ ਰਖੀਂ ਜਿਸਦੇ ਘਰ ਹੋਸੀ ਪੈਦਾ ਲਾਲ ਹੈ ਜੀ। ਫਤੇ ਸਿੰਘ ਦੇ ਘਰੇ ਜੋ ਕਿਸ਼ਨ ਜੰਮੇ ਰੂਪ ਸ਼ਾਨ ਤੇ ਰੰਗ ਕਮਾਲ ਹੈ ਜੀ। ਕਿਸ਼ਨਦਾਸ ਨੂੰ ਕ੍ਰਿਸ਼ਨ ਦਾ ਰੂਪ ਜਾਣੀ ਬਾਲ ਨਹੀ ਓਹ ਆਪ ਗੁਪਾਲ ਹੈ ਜੀ। ਜੈਮਲ ਸਿੰਘ ਰਾਣਾ ਲਾਣਾ ਤਿੰਨ ਹੋਸਨ ਫਤੇ ਸਿੰਘ ਦਾ ਲਵਾਂਗੇ ਬਾਲ ਹੈ ਜੀ। ਚਾਰੇ ਕੁਵਰ ਤੇਰੇ ਸੂਰਬੀਰ ਹੋਸਨ ਸਾਡੇ ਬਚਨਨੂੰ ਰਖੀਂ ਸੰਭਾਲ ਹੈਜੀ। ਮਨੋਹਰ ਦਾਸ ਦੇ ਜਾਮੇ ਮੈਂ ਅਸੀ ਆਕੇ ਚੇਲਾ ਕਰਾਂਗੇ ਤੁਧ ਦਾ ਬਾਲ ਹੈ ਜੀ। ਤੇਰੇ ਪੋਤਰੇ ਵੀ ਅਗੋਂ ਚਾਰ ਹੋਸਨ ਫਤੇ ਸਿੰਘ ਦੇ ਹੋਣ ਜੋ ਲਾਲ ਹੈ ਜੀ। ਸ਼ੇਰ ਸਿੰਘ ਤੇ ਖੜਗ ਸਿੰਘ ਤੀਆ ਛੋਡਾ ਚੌਥਾ ਬਾਲ ਜੋ ਕ੍ਰਿਸਨ ਗੋਪਾਲ ਹੈ ਜੀ। ਚਾਰੇ ਸੁਤ ਤੇ ਚਾਰੇ ਤੂੰ ਜਾਨ ਪੋਤੇ ਕਿਸ਼ਨ ਦਾਸ ਰੈਹਸੀ ਸਾਡੇ ਨਾਲ ਹੈ ਜੀ। ਫਤੇ ਸਿੰਘ ਦਾ ਬਾਲ ਮਨਜੂਰ ਸਾਨੂੰ ਜੇਹੜਾ ਭਾ ਰਹਿਆ ਵਾਲ ਵਾਲ ਹੈ ਜੀ। ਅੰਸਾਂ ਸਾ ਰੀਆਂ ਦਸਾਂ ਤਾਂ ਗ੍ਰੰਥ ਵਧਦਾ ਮਤਲਬ ਵਾਲੜੀ ਲਿਖਾਂ ਮੈਂ ਗਾਲ ਹੈਜੀ।ਖੋਲਾਂ ਅੰਸਾਂ ਤਾਂ ਗ੍ਰੰਥ ਮਹਾਂਨ ਹੋਸੀ ਵਿਚ ਮੇਵਸੀ ਨਹੀਂ ਰੁਮਾਲ ਹੈ ਜੀ। ਵਾਰ ਵਾਰ ਹੈ ਤੈਨੂੰ ਸਿਝਾ ਇ ਦਿਤਾ ਸਿੱਖ ਹੋਇਕੇ ਰਖੀਂ ਖਿਆਲ ਹੈ ਜੀ। ਕੌਤਕ ਤੁਧ ਤੇ ਵਰਤੇ ਜਰੂਰ ਏਵੇਂ ਪ੍ਰੀਤਮ ਦਾਸ ਬੋਲੇ ਮੁਖ ਦੇ ਨਾਲ ਹੈ ਜੀ। ਟੇਕ ਸਿੰਘ ਰਾਜਾ ਤੈਨੂੰ ਦਸ ਦਿਤਾ ਪ੍ਰੀਛਤ

ਰਾਜੇ ਦੇ ਵਾਂਗਰਾਂ ਹਾਲ ਹੈ ਜੀ। ਲੱਥੇ ਖਲ ਸੱਮਸਤੇ ਮਨ ਸੂਰ ਸੂਲੀ ਝੋਕੇ ਭਠ ਸੁਲੇਮਾਨ ਜਲਾਲ ਹੈ ਜੀ। ਯੂਸਫ ਖੂਹ ਦੇ ਵਿਚ ਗ਼ਕਾਬ ਹੋਯਾ ਹੋਣੀ ਮਾਰ ਦੀ ਹਾਲ ਬੇਹਾਲ ਹੈ ਜੀ। ਰਾਜਸ ਤਾਮਸੀ ਸਾਤਕੀ ਬਿਨਸ ਜਾਂਦੇ ਵਾਕ ਟਲਨ ਨਾਹੀਂ ਤਿੰਨ ਕਾਲ ਹੈ ਜੀ। ਨਾਮ ਸਾਧ ਦਾ ਲਿਆਂ ਅਪਰਾਧ ਮਿਟਦੇ ਜੇਹੜੇ ਰੱਬ ਤੋਂ ਹੋਏ ਹਲਾਲ ਹੈ ਜੀ। ਘਰ ਬਾਰ ਨੂੰ ਤਿਯਾਗ ਬਰਬਾਦ ਫਿਰਦੇ ਵਿਸ਼ੇ ਰੋਕਨ ਨੂੰ ਨਾਮ ਲਈ ਢਾਲ ਹੈ ਜੀ। ਬੀਆ ਬਾਨ ਅੰਦਰ ਬੈਠੇ ਨਾਮ ਜਪਦੇ ਜੇਹੜੇ ਛੱਡਕੇ ਕੁਲ ਜੰਜਾਲ ਹੈਜੀ। ਟੇਕ ਸਿੰਘ ਨੂੰ ਕੈਹਨ ਹੁਣ ਅਸੀਂ ਚਲੇ ਸਾਨੂੰ ਸਮਝਨਾ ਆਪਦੇ ਨਾਲ ਹੈ ਜੀ। ਏਨੀ ਆਖਕੇ ਬਾਵਾ ਅਲੋਪ ਹੋਯਾ ਲੋਕਾਂ ਵਾਸਤੇ ਪਿਆ ਭੁਚਾਲ ਹੈ ਜੀ। ਪਾਕ ਪੱਟਨ ਮੇਂ ਆਪ ਮਹਾਰਾਜ ਆਏ ਸਰੂਪ ਦਾਸ ਤੇ ਹੋਏ ਦਿਯਾਲ ਹੈਜੀ। ਮੱਥਾ ਟੇਕਦਾ ਪਿਤਾ ਦੇ ਚਰਨ ਫੜਕੇ ਸਰੂਪ ਦਾਸ ਹੋਗਿਆ ਨਿਹਾਲ ਹੈ ਜੀ। ਪ੍ਰੀਤਮ ਦਾਸ ਅਗੇ ਸਰੂਪ ਦਾਸ ਬਾਵੇ ਛੱਤੀ ਭੋਜਨਾ ਦਾ ਧਰਿਆ ਥਾਲ ਹੈਜੀ। ਘੀਆ ਪੇਠਾ ਕਦੂ ਸ਼ਲਗਮ ਸਬਜੀ ਜੋ ਰੱਖੀ ਨਾਨਾ ਪ੍ਰਕਾਰ ਦੀ ਦਾਲ ਹੈ ਜੀ। ਛਕ ਕੇ ਹੋਇ ਅਨੰਦ ਅਰਾਮ ਕੀਤਾ ਬੈਠੇ ਜਪਦੇ ਜਾਪ ਅਕਾਲ ਹੈ ਜੀ। ਪਾਕ ਪਟਨ ਵਾਸੀ ਚਰਨੀਂ ਆਨ ਢੱਠੇ ਭਰ ਲੈ ਜਾਨ ਪਤਾਸਿਆਂ ਥਾਲ ਹੈ ਜੀ। ਏਧਰ ਰਾਜਾ ਜੋ ਟੇਕ ਸਿੰਘ ਰਾਜ ਕਰਦਾ ਚੜ੍ਹੀਆਂ ਲਾਲੀਆਂ ਢਾਂਗ

ਗੁਲਾਲ ਹੈ ਜੀ। ਬੂਟਾ ਸਿੰਘ ਵਾਰੀ ਧਰਮੀ ਰਾਜਿਆਂ ਤੋਂ ਮਿਲੇ ਨੈ ਤੋਂ ਮਾਰ ਕੇ ਛਾਲ ਹੈ ਜੀ।

### ਬਾਵੇ ਪ੍ਰੀਤਮ ਦਾਸ ਨੇ ਉਪਦੇਸ਼ ਦੇਨਾ ਬਾਵੇ ਸਰੂਪ ਦਾਸ ਪ੍ਰਤੀ

ਪ੍ਰੀਤਮ ਦਾਸ ਬਾਵੇ ਆਪ ਹੁਕਮ ਦਿਤਾ ਲੇਪਨ ਪਾ ਦਿਓ ਹੋਏ ਹੁਸ਼ਿਯਾਰ ਬੇਟਾ। ਜਰੀ ਬਾਦਲੇ ਆਸਨ ਵਿ-ਛਾਉ ਦਰੀਯਾਂ ਸਾਏਵਾਨ ਨੂੰ ਕਰੋ ਤਿਯਾਰ ਬੇਟਾ। ਭੂਮਨ ਸ਼ਾਹ ਨੇ ਸਾਯਾ ਜੋ ਵਾਨ ਲਾਯਾ ਬਾਵਾ ਆਖਦਾ ਮੈਂ ਬਲਿ ਹਾਰ ਬੇਟਾ। ਸਰੂਪ ਦਾਸ ਨੇ ਆਸਨ ਵਿਛਾਇ ਦਿਤੇ ਧੰਨ ਧੰਨ ਤੂੰ ਆਗਿਆ ਕਾਰ ਬੇਟਾ।ਬਾਵਾ ਹੋਇ ਅਨੰਦ ਪ੍ਰਸੰਨ ਕੈਂਹਦਾ ਨੇਕ ਅੰਸ ਤੋਂ ਮੈਂ ਬਲਹਾਰ ਬੇਟਾ। ਗੱਲਾਂ ਸਾ ਡੀਆਂ ਯਾਦ ਕਰ ਭੇਖ ਕਰਨਾ ਨਹੀਂ ਜਾਵਨਾ ਧਰਮ ਨੂੰ ਹਾਰ ਬੇਟਾ। ਸ਼ਾਹਨਸ਼ਾਹ ਫਕੀਰ ਸੰਸਾਰਦਾ ਈ ਰੱਯਤ ਫੱਕਰ ਦੀ ਕੁਲ ਸੰਸਾਰ ਬੇਟਾ। ਹੱਲ ਜੋੜਨਾ ਬੀਜਨਾ ਬੋਵਨਾ ਨਾ ਤੱਕੜ ਤੋਲਦੇ ਨੀ ਸ਼ਾਹੂਕਾਰ ਬੇਟਾ। ਕੋਈ ਕਾਰ ਵਿਹਾਰ ਨਾ ਕੰਮ ਕਰਨਾ ਇਕੋ ਪ੍ਰੀਤ ਕਰ ਨਾਲ ਮੁਰਾਰ ਬੇਟਾ। ਮੰਗ ਖਾਨਾ ਨਿਸੰਗ ਬਿਰਾਜਨਾ ਜੇ ਸੌਣਾਂ ਟੰਗ ਤੇ ਟੰਗ ਨੂੰ ਧਾਰ ਬੇਟਾ। ਭੰਗ ਨਾਮ ਦੀ ਪੀ ਮਲੰਗ ਹੋਣਾ ਸਾਕ ਅੰਗ ਨਾ ਨਾਲ ਵਿਹਾਰ ਬੇਟਾ। ਨਹੀਂ ਜੰਮਦੇ ਵੇਖਕੇ ਖੁਸ਼ੀ ਕਰਨੀ ਮੁਇਆਂ ਵੇਖਕੇ ਗ਼ਮ ਨਾਧਾਰ ਬੇਟਾ। ਝੋਲੀ ਹੱਥ ਪਵਾਹ ਨਾ ਅੰਨ ਵਾਲੀ ਦਾਤ ਦਿਤੀ ਹੈ ਆਪ

ਦਤਾਰ ਬੇਟਾ। ਬਾਂਹ ਰੱਖ ਸਿਰਾਂਦੀ ਬੇ ਫਿਕਰ ਸੌਣਾਂ ਨਹੀਂ ਕੋਈ ਜਗਾਂਵਨੇ ਹਾਰ ਬੇਟਾ। ਨਹੀਂ ਨਰਕ ਤੇ ਸੁਰਗ ਦਾ ਭਰਮ ਕਰਨਾ ਭਿਸਤ ਦੋਜ਼ਕ ਦੀ ਕੋਈ ਨਾ ਕਾਰ ਬੇਟਾ।ਚਾਰੋ ਚੱਕ ਜਗੀਰ ਫਕੀਰ ਵਾਲੀ ਕੋਈ ਨਹੀਂ ਹਟਾਵਨੇ ਹਾਰ ਬੇਟਾ। ਕਦੇ ਮੱਕੇ ਨੂੰ ਜਾਨਾ ਗੁਰੂ ਨਾਨਕ ਵਾਂਙੂ ਕਦੇ ਤੀਰਥਾਂ ਵੱਲ ਤਿਯਾਰ ਬੇਟਾ। ਸੈਰ ਕਰਨੀ ਦੇਸ ਤਮਾਮ ਫਿਰਨਾ ਏਹੋ ਸਾਧੂਆਂ ਦੀ ਪੂਰੀ ਕਾਰ ਬੇਟਾ। ਕਦੇ ਪੂਰਬ ਪਹਾੜ ਦੀ ਸੈਰ ਕਰਨੀ ਕਦੇ ਵਲ ਜਨੂਬ ਤਿਯਾਰ ਬੇਟਾ। ਹਿੰਗਲਾਜ ਦੁਆਰਕਾ ਗਇਆ ਰੀਂਗਾ ਕਦੇ ਵਿਚ ਬਨਾਰਸ ਬਹਾਰ ਬੇਟਾ। ਲਾਹੌਰ ਦਿਲੀ ਤੇ ਦੇਸ ਕਸ਼ਮੀਰ ਕਾਬਲ ਅਰਬ ਫਾਰਸ ਮੇਂ ਕਰੋ ਪ੍ਰਚਾਰ ਬੇਟਾ। ਬਲਖ ਬੁਖਾਰਾ ਤੇ ਸੰਗਲਾ ਦੀਪ ਲੰਡਨ ਬੀਕਾ ਨੇਰ ਨੂੰ ਕਦੇ ਪਧਾਰ ਬੇਟਾ। ਰਾਗ ਦੁਵੈਸ਼ ਬਿਨ ਜਗਾ ਨਹੀਂ ਇਕ ਖਾਲੀ ਮਨ ਮਾਰਕੇ ਜਪੋ ਮੁਰਾਰ ਬੇਟਾ। ਫਿਕਰ ਗਮਨੂੰ ਤਯਾਗ ਅਜ਼ਾਦ ਹੋਣਾ ਬੈਠ ਗੀਤ ਗੋਬਿੰਦ ਉਚਾਰ ਬੇਟਾ। ਬਾਣਾ ਸ਼ੇਰ ਦਾ ਧਾਰ ਫਕੀਰ ਹੋਣਾ ਕੁਲ ਸੀਸ ਝੁਕਾਂਵਨੇ ਹਾਰ ਬੇਟਾ। ਕਿਸੇ ਬੈਠੇ ਨੂੰ ਮੂਲ ਉਠਾਂਵਨਾ ਨਾ ਹੋਸੀ ਕੁਲ ਸਰਧਾਲੂ ਸੰਸਾਰ ਬੇਟਾ। ਬਾਦਸ਼ਾਹਾਂ ਦੇ ਸ਼ਾਹ ਸਿਰ ਸ਼ਾਹ ਹੋਣਾ ਕੁਲ ਸ੍ਰਿਸ਼ਟ ਤੇਰੀ ਆਗਿਆ ਕਾਰ ਬੇਟਾ। ਚਾਰ ਚੱਕ ਨੌ ਖੰਡ ਤੇ ਤੱਬਕ ਚੌਦਾਂ ਤੁਹੀਂ ਹੁਕਮ ਚਲਾਂਵਨੇ ਹਾਰ ਬੇਟਾ। ਕੁਲ ਸ੍ਰਿਸ਼ਟੀ ਫੱਕਰ ਦੇ

ਰੋਮ ਅੰਦਰ ਫੱਕਰਰੂਪਹੈ ਆਪ ਕਰਤਾਰ ਬੇਟਾ॥ਸੁਆਸਰ ਦੇ ਨਾਲ ਹੈ ਯਾਦ ਕਰਨਾ ਇਕ ਸੁਆਸ ਨਾ ਮਨੋ ਵਿਸਾਰ ਬੇਟਾ। ਜਿਧਰ ਦੇਖੀਏ ਰੱਬ ਦਾ ਰੂਪ ਦਿੱਸੇ ਵੁਜੂਹੂਅੱਲ ਦਾ ਲਫਜ਼ ਉਚਾਰ ਬੇਟਾ। ਸਾਧ ਜੇਹਾ ਨਾ ਮਰਤਬਾ ਹੋਰ ਬੱਚਾ ਪਾਤਸ਼ਾਹ ਕਰਦੇ ਨਿਮਸ਼ਕਾਰ ਬੇਟਾ। ਦੁਖ ਸੁਖ ਦੇ ਵਿਚ ਨਿਹਾਲ ਰੈਹਨਾ ਪੰਜਾਂ ਚੋਰਾਂਨੂੰ ਕਰੀਂ ਫਰਾਰ ਬੇਟਾ॥ ਅੱਠ ਪੈਹਰ ਚੌਸੱਠ ਘੜੀ ਯਾਦ ਕਰਨਾ ਫੇਰ ਆਨਕੇ ਦੇਵੇ ਦਿਦਾਰ ਬੇਟਾ। ਪ੍ਰੀਤੀ ਸ਼ਾਹ ਕੰਗਾਲ ਯੱਕ ਸਾਰ ਕਰਨੀ ਗੁਸਾ ਬੁਖਲ ਖਿਲਾਫ ਫਰਾਰ ਬੇਟਾ। ਸੌਣਾ ਏਠਣਾਂ ਆਪਦੀ ਖੁਸ਼ੀ ਅੰਦਰ ਨਾ ਕੋਈ ਹੁਕਮਚਲਾਂਵਨੇ ਹਾਰ ਏਟਾ॥ ਖਲਕ ਕੁਲ ਖੁਆਬ ਤੂੰ ਮੰਨ ਬੱਚਾ ਚਾਰ ਰੋਜ ਦਾ ਮੇਲ ਸੰਸਾਰ ਬੇਟਾ॥ ਕੋਈ ਜਾਨ ਮਹਾਤਮਾ ਕਰੇ ਉਸ-ਤਤ ਕੋਈ ਕਹੇ ਪਖੰਡੀ ਵੀਚਾਰ ਬੇਟਾ। ਨਿੰਦਜਾ ਸੁਨਕੇ ਦਿੱਤ ਨਾ ਦੁਖੀ ਕਰਨਾ ਹੋਵੇ ਉਸਤਤੀ ਖੁਸ਼ੀ ਨਾ ਧਾਰ ਬੇਟਾ। ਕਿਤੇ ਦੋਲਤਾਂ ਖੀਰ ਤੇ ਖੋਏ ਮਿਲਦੇ ਕਿਤੇ ਨੰਗ ਮਲੰਗ ਵੀਚਾਰ ਬੇਟਾ। ਕਦੇ ਚੁਪ ਖਮੋਸ਼ ਹੋ ਮਸਤ ਫਿਰਨਾ ਕਦੇ ਵਾਚਨੇ ਵੇਦ ਨੇ ਚਾਰ ਬੇਟਾ। ਕਿਤੇ ਰੰਗ ਤਮਾਸ਼ਿਆਂ ਵਿਚ ਫਿਰਨਾ ਕਦੇ ਦੌੜਨਾ ਵਿਚ ਉਜਾੜ ਬੇਟਾ। ਵਾਹਰ ਫਕੀਰ ਗੁਜਾਰਦੇ ਨੀ ਆਪ ਸੁਖੀ ਤੇ ਦੁਖੀ ਸੰਸਾਰਬੇਟਾ॥ ਅਖਾਂ ਮੀਟਕੇ ਜੱਗ ਨੂੰ ਠੱਗੀਏ ਨਾ ਮੂਲ ਡਿੰਭ ਪਖੰਡ ਨਾ ਧਾਰ ਬੇਟਾ। ਡਿੰਭ ਕੀਤਿਆਂ ਲੋਕ ਪ੍ਰਲੋਕ ਵਿਗੜੇ ਮਿਟੀ

ਜੱਗਦੇ ਵਿਚ ਖੁਆਰ ਬੇਟਾ। ਅੰਤ ਜਾਵਨਾਂ ਪਵੇ ਅਕੱਲੜੇ
ਨੂੰ ਪਾਣੀ ਵਿਚ ਮਧਾਨੀ ਨਾ ਡਾਰ ਬੇਟਾ। ਮੱਕੇ ਵਿਚ ਨਾ
ਮੌਲਾ ਨਿਵਾਸ ਕੀਤਾ ਰੰਗਾ ਵਿਚ ਨਾ ਜਾਣ ਕਰਤਾਰ
ਬੇਟਾ। ਮੌਲਾ ਵਿਚ ਮਸੀਤ ਦੇ ਨਹੀਂ ਬੈਠਾ ਨਹੀਂ ਲੱਭਦਾ
ਠਾਕਰ ਦੁਆਰ ਬੇਟਾ। ਬੇਦ ਖਾਸ ਕਤੇਬ ਤੋਂ ਬਾਹਰ ਕੇਸੋ
ਗੁਰੂ ਨਾਨਕ ਜੀ ਗਏ ਉਚਾਰ ਬੇਟਾ। ਮਾਲਾ ਤਸਬੀ ਸਿ
ਮਰਣੇ ਲੱਖ ਫੜੀਏ ਨਹੀਂ ਹੋਂਵਦਾ ਇੰਞ ਦੀਦਾਰ ਬੇਟਾ।
ਨੀਲੇ ਪੈਹਰ ਦਰਵੇਸ਼ ਕਹਾਵੀਏ ਜੇ ਹੱਥ ਖਪਰੀ ਤੂੰਬਿਆਂ
ਡਾਰ ਬੇਟਾ। ਮੋਨ ਧਾਰਿਆਂ ਮਿਲੇ ਨਾ ਕਦੇ ਸਾਂਈਂ ਪਸੂ
ਬੋਲਦੇ ਨਹੀਂ ਵੀਚਾਰ ਬੇਟਾ। ਮੂਧੇ ਲਟਕਿਆਂ ਮਿਲੇ
ਜੇ ਰ ਮ ਬੱਚਾ ਢਮਗਿਦੜ ਹੋਨ ਸਭ ਭੈਜਲੋਂ ਪਾਰ ਬੇਟਾ।
ਮੜ੍ਹੀਆਂ ਵਿਚ ਭਗਵਾਨ ਨੂੰ ਭਾਲੀਏ ਨਾ ਚੂਹੇ ਖੁਡਾਂ ਮੇਂ
ਕਈ ਹਜਾਰ ਬੇਟਾ। ਭਗਵੇ ਧਾਰਿਆਂ ਮਿਲੇ ਭਗਵਾਨ
ਨਾਹੀਂ ਗੇਰੀ ਪਈਹੈ ਵਿਚ ਬਜਾਰ ਵੇ ਟਾ। ਨਾਹੀਂ ਧੂੰਣੀਆਂ
ਵਿਚ ਸਗੇਰਤਾਈਏ ਦੇਈਏ ਫਾਕੇਦੀ ਕਦੇ ਨਾਮਾਰਬੇਟਾ।
ਮੌਲਾ ਬੋਲਾ ਨਹੀਂ ਉਚੀ ਨਾ ਬਾਂਗ ਦੇਈਏ ਪਾਈਏ ਸੰਖ
ਦਾ ਨਹੀਂ ਘੁਮਕਾਰ ਬੇਟਾ। ਲੋਕ ਸੱਦਨੇ ਵਾਸਤੇ ਸੰਖ
ਬਾਂਗਾਂ ਰੱਬ ਦਾ ਚੀਟੀ ਦੇ ਵਿਚ ਚੱਮਕਾਰ ਬੇਟਾ। ਮਿਰਗ
ਵਾਂਗ ਨਾ ਭਰਮੀਏ ਝਾੜੀਆਂ ਨੂੰ ਵਿਚ ਘਟ ਦੇ ਜਾਨ
ਨਿਰੰਕਾਰ ਬੇਟਾ। ਜ਼ਰਰੇ ਜ਼ਰਰੇ ਦੇ ਵਿਚ ਕਰਤਾਰ ਜਾਣੀ
ਹਾਜ਼ਰ ਨਾਜ਼ਰ ਓਹ ਬੈਠਾ ਹੀ ਜ਼ਾਹਰ ਬੇਟਾ। ਲਾ ਮਜ਼੍ਹਬ

ਹੈ ਸ੍ਰੀਭਗਵਾਨ ਸੱਚਾ ਓਸੇ ਰੱਬ ਨੂੰ ਲਈਂ ਚਿਤਾਰ ਬੇਟਾ॥ ਸੈਰ ਬਾਗ ਦੀ ਕਰਨ ਫਕੀਰ ਪੂਰੇ ਫਲ ਫੁਲ ਨਾ ਛੇੜਨੇ ਹਾਰ ਬੇਟਾ । ਪਤ ਪਤ ਮੈਂਹਦੀ ਜਿਵੇਂ ਰੰਗ ਬੱਚਾ ਤਿਵੇਂ ਸਰਬ ਕੇ ਬੀਚ ਮੁਰਾਰ ਬੇਟਾ। ਫੂਲ ਬਾਂਸ ਤਰੰਗ ਜਿਉਂ ਰੰਗ ਅੰਦਰ ਰਾਮੰਤੀ ਸਰਬ ਮੈਂ ਰਾਮ ਅਵਤਾਰ ਬੇਟਾ। ਬਸਤ੍ਰ ਸੂਤ ਦੇ ਦੋਹਰ ਤੇ ਮਖਮਲਾਂ ਨੀ ਇਕ ਸੂਤ ਤੇ ਬਸਤ੍ਰ ਹਜਾਰ ਬੇਟਾ॥ਸਿਉਨਾ ਇਕ ਤੇ ਗੈਹਣੇ ਬਿਅੰਤ ਬਨਦੇ ਲੋਹਾ ਇਕ ਤੇ ਕਈ ਹੱਥਜ਼ਾਰ ਬੇਟਾ। ਤੈਸੇ ਸਰਬ ਕੇ ਬੀਚ ਭਗਵਾਨ ਸੱਚਾ ਨੈਣਾਂ ਵਾਲਿਆਂ ਲਈ ਜੋ ਜ਼ਾਹਰ ਬੇਟਾ। ਨਹੀਂ ਦਿਸਦਾ ਉਲੂਆਂ ਅੰਨਿਆਂ ਨੂੰ ਸੂਰਜ ਚੜ੍ਹਿਆ ਦਿਸ਼ਾ ਹੀ ਚਾਰ ਬੇਟਾ। ਤਾਜ ਦੀਨ ਤੇ ਕੁਤਬ ਜੋ ਦੀਨ ਵਾਲਾ ਭੂਮਨ ਸ਼ਾਹ ਨੂੰ ਦਿਤਾ ਦਤਾਰ ਬੇਟਾ । ਜਾਹ ਭੂਮਨਸ਼ਾਹ ਪੈਹਲੇ ਸਮ੍ਹਾਲ ਉਸਨੂੰ ਪ੍ਰੀਤਮਦਾਸ ਨੇ ਕੀਤਾ ਤਕਰਾਰ ਬੇਟਾ॥ ਸਰੂਪ ਦਾਸਨੂੰ ਗੱਦੀ ਦਿਆਂ ਆਪ ਵਾਲੀ ਦਰਜਾ ਇਸਦਾ ਅਪਰ ਅਪਾਰ ਬੇਟਾ॥ ਇਕ ਮਾਹ ਚੋਲਾ ਸਾਡਾ ਹੋਰ ਬੱਚਾ ਫੇਰ ਤੁਧਨੂੰ ਕਰਾਂਗੇ ਜਾਹਰ ਬੇਟਾ॥ ਇਕ ਮਹੀਨੇ ਦਾ ਨਾਮ ਮਹਾਰਾਜ ਲੀਤਾ ਚੋਲੇ ਰੂਪ ਹੋ ਗਏ ਮੁਰਦਾਰ ਬੇਟਾ। ਜਾਰ ਜਾਰ ਕੁਲ ਸਾਧ ਤੇ ਸੰਤ ਰੋਂਦੇ ਸਾਵਨ ਮਾਹ ਦੀ ਝੜੀ ਜਿਉਂ ਲਾਹਰ ਬੇਟਾ। ਧੀਰਜ ਦੇਂਵਦਾ ਜੋ ਪ੍ਰੀਤਮ ਦਾਸ ਬਾਵਾ ਸਰੂਪ ਦਾਸ ਜੀ ਰੋਵੇ ਕੁਮਾਰ ਬੇਟਾ॥ ਗੱਚ ਠਲਿਆ ਜਾਵੇ ਨਾ ਕਿਸੇ ਪਾਸੋਂ

ਧਰਨੀ ਡੋਲਕੇ ਕਰੇ ਪੁਕਾਰ ਬੇਟਾ। ਬੂਟੇ ਸਿੰਘਾ ਸਭ ਨੂੰ ਬਾਵੇ ਬਾਹਰ ਕੀਤਾ ਸਰੂਪ ਦਾਸ ਦੇ ਨਾਲ ਪਿਆਰ ਬੇਟਾ।

## ਬਾਵੇ ਸਰੂਪ ਦਾਸ ਨੂੰ ਇਕੰਤ ਬਿਠਾਕੇ ਬਾਵੇ ਪ੍ਰੀਤਮ ਦਾਸ ਨੇ ਸਿਖਸ਼ਾ ਦੇਣੀ

ਪ੍ਰੀਤਮ ਦਾਸ ਬਾਵੇ ਕਹਿਆ ਆਪ ਮੁਖ ਤੋਂ ਸਰੂਪ ਦਾਸ ਨੂੰ ਪਾਸ ਬਿਠਾਇਕੇ ਜੀ। ਮੱਤਾਂ ਸਾਡੀਆਂ ਰਖੀਂ ਤੂੰ ਯਾਦ ਬੱਚਾ ਤੈਨੂੰ ਸੱਚ ਦੀ ਕਹਾਂ ਸੁਨਾਇਕੇ ਜੀ। ਜੱਤ ਸੱਤ ਲੰਗੋਟ ਨੂੰ ਕਰੀਂ ਕਾਇਮ ਲੰਗਰ ਵੰਡਨਾ ਆਪ ਪਕਾਇਕੇ ਜੀ। ਇਕ ਮਾਂਹ ਬਾਕੀ ਅਸਾਂ ਸਾਸ ਲੈਨੇ ਫੇਰ ਸਰੇ ਸਾਨੂੰ ਅੱਗੇ ਜਾਇਕੇ ਜੀ। ਰਖੀਂ ਯਾਦ ਤੇ ਪਾਸ ਤੂੰ ਜਾਨ ਸਾਨੂੰ ਰਹੀਂ ਫਿਕਰ ਤੂੰ ਕੁਲਮਿਟਾਇਕੇਜੀ।ਹਕਾਰਾ ਆਯਾ ਪ੍ਰਲੋਕ ਤੋਂ ਅਸਾਂ ਵਲੇ ਅਸਾਂ ਜਾਵਨਾ ਹੁਕਮ ਨੂੰ ਪਾਇਕੇ ਜੀ। ਧੀਰਜ ਧਰੋ ਤੇ ਡੋਲਨਾ ਨਹੀਂ ਬੱਚਾ ਜਾਸੀ ਕੁਲ ਪ੍ਰਲੋਕ ਨੂੰ ਧਾਇਕੇ ਜੀ। ਭੀਮਸੈਨ ਅਰਜਨ ਬਲ ਵਾਨ ਜੋਧੇ ਰਾਮ ਕ੍ਰਿਸ਼ਨ ਚੱਲੇ ਢੇਰੀ ਢਾਇਕੇ ਜੀ। ਦਸ਼ ਰਥ ਕਰਨ ਤੇ ਬਿਕਰਮਾ ਜੀਤ ਜੇਹੇ ਜਨਕ ਪ੍ਰਿਥੂ ਵੀ ਗਏ ਨੀ ਆਇਕੇ ਜੀ। ਤੀਸ ਯੋਮ ਪੈਹਲੇ ਮੈਨੋਂ ਖਬਰ ਕੀਤੀ ਭੇਦ ਰਖਿਆ ਨਹੀਂ ਛਪਾਇਕੇ ਜੀ। ਆਯਾ ਧੁਰੋਂ ਪ੍ਰਵਾਨਾ ਹੈ ਨਾਮ ਸਾਡੇ ਅਸੀ ਘਲਨਾ ਨਹੀਂ ਹਟਾ ਇਕੇ ਜੀ। ਅਸੀਂ ਮੰਨਨਾ ਹੁਕਮ ਕਰਤਾਰ ਵਾਲਾ ਨਹੀ ਲੇਟਨਾ ਅੰਨ ਨੂੰ ਖਾਇਕੇ ਜੀ। ਮੰਨੀ ਅਸੀਂ ਰਜਾਇ

ਭਗਵਾਨ ਵਾਲੀ ਜਾਣਾ ਗੀਤ ਗੋਬਿੰਦ ਦੇ ਗਾਇਕੇ ਜੀ। ਜੇਹੜਾ ਰੋਵਸੀ ਅਸਾਂ ਨੂੰ ਭਾਵਸੀ ਨਾ ਕਿਹਾ ਆਪ ਮਹਾ ਰਾਜ ਸੁਨਾਇਕੇ ਜੀ। ਅਫਸੋਸ ਕਰੋ ਨਾ ਮੂਲ ਉਦਾਸ ਹੋਣਾ ਸਾਨੂੰ ਬੈਠਨਾ ਨਹੀਂ ਭੁਲਾਇਕੇ ਜੀ। ਅੰਗ ਸੰਗ ਸਾਨੂੰ ਬੱਚਾ ਜਾਣ ਲੈਣਾ ਰਖਯਾ ਕਰਾਂ ਮੈਂ ਤੁਧ ਦੀ ਆਇ ਕੇ ਜੀ। ਜਿਥੇ ਯਾਦ ਕਰਸੋ ਓਥੇ ਖੜਾ ਹਾਜਰ ਕਾਰਜ ਸਿੱਧ ਕਰਸਾਂ ਆਪ ਧਾਇਕੇ ਜੀ। ਕਰੋ ਬੰਦਗੀ ਅਸਾਂ ਦੇ ਪਾਸ ਬੱਚਾ ਮੁਖੋਂ ਰਾਮ ਸ੍ਰੀ ਰਾਮ ਅਲਾਇਕੇ ਜੀ। ਗੁਰਾਂ ਦਿੱਤੇ ਉਪਦੇਸ਼ ਪ੍ਰੇਮ ਵਾਲੇ ਸੁਨੇ ਸਭ ਨੇ ਚਿੱਤ ਲਗਾਇਕੇ ਜੀ। ਬੂਟੇ ਸਿੰਘਾ ਬਾਵੇ ਸਰੂਪ ਦਾਸ ਜੀ ਨੂੰ ਜਾਈਏ ਤਿਲਕ ਗੁਰਯਾਈ ਦਾ ਲਾਇਕੇ ਜੀ।

### ਵਾਕ ਬਾਵੇ ਸਰੂਪ ਦਾਸ ਕਾ
### ਬਾਵੇ ਪ੍ਰੀਤਮ ਦਾਸ ਪ੍ਰਤੀ

ਹੱਥ ਜੋੜਕੇ ਪਿਤਾ ਦੇ ਚਰਨ ਫੜਕੇ ਸਰੂਪ ਦਾਸ ਬੋਲੇ ਵਾਙੂੰ ਭਾਨ ਸੁਆਮੀ। ਸੱਚੇ ਬਚਨ ਹਨ ਪਿਤਾ ਜੀ ਤੁਧ ਵਾਲੇ ਸੱਚੇ ਤੁਧ ਦੇ ਕੁਲ ਪ੍ਰਮਾਨ ਸੁਆਮੀ।ਭਾਖਿਆ ਤੁਧ ਦੀ ਵੇਦ ਅਨੁਸਾਰ ਸਤਗੁਰ ਝੂਠਾ ਇਕ ਨਾ ਤੇਰਾ ਗਿਆਨ ਸੁਆਮੀ।ਪੱਟੀ ਮੋਹਨੂੰ ਗਿਆਨ ਨਾ ਲੈਣ ਦੇਂਦਾ ਵੱਸ ਮੋਹ ਦੇ ਕੁਲ ਜਹਾਨ ਸੁਆਮੀ।ਦਸਰਥ ਮੋਹ ਦੇ ਵਸ ਹੋ ਪ੍ਰਾਨ ਦਿਤੇ ਗਏ ਰਾਮ ਜਦੋਂ ਬੀਆਬਾਨ ਸੁਆਮੀ। ਮੌਤੋਂ ਬੁਰਾ ਵਿਛੋੜੇ ਦਾਂ ਦੁਖ ਡਾਢਾ ਚੰਗਾ ਲੱਗਦਾ ਅੰਨ

ਨਾ ਪਾਨ ਸੁਆਮੀ। ਨਾਮ ਜਦੋਂ ਮਹੀਨੇਦਾ ਤੁਸਾਂ ਲੀਤਾ ਮੈਨੂੰ ਭੁਲਿਆ ਭਜਨ ਭਗਵਾਨ ਸੁਆਮੀ। ਤੁਹਾਡੇ ਨਾਲ ਏਹ ਦੇਸ ਸੰਸਾਰ ਵੱਸੇ ਤੁਧ ਬਾਝ ਏ ਸਿਵੇ ਅਸਥਾਨ ਸੁਆਮੀ। ਖਾਨਾ ਪੀਵਨਾ ਸੋਵਨਾ ਭੁਲਿਆ ਮੈਂ ਚੇਤੇ ਰਿਹਾ ਨਾ ਨ੍ਹਾਨ ਧਿਆਨ ਸੁਆਮੀ। ਕਿਹਾ ਜਦੋਂ ਦਾ ਤੁਸਾਂ ਪ੍ਰਲੋਕ ਜਾਨਾ ਮੈਨੂੰ ਵਜਿਆ ਹਿਜਰ ਦਾ ਬਾਨ ਸੁਆਮੀ। ਭੁਲੇ ਪ੍ਰੇਮ ਨਾ ਤੁਧਦਾ ਕਦੇ ਮੈਨੂੰ ਜੀਵਨ ਮੁਝ ਦਾ ਮਿਰਤ ਸਮਾਨ ਸੁਆਮੀ। ਕਿਨੂੰ ਖੋਲਕੇ ਦਸਾਂਗਾ ਗੱਲ ਅਪਨੀ ਦੁਖ ਸੁਖ ਦੇ ਕੁਲ ਬਿਆਨ ਸੁਆਮੀ। ਦਿਤੇ ਤੁਧ ਉਪਦੇਸ਼ ਨੇ ਗੁਰੂ ਮੇਰੇ ਬੁਧੀਮਾਨ ਤੂੰ ਵਿਚ ਜਹਾਨ ਸੁਆਮੀ। ਮੁਕਤੀ ਤੁਧ ਦੀ ਮੁਝ ਨੂੰ ਅੱਗ ਵਾਂਙੂ ਲੱਗੀ ਤਨ ਤੇ ਮਨ ਜਲਾਨ ਸੁਆਮੀ। ਮੇਰੇ ਉਤੇ ਭਗਵਾਨ ਦੀ ਨਜਰ ਪੁੱਠੀ ਮੇਰੇ ਚਿੱਤ ਨੂੰ ਲੱਗੀ ਘਬਰਾਨ ਸੁਆਮੀ। ਤੁਹਾਡਾ ਜਾਵਨਾ ਮੁਝਨੂੰ ਮੌਤ ਦਿਸੇ ਦਿਲ ਗਮੀ ਸੇ ਹੋਯਾ ਬੇ ਜਾਨ ਸੁਆਮੀ। ਬੋਲਾਂ ਉਪਰੋਂ ਅੰਦਰ ਸਤਾਰ ਵਾਂਙੂ ਝੁਕਿਆ ਅੱਜ ਮੈਂ ਵਾਂਗ ਕਮਾਨ ਸੁਆਮੀ। ਸਰੂਪ ਦਾਸ ਬਾਵੇ ਕੇਹਾ ਸਤਗੁਰਾਂ ਨੂੰ ਮੇਰੇ ਆਪ ਹੋ ਖਾਸ ਪਰਾਨ ਸੁਆਮੀ। ਫਲ ਟੁਟ ਜਾਵੇ ਜਿਸ ਵੱਲ ਨਾਲੋਂ ਵਲਾਂ ਫੱਲ ਭੀ ਨੈਨ ਵਹਾਨ ਸੁਆਮੀ। ਤੁਸੀਂ ਆਖਦੇ ਧੀਰਜ ਨੂੰ ਕਰੋ ਧਾਰਨ ਸ਼ਾਂਤੀ ਛੱਡ ਗਈ ਦੇਸ ਮਕਾਨ ਸੁਆਮੀ। ਬੂਟਾ ਸਿੰਘ ਵੀ ਨਾਲ ਉਦਾਸ ਹੋਯਾ ਕਰਾਂ ਹੋਰ ਕੀ ਬਹੁਤ ਬਿਆਨ ਸੁਆਮੀ ॥

ਵਾਕ ਬਾਵੇ ਪ੍ਰੀਤਮ ਦਾਸ ਕਾ ਸਰੂਪ ਦਾਸ ਪ੍ਰਤੀ

ਦੌਲਾ ਕੁਲ ਨੇ ਤਿਯਾਗ ਜਰੂਰ ਜਾਨਾ ਸਾਡੇ ਬਚਨ ਤੇ ਕਰੋ ਇਤਬਾਰ ਬੇਟਾ।ਵਿਚ ਜੋਤ ਤੇਰੇ ਅਸੀਂ ਆਪ ਧਰੀਏ ਕਰਾਮਾਤ ਦਾ ਹੋਸੇਂ ਭੰਡਾਰ ਬੇਟਾ। ਕੁਲ ਸ੍ਰਿਸ਼ਟ ਆਕੇ ਤੇਰੇ ਚਰਨ ਪੂਜੇ ਨਾ ਅਗਿਆਨ ਕਰ ਹੋਇੰ ਮੁਰਦਾਰ ਬੇਟਾ। ਕੁਗਿਆਨੀ ਪੁਰਸ਼ਾਂ ਨੂੰ ਮੋਹ ਦਾ ਭਰਮ ਲੱਗੇ ਫੁਰ-ਨਾ ਜਗਤ ਨੂੰ ਆਪ ਵੀਚਾਰ ਬੇਟਾ। ਛੱਡ ਜੱਗ ਦੇ ਭੋਗ ਪਦਾਰਥਾਂ ਨੂੰ ਨਾਰੀ ਜਾਣ ਤੂੰ ਰੂਪ ਅੰਗਿਯਾਰ ਬੇਟਾ। ਕਾਂਮੀ ਵਿਸ਼ੇ ਦੇ ਵਿਚ ਗੱਲਤਾਨ ਹੁੰਦੇ ਲੱਗਣ ਉਹਨਾਂ ਨੂੰ ਬਹੁਤ ਅਜਾਰ ਬੇਟਾ। ਖਾਂਸੀ ਅੰਧ ਤੇ ਉਠਣੋਂ ਬੰਦ ਹੁੰਦੇ ਲੱਕ ਟੁਟਿਆ ਰੈਹਨ ਬੀਮਾਰ ਬੇਟਾ। ਦੰਦ ਘੱਸ ਗਏ ਜੁਆਨੀ ਨੂੰ ਗਾਲ ਬੈਂਹਦੇ ਹੋਏ ਜੀਂਵਦੇ ਰੂਪ ਮੁਰਦਾਰ ਬੇਟਾ।ਐਬਦੇਖਕੇਬੱਚਿਆ ਪਰਤ ਪਾਸਾ ਸੰਗਕਰੀਂ ਕੁਸੰਗ ਨਾ ਧਾਰ ਬੇਟਾ। ਕਾਮੀ ਪੁਰਸ਼ ਹਨ ਵੇਸਵਾ ਗਮਨ ਕਰਦੇ ਆਤਸ਼ਕ ਸੇ ਹੋਣ ਬੀਮਾਰ ਬੇਟਾ। ਲੱਖਾਂ ਬਦਨ ਤੇ ਜਖਮ, ਹਕੀਮ ਢੂੰਢਨ ਮਿਟੀ ਦੇਸ ਦੇ ਵਿਚ ਖੁਆਰ ਬੇਟਾ। ਖੋਟੇ ਕਰਮਾਂ ਤੋਂ ਬੱਚਿਆ ਪੈਰ ਪਰਤੀਂ ਮਾਸ ਖਾਵਣਾ ਸੀਸ ਤੇ ਭਾਰ ਬੇਟਾ।ਦੇਖ ਹਾਲ ਪੜ੍ਹ ਸਧਨੇ ਕਸਾਬ ਵਾਲਾ ਤੇਰੇ ਚਿੱਤ ਨੂੰ ਐਸੀ ਇਤਬਾਰ ਬੇਟਾ। ਝੂਠਾ ਮਦ ਨਾ ਪੀਵਨਾ ਮੂਲ ਬੱਚਾ ਏਹ ਭੀ ਜੱਗ ਤੇ ਖੋਟਾ ਅਚਾਰ ਬੇਟਾ। ਮਦ ਪੀਣ ਵਾਲੇ ਦੁਖੀ ਪੁਜ ਹੁੰਦੇ ਨਿੰਦਜਾ ਉਨਹਾਂ ਦੀ ਕਰੇ

ਸੰਸਾਰ ਬੇਟਾ।ਕੋਈ ਅਮਲ ਨਾ ਬਚਿਆ ਗ੍ਰਹਿਣ ਕਰਨਾ ਅਮਲ ਯਾਦ ਕਰ ਇਕ ਕਰਤਾਰ ਬੇਟਾ। ਜੂਆ ਖੇਲਨਾ ਭੀ ਭਾਰੀ ਪਾਪ ਹੁੰਦਾ ਉਜੜ ਜਾਂਵਦੇਨੀ ਸ਼ਾਹੂਕਾਰ ਬੇਟਾ। ਕਾਰ ਕੰਮ ਨੂੰ ਤਿਆਗ ਕੇ ਜਾਨ ਖੇਡਨ ਘਰ ਦੀ ਨਾਰ ਦੇਂਦੇ ਵਿਚੇ ਹਾਰ ਬੇਟਾ। ਮੰਜਾ ਇਕ ਜਵਾਰੀਏ ਚਾਰ ਲੇਟਨ ਜੇਕਰ ਆਂਵਦੇ ਹਾਰ ਬਜਾਰ ਬੇਟਾ। ਅੰਤ ਜਾਇਕੇ ਠੁਥਰਿਆਂ ਨਾਲ ਰੱਲਦੇ ਹੁੰਦੇ ਖਰਚ ਤੋਂ ਜਦੋਂ ਲਾਚਾਰ ਬੇਟਾ। ਫੇਰ ਮੰਗਦਿਆਂ ਆਵੇ ਜੇ ਸ਼ਰਮ ਬੱਚਾ ਚੋਰੀ ਕਰਨ ਨੂੰ ਝੱਟ ਤਿਯਾਰ ਬੇਟਾ। ਲੁੱਟ ਲਿਆਵੇ ਤਾਂ ਐਸ਼ ਬਹਾਰ ਲੈਂਦਾ ਫਸ ਜਾਵੇ ਤਾਂ ਕੈਦ ਮਝਾਰ ਬੇਟਾ। ਨਫਾ ਕਿਸੇ ਨਾ ਖਟਿਆ ਚੋਰੀ ਵਿਚੋਂ ਦੁਖ ਚੋਰ ਨੂੰ ਕਈ ਪ੍ਰਕਾਰ ਬੇਟਾ। ਐਬੀ ਪੁਰਸ਼ਾਂ ਨੂੰ ਦੁਖ ਸੰਸਾਰ ਉਤੇ ਕੀਤਾ ਬਹੁਤ ਨਾ ਮੈਨੇ ਵਿਸਥਾਰ ਬੇਟਾ। ਤਾਂਤੇ ਐਬ ਤੋਂ ਰੈਹਤ ਬੇ ਐਬ ਹੋਨਾ ਜਸ ਹੋਵਸੀ ਫੇਰ ਸੰਸਾਰ ਬੇਟਾ। ਕੰਨ ਪਾਟੇ ਨੂੰ ਜੋਗੀ ਨਾ ਜਾਨ ਬੱਚਾ ਕੰਨ ਪਾਟੀਆਂ ਨਾਰਾਂ ਹਜਾਰ ਬੇਟਾ। ਸਿੱਖ ਸੋ ਜੋ ਗੁਰੂ ਅਨੁਸਾਰ ਚੱਲੇ ਬ੍ਰਾਹਮਨ ਸੋ ਜੋ ਬ੍ਰਹਮਬੀਚਾਰ ਬੇਟਾ।ਗਊ ਬ੍ਰਾਹਮਣ ਦੀ ਹਿੰਦੂ ਹੋ ਕਰੇ ਸੇਵਾ।ਸ਼ਾਸਤ੍ਰ ਵੇਦ ਦੇ ਨਾਲ ਹਿਤਕਾਰ ਬੇਟਾ। ਗੁਰੂ ਗ੍ਰੰਥ ਸਾਹਿਬ ਪੜ੍ਹੇ ਨਿੱਤ ਬੱਚਾ ਮਾਸ ਮਦਰਾ ਛੱਡ ਬਦਕਾਰ ਬੇਟਾ। ਭਗਤੀ ਕਰਨ ਵਾਲੇ ਸਦਾ ਫੈਲਦੇ ਨੇ ਅੰਤ ਪਾਪੀਆਂ ਹੋਵਨਾਂ ਛਾਰਬੇਟਾ। ਕਿਥੋਂ ਤਕ ਮੈਂ ਬੱਚਿਆ ਦਿਆਂ ਮੱਤਾਂ ਕਰੀਂ ਧਰਮ ਦੇ

ਨਾਲ ਪਿਆਰ ਬੇਟਾ। ਪ੍ਰੀਤਮ ਦਾਸ ਕੈਂਹਦੇ ਮੇਰਾ ਤੈਨੂੰ ਕੈਹਨਾ ਬੇਗਮ ਪੁਰੇ ਨੂੰ ਜਾਨ ਪਧਾਰ ਬੇਟਾ।ਖੌਫ ਖਤਰਾ ਓਥੇ ਨਾ ਜਾਂਨ ਰੰਚਕ ਤਰਸ ਓਥੇ ਹੈ ਬੇਸ਼ੁਮਾਰ ਬੇਟਾ। ਬੂਟੇ ਸਿੰਘ ਬਾਵੇ ਮੱਤਾਂ ਲਖ ਕਹੀਆਂ ਸਰੂਪ ਦਾਸ ਵੀ ਅਗੋਂ ਅਵਤਾਰ ਬੇਟਾ।

ਗੁਰਯਾਈ ਦੇਨੇ ਕੇ ਵਾਸਤੇ ਬਾਵੇ ਪ੍ਰੀਤਮ ਦਾਸ ਨੇ
ਸ੍ਰੀ ਮਾਨ ਬਾਵੇ ਸਰੂਪ ਦਾਸ ਜੀ ਕੋ ਕੈਹਨਾ

ਪ੍ਰੀਤਮ ਦਾਸ ਕੈਂਦੇ ਸਰੂਪ ਦਾਸ ਤਾਂਈ ਬਾਣਾ ਬੈਠਿਆਂ ਅਸਾਂ ਦੇ ਧਾਰ ਬੱਚਾ। ਫਰਜ਼ ਸੀਸ ਤੋਂ ਆਪਦੇ ਅਸੀਂ ਲਾਹੀਏ ਸੁਭਾ ਹੋਰ ਤੇ ਹੋਰ ਦੁਪਾਹਰ ਬੱਚਾ। ਕੱਲ ਵਾਲੜੇ ਕੰਮ ਨੂੰ ਅੱਜ ਕਰੀਏ ਸਾਡੇ ਸੀਸ ਤੇ ਕਾਲ ਤ੍ਯਾਰ ਬਚਾਗੇਰੀ ਰੰਗਿਆ ਬਸਤਰਾਂ ਪੈਹਨ ਬਾਨਾ ਮੱਥੇ ਤਿਲਕ ਗੁਰਯਾਈ ਦਾ ਧਾਰ ਬਚਾ। ਇਕ ਨਰਯੇਲ ਸੁਪਾਰੀਆਂ ਪੰਜ ਪੈਸੇ ਬੈਠ ਚੌਂਕੀ ਤੇ ਹੋ ਤਿਯਾਰ ਬਚਾ। ਮਸਤੀ ਨਾਮ ਵਾਲ਼ੀ ਤੈਨੂੰ ਚਾਹੜ ਦੇਈਏ ਅਠੇ ਪੈਹਰ ਰਹੇ ਤੈਨੂੰ ਬਹਾਰ ਬਚਾਕੰਨੀਂ ਦਿਆਂ ਮੰਤਰ ਬਾਪੀ ਕੰਡ ਉਤੇ ਲਖਮੀ ਦਾਸ ਦੀ ਗੱਦੀ ਏਹ ਜ਼ਾਹਰ ਬੱਚਾ। ਗੁਰਯਾਈ ਦੇਕੇ ਮਥਾ ਮੈਂ ਆਪ ਟੇਕਾਂ ਮੇਰੇ ਸੀਸ ਤੋਂ ਭਾਰ ਉਤਾਰ ਬਚਾ। ਵਿਚ ਜੋਤ ਦੇ ਜੋਤ ਸਮਾਇ ਜਾਵੇ ਏਹੋ ਮੁੱਢ ਤੋਂ ਚੱਲੀ ਹੈ ਕਾਰ ਬਚਾ। ਬੂਟੇ ਸਿੰਘਾ ਬਾਵੇ ਜਦੋਂ ਹੁਕਮ ਦਿਤਾ ਸਰੂਪ ਦਾਸ ਜੀ ਹੋਏ ਤਿਯਾਰ ਬਚਾ।

## ਪਿਤਾ ਕਾ ਬਚਨ ਮਾਨ ਕਰ ਬਾਵੇ ਸਰੂਪ ਦਾਸ ਜੀਨੇ ਗੁਰਯਾਈ ਧਾਰਨ ਕਰਨੀ

ਹੁਕਮ ਸੁਨਦਿਆਂ ਪਿਤਾ ਦਾ ਮੰਨ ਲੀਤਾ ਕੁਲ ਲਈ ਜੋ ਵਸਤ ਮੰਗਾ ਬਾਵੇ। ਨ੍ਹਾਇ ਧੋਇਕੇ ਭਗਵੇ ਪੈਹਨ ਬਸਤ੍ਰ ਚੰਦਨ ਲਿਆ ਸੂ ਝੱਟ ਸਦਵਾ ਬਾਵੇ। ਪ੍ਰੀਤਮਦਾਸ ਸੁਪਾਰੀਆਂ ਪੰਜ ਪੈਸੇ ਇਕ ਨਰਯੇਲ ਝੋਲੀ ਦਿਤਾ ਪਾ ਬਾਵੇ।ਮੱਥੇ ਤਿਲਕ ਤੇ ਕੰਨ ਮੇਂ ਦੀਆ ਮੰਤ੍ਰ ਫੇਰ ਥਾਪਨਾ ਦਿਤੀ ਲਗਾ ਬਾਵੇ। ਆਪ ਟੇਕਿਆ ਮੱਥਾ ਨਿਰਬਾਨ ਹੋਕੇ ਗੱਦੀ ਗੁਰੂ ਦੀ ਦਿਤੀ ਬਨਾ ਬਾਵੇ। ਸਰੂਪ ਦਾਸ ਗੁਰਯਾਈ ਨੂੰ ਧਾਰ ਕੇ ਤੇ ਲਿਆ ਰੱਬ ਹੀ ਰੱਬ ਅਲਾ ਬਾਵੇ। ਤੇਜ ਇੰਵ ਜਿਉਂ ਰਵ ਸਸ ਹੋਨ ਲਖਾਂ ਨੂਰ ਰੱਬ ਦਾ ਗਿਆ ਈ ਆ ਬਾਵੇ। ਮਨੋ ਤਨੋ ਹੋਕੇ ਕਰੇ ਸੇਵ ਗੁਰ ਦੀ ਲਈ ਪਿਤਾ ਦੀ ਟੈਹਲ ਕਮਾ ਬਾਵੇ। ਲੰਗਰ ਆਪ ਅਖੁਟ ਪਕਾਂਵਦੇ ਨੀ ਆਏ ਗਏ ਨੂੰ ਦਿਤਾ ਵਰਤਾ ਬਾਵੇ। ਖੁਸ਼ੀ ਆਨ ਵਰਤੀ ਪਾਕਪਟਨ ਅੰਦਰ ਲੋਕੀ ਜਾ-ਇਕੇ ਸੀਸ ਨਿਵਾ ਬਾਵੇ। ਮਹਾਂ ਦੇਵ ਦਾ ਰੂਪ ਪ੍ਰਤਖ ਜਾਨੋ ਕ੍ਰਿਸ਼ਨ ਛੱਡ ਮਥਰਾ ਗਿਆ ਆ ਬਾਵੇ। ਵਿਸ਼ਨੂ ਛਡਕੇ ਖੀਰ ਸਮੁੰਦ ਤਾਂਈ ਸਰੂਪ ਦਾਸ ਮੇਂ ਜੋਤ ਮਿਲਾ ਬਾਵੇ। ਸ੍ਰਸਤੀ ਆਨ ਬੈਠੀ ਰਸਨਾ ਵਿਚ ਜਿਨਕੀ ਵਾਕ ਸਤ ਸਾਰੇ ਹੁੰਦੇ ਜਾ ਬਾਵੇ। ਆਸ੍ਰ ਤਕ ਕੇ ਆਵੇ ਜੋ ਸਰਨ ਇਨ ਕੀ ਦੇਨ ਸਭਦੀ ਆਸ ਪੁਜਾ ਬਾਵੇ।ਬੇ ਔਲਾਦਿਆਂ

ਤਾਂਈ ਉਲਾਦ ਦੇਂਦੇ ਗਰੀਬ ਦਿਤੇ ਧਨਾਢ ਬਨਾ ਬਾਵੇ। ਦੂਰਦੂਰ ਤੋਂ ਆਉਂਦੀਆਂ ਸਿੰਗਤਾਂਨੀ ਰਾਜੇ ਆਇਕੇ ਸੀਸ ਨਿਵਾ ਬਾਵੇ। ਸਰੂਪ ਦਾਸ ਸਿੰਘਾਸਨ ਤੇ ਸੋਭਦੇ ਨੀ ਦੇਖ ਦੇਵਤੇ ਲਜਿਆ ਖਾਹ ਬਾਵੇ। ਰਿਸ਼ੀ ਮੁਨੀ ਸ੍ਰਮਾਇਕੇ ਹੇਠਾਂ ਤਕਨ ਲਈ ਕੁਲ ਨੇ ਸਰਨ ਤਕਾ ਬਾਵੇ। ਪ੍ਰੀਤਮ ਦਾਸ ਬੈਠੇ ਕੋਲ ਭਜਨ ਕਰਦੇ ਚੇਲੇ ਬਾਲੇ ਵੀ ਦਿਤੇ ਸਮਝਾ ਬਾਵੇ। ਕਰਾਮਾਤ ਨੂੰ ਕਰੀਂ ਨਾ ਜਾਹਰ ਬਚਾ ਦੇਨਾ ਦੁਖ ਨਾ ਕਿਸੇ ਨੂੰ ਜਾ ਬਾਵੇ। ਕਰਾਮਾਤ ਹੈ ਕੈਹਰ ਦਾ ਨਾਮ ਬਚਾ ਗੁੰਗੇ ਵਾਂਗਰਾਂ ਲੈਣਾ ਛਪਾ ਬਾਵੇ। ਬੂਟੇ ਸਿੰਘਾ ਤੂੰ ਰਚਕੇ ਗ੍ਰੰਥ ਕਰਦੇ ਤੈਨੇ ਪਹੁੰਚਨਾ ਦੂਰ ਹੈ ਜਾ ਬਾਵੇ।

## ਬਾਵੇ ਪ੍ਰੀਤਮ ਦਾਸ ਕਾ ਪ੍ਰਲੋਕ ਕੋ ਤਿਯਾਰੀ ਕਰਨਾ

ਇਕ ਮਾਹ ਪੂਰਾ ਜਦੋਂ ਆਨ ਪੁਜਾ ਕੀਤੀ ਆਨ ਕੇ ਕਾਲ ਅਵਾਜ ਸਾਂਈ। ਤਾਕਤ ਰਹੀ ਨਾ ਬੈਠ ਕੇ ਉਠਨੇ ਦੀ ਕੀਤਾ ਜਾਨ ਦਾ ਸਾਜ ਸਮਾਜ ਸਾਂਈ। ਹੱਥ ਪੁਤ੍ਰ ਦੇ ਪਕੜ ਭਗਵਾਨ ਸੌਂਪੇ ਅਸੀਂ ਜਾਵਨਾ ਠੀਕ ਹੈ ਆਜ ਸਾਂਈ। ਰਾਖਾ ਤੁਧ ਦਾ ਬੱਚਿਆ ਰੱਬ ਸੱਚਾ ਤੇਰੀ ਰੱਖ ਸੀ ਆਪ ਓਹ ਲਾਜ ਸਾਂਈ। ਬੇਲੀ ਰੱਬ ਤੁਹਾਡਾ ਸਾਡੇ ਕੂਚ ਡੇਰੇ ਸਾਨੂੰ ਅੰਤ ਦਾ ਦੇਵਨਾ ਦਾਜ ਸਾਂਈ। ਟਿਕਟ ਕੂਚ ਦਾ ਸਾਡੇ ਹੈ ਹੱਥ ਬੱਚਾ ਗਏ ਰੇਲ ਦੇ ਵਿਚ ਬਿਰਾਜ ਸਾਂਈ। ਘੰਟੀ ਖੜਕੀ ਤੇ ਸਿੰਗਲ ਵੀ ਨਾਲ ਹੋਯਾ ਰੇਲ ਚੱਲ ਪਈ ਪਾਇਕੇ ਗਾਜ਼ ਸਾਂਈ। ਏਸ ਜੱਗ ਤੇ ਬਚਿਆ ਕੂੜ

ਦਾਵੇ ਆਈ ਧੁਰੋਂ ਹੈ ਸਾਨੂੰ ਅਵਾਜ਼ ਸਾਂਈ।ਸ਼ਿਵਜੀ ਵਿਸ਼ਨ ਤੇ ਰਾਮ ਚੰਦ ਕ੍ਰਿਸ਼ਨ ਜੈਸੇ ਗੋਪੀ ਭਰਥਰੀ ਛੱਡ ਗਏ ਰਾਜ ਸਾਂਈ। ਕਬੀਰ ਦਾਦੂ ਰਾਮਾ ਨੰਦ ਭਗਤ ਪੀਪਾ ਗਏ ਉੱਡ ਨੇ ਵਾਗਰਾਂ ਬਾਜ ਸਾਂਈ।ਮੁਨੀ ਜੋਗੀਦਿਰੀਬਰ ਕਵਿਤ ਕਵਤੇ ਚੋਲਾ ਛੱਡਕੇ ਗਏ ਨੇ ਭਾਜ ਸਾਂਈ। ਜਪੋ ਰਾਮ ਦਾ ਨਾਮ ਹੁਨ ਪਾਸ ਮੇਰੇ ਸਮਾਂ ਬੀਤ ਨਾ ਜਾਵੇ ਅਕਾਜ ਸਾਂਈ। ਪ੍ਰੀਤਮ ਦਾਸ ਬਾਵੇ ਪਰਲੋਕ ਜਾਨਾ ਬੂਟੇ ਸ਼ਿੰਘ ਦਾ ਚਿੱਤ ਨਿਰਾਜ ਸਾਂਈ।

## ਬਾਵੇ ਪ੍ਰੀਤਮ ਦਾਸ ਜੀ ਨੇ ਪੁੰਨ ਦਾਨ ਕਰਕੇ ਬੈਕੁੰਠ ਧਾਮ ਕੋ ਜਾਣਾ

ਨਾੜੀ ਬਾਵੇ ਦੀ ਚਲਨੋ ਰੈਹਤ ਹੋਈ ਚੇਲੇ ਮੰਜੀਓਂ ਦੇਨ ਉਤਾਰ ਸਾਂਈ। ਚੌਂਕਾ ਗੋਬਰ ਦਾ ਪਾਇਕੇ ਕੁਸ਼ਾ ਉਤੇ ਦੇਨ ਬਾਵੇ ਨੂੰ ਝੱਟ ਉਤਾਰ ਸਾਂਈ। ਜਲ ਤੀਰਥਾਂ ਦੇ ਲਿ-ਆਇ ਪਾਸ ਰਖੇ ਚਮਚੇ ਨਾਲ ਮੁਖ ਮੇਂ ਪਾਵਨ ਹਾਰ ਸਾਂਈ। ਸਵਾ ਲਖ ਬੈਠਾ ਚੇਲਾ ਪਾਸ ਉਨਕੇ ਮੂੰਹੋਂ ਬੋਲ ਦੇ ਸੱਤ ਕਰਤਾਰ ਸਾਂਈ। ਤਤ ਕਾਲ ਗਊ ਸੌ ਸੰਕਲਪ ਕੀਤੀ ਅੰਨ ਬਿਅੰੜ ਚੁਪੜਾ ਹਜਾਰ ਸਾਂਈ। ਪੁੰਨ ਦਾਨ ਕਰਕੇ ਜਪੁਜੀ ਆਪ ਪੜ੍ਹਿਆ ਚੋਲਾ ਤਿਆਗਨ ਨੂੰ ਹੋਏ ਤਿਯਾਰ ਸਾਂਈ।ਦੀਵਾ ਤਲੀ ਤੇ ਰਖ ਮਨਸਾਨ ਲਗੇ ਪੂਰੀ ਅੰਤ ਵਾਲੀ ਕੀਤੀ ਕਾਰ ਸਾਂਈ। ਪੰਡਤ ਪੜਨ ਗੀਤਾ ਸਾਧੂ ਭਜਨ ਕਰਦੇ ਭਾਈ ਪੜਨ ਸੁਖਮਨੀ ਜੋ ਸਾਰ

ਸਾਂਈ। ਸਮਾਂ ਆਨ ਪ੍ਰਭਾਤ ਦਾ ਰੱਬ ਕੀਤਾ ਬਾਵਾ ਛਡ
ਚੋਲਾ ਗਿਆਪਾਰਸਾਂਈ।ਰਾਮਰਾਮ ਕਰਦੇ ਗਏ ਪਾਸ ਹਰ
ਕੇ ਦਿਤਾ ਖਾਸ ਆਸਨ ਕਰਤਾਰ ਸਾਂਈ। ਦੇਵ ਪੂਰੀ ਤੇ
ਦੇਵਤੇ ਕੁਲ ਆਏ ਲਗੇ ਬਾਵੇ ਦਾ ਕਰਨ ਦੀਦਾਰ ਸਾਂਈ।
ਜੈ ਜੈ ਕਾਰ ਸੁਰ ਦੇਵਤੇ ਕਰਨ ਲਗੇ ਵਿਸ਼ਨ ਫੁਲ ਬਰ
ਸਾਵਨੇ ਹਾਰ ਸਾਂਈ। ਪੁਸ਼ਪ ਅਤਰ ਗੁਲਾਬ ਗੁਲਾਲ
ਲੈਕੇ ਬਿਰਮਾ ਸ਼ਿਵ ਜੀ ਆਏ ਪਧਾਰ ਸਾਂਈ। ਜਾਏ ਬਾਵੇ
ਨੂੰ ਨਮੋ ਅਦੇਸ ਕੀਤੀ ਸ਼ਿਵ ਨਾਦ ਬਜਾਂਵਨੇ ਹਾਰ ਸਾਂਈ।
ਨਾਰਦ ਬੀਨ ਬਜਾਂਵਦਾ ਵਿਚ ਫਿਰਦਾ ਨਰ ਚੰਗਦਾ
ਪਿਆ ਘੁਮਕਾਰ ਸਾਂਈ। ਬਾਵਾ ਵਿਚ ਬੈਕੁੰਠ ਅਨੰਦ
ਹੋਯਾ ਨੇਕ ਕੰਮ ਜੋ ਕਰਨ ਸੰਸਾਰ ਸਾਂਈ।ਪਿਛੋਂ ਚੇਲਿਆਂ
ਦਾ ਦਸਾਂ ਹਾਲ ਸਾਰਾ ਰੋਂਦੇ ਵੇਲ਼ੈਨੇ ਵਾਂਗ ਬੀਮਾਰ ਸਾਂਈ।
ਹਾਹਾ ਕਾਰ ਹੋਈ ਮਾਤ ਲੋਕ ਉਤੇ ਧਰਤੀ ਡੋਲਕੇ ਕਰੇ
ਪੁਕਾਰ ਸਾਂਈ। ਰੋਇ ਰੋਇਕੇ ਹਾਲ ਬੇਹਾਲ ਹੋਏ ਰੋਂਦਾ
ਚੁਪ ਨਾ ਕਰੇ ਸੰਸਾਰ ਸਾਂਈ। ਪਸ਼ੂ ਪੰਛੀ ਤੇ ਜੰਡ ਕਰੀਰ
ਰੋਂਦੇ ਪਿਆ ਜਗ ਤੇ ਕੈਹਰ ਕਹਾਰ ਸਾਂਈ। ਐਸੇ ਰਿਸ਼ੀ
ਸਮਾ ਗਏ ਦੇਸ ਉਤੋਂ ਤਾਰੇ ਗਿਰੇ ਜਮੀਨ ਵਿਚਕਾਰ
ਸਾਂਈ। ਡੋਲਨ ਜਿਮੀ ਅਸਮਾਨ ਤੇ ਪਉਣ ਪਾਣੀ ਭਾਵੀ
ਘੁਲੀ ਹੈ ਅਪਰ ਅਪਾਰ ਸਾਂਈ। ਨੌਖੰਡ ਤਬਕ ਚੌਦਾਂਕੁਲ
ਡੋਲੇ ਵਗਦੇ ਗਏ ਦਰਯਾ ਨੇ ਠਾਰ ਸਾਂਈ। ਸ਼ੇਰ ਮਾਰ
ਸ਼ਿਕਾਰ ਨੂੰ ਰਖ ਅਗੇ ਕੀਤੀ ਖਾਨ ਤੋਂ ਝੱਟ ਇਨਕਾਰ

ਸਾਂਈ। ਗਊ ਘਾਸ ਨੂੰ ਮੁਖ ਨਾ ਮੂਲ ਲਾਯਾ ਵਛਿਆਂ ਸ਼ੀਰਨੂੰਦਿਤਾ ਵਿਸਾਰ ਸਾਂਈ। ਚੰਦ ਕੋਲੋਂ ਚਕੋਰ ਨਾ ਮੁਖ ਫੇਰੇਅਜ ਲੋੜਦਾ ਨਹੀਂ ਦੀਦਾਰਸਾਂਈ।ਹਰਨ ਮਾਰਛਾਲਾਂ ਦੌੜਨ ਵਿਚ ਬਾਰਾਂ ਸ਼ੋਕ ਹਲਨੇ ਕੀਤਾ ਲਾਚਾਰ ਸਾਂਈ। ਭੌਰਾ ਫੁਲਾਂ ਨੂੰ ਤਿਯਾਗ ਅਜ਼ਾਦ ਹੋਯਾ ਬੁਲ ਬੁਲ ਚਮਨ ਤੋਂ ਹੋਈ ਫਰਾਰ ਸਾਂਈ। ਮੁਰਗਾਬੀਆਂ ਆਬ ਦੀ ਚਾਹ ਭਾਰੀ ਪੈਰ ਪਾਣੀ ਤੋਂ ਕਢ ਲੈ ਬਾਹਰ ਸਾਂਈ। ਰਾਤ ਮੈਨਾਂ ਤੇ ਤੋਤੇ ਨਾ ਗੱਲ ਕੀਤੀ ਦਿਤੀ ਚੁਪ ਮੇਂ ਰਾਤ ਗੁਜ਼ਾਰ ਸਾਂਈ। ਕੋਇਲ ਬਾਗ ਨੂੰ ਛੱਡ ਨਾ ਬੋਲ ਬੋਲੇ ਸ਼ੋਕ ਨਾਲ ਹੈ ਬੰਦ ਬਜਾਰ ਸਾਂਈ। ਆਠੋ ਜਾਮ ਬਾਵਾ ਸਰੂਪ ਦਾਸ ਰੋਂਦੇ ਭੁਲੇ ਕੁਲ ਨੇ ਕਾਰ ਵਿਹਾਰ ਸਾਂਈ। ਰੋਵੇ ਰਾਮ ਜਿਉਂ ਲਛਮਨ ਤੋਂ ਜੁਦਾ ਹੋਯਾ ਮੁਖ ਬਾਵੇ ਦਾ ਜ਼ਰਦ ਵਿਸਾਰ ਸ਼ਾਂਈ। ਬੂਟੇ ਸਿੰਘਾ ਮ੍ਰਿਤਕ ਸੰਸਕਾਰ ਆਖੀਂ ਜਿਵੇਂ ਬਾਵੇ ਦਾ ਹੋਯਾ ਵਿਹਾਰ ਸਾਂਈ।

### ਬਾਵੇ ਪ੍ਰੀਤਮ ਦਾਸ ਕੀ ਦੇਹ ਕਾ ਸਮਾਧਾਂ ਮੇਂ ਸਿਸਕਾਰ ਹੋਨਾ

ਲੋਕੀ ਆਖਦੇ ਕਰੋ ਸਿਸਕਾਰ ਛੇਤੀਂ ਡੇਰੀ ਮਿੰਟ ਦੀ ਨਹੀਂ ਲਗਾਨ ਭਾਈ। ਗੰਗਾ ਜਲੀ ਦੇ ਨਾਲ ਨੁਹਾਇਕੇ ਤੇ ਢਾਈ ਗਜਾਂ ਦਾ ਖਫਨ ਪਹਨਾਨ ਭਾਈ। ਇਕ ਜਵਾਂ ਦੀ ਬਠਲੀ ਨਾਲ ਕੁੰਨੀ ਘੜਾ ਪਾਣੀ ਦਾ ਹੋਰ ਪ੍ਰਵਾਨ ਭਾਈ। ਤਖਤੇ ਉਤੇ ਬਿਬਾਨ ਬੰਨ੍ਹਾਇਕੇ ਤੇ ਪ੍ਰੀਤਮ ਦਾਸ

ਨੂੰ ਉਤੇ ਬਠਾਨ ਭਾਈ। ਰਾਗੀ ਨਾਲ ਰਬਾਬੀ ਨੇ ਸ਼ਬਦ ਪੜ੍ਹਦੇ ਸੰਤ ਕਥਾ ਨੇ ਨਾਲ ਸੁਨਾਨ ਭਾਈ। ਮਥਾ ਟੇਕਨ ਬਿਬਾਨ ਨੂੰ ਸ਼ੈਹਰ ਵਾਸੀ ਦਾਮ ਨਾਲ ਤੇ ਨਾਲ ਨੇ ਥਾਨ ਭਾਈ।ਕਈ ਲਖਾਂ ਰੁਪਯੇ ਨੇ ਹੋਏ ਕੱਠੇ ਮੱਥਾ ਟੇਕਦੇ ਕੁਲ ਇਨਸਾਨ ਭਾਈ। ਜਰੀ ਬਾਦਲੇ ਝੰਡੀਆਂ ਵਿਚ ਪਾਏ ਨਾਲ ਝੂਲਦੇ ਜਾਨ ਨਿਸ਼ਾਨ ਭਾਈ। ਤਖਤਾ ਚੁਕਿਆ ਮੰਡਲੀ ਸਾਧੂਆਂ ਦੀ ਸਾਰੇ ਸ਼ੈਹਰ ਦੇ ਵਿਚ ਫਿਰਾਨ ਭਾਈ। ਮੱਥਾ ਟੇਕਦੀ ਇਸਤ੍ਰੀ ਜਾਤ ਸਾਰੀ ਸਾਧੂ ਦੇਂਵਦੇ ਖੜੇ ਵਖ਼ਜਾਨ ਭਾਈ। ਰਾਮ ਨਾਮ ਹੈ ਸਤ ਕੁਲ ਸਾਧ ਬੋਲਨ ਗ੍ਰਿਸਤੀ ਹਰ ਕਾ ਨਾਮ ਅਲਾਨ ਭਾਈ। ਘੜੇ ਭੰਨ ਤੇ ਜਾਇ ਉਤਾਰਿਓਨੇ ਘੜਾ ਭੰਨਿਆ ਆਪ ਭਗਵਾਨ ਭਾਈ। ਸਰੂਪ ਦਾਸ ਜੀ ਘੜੇ ਨੂੰ ਭੰਨ ਕੇ ਤੇ ਰੀਤੀ ਜਗ ਤੇ ਆਪ ਚਲਾਨ ਭਾਈ। ਐਸੇ ਪੁਰਸ਼ ਮਰਯਾਦਾ ਨੂੰ ਬੰਨ ਦੇ ਨੇ ਦੁਨੀਆ ਮੰਨਦੀ ਜਿਨਾ ਦੀ ਆਨ ਭਾਈ। ਜੀਵਨ ਮੁਕਤ ਉਨਾ ਨੂੰ ਨਾ ਲੋੜ ਐਸੀ ਕ੍ਰਿਯਾ ਜਗਤ ਦੀ ਆਪ ਟਿਕਾਨ ਭਾਈ। ਪਾਸਾ ਪ੍ਰਤਿਆ ਅਗਲਿਆਂ ਪਿਛਲਿਆਂ ਨੇ ਚਰਨ ਅਗਾਂ ਜੇ ਹੁਨ ਕਰਾਨ ਭਾਈ। ਰਾਮ ਸਤ ਕਰ ਦੇ ਰਾਮ ਸਤ ਕਰਦੇ ਜਾਇ ਪਹੁੰਚੇ ਸਮਾਧ ਅਸਥਾਨ ਭਾਈ। ਕਰਮ ਕਾਂਡ ਕਰਕੇ ਲਿਆਇ ਵਿਚ ਫੇਰੇ ਚੰਦਨ ਜੋੜਕੇ ਉਤੇ ਟਿਕਾਨ ਭਾਈ। ਅਗਰ ਤਗਰ ਦੇ ਉਤੇ ਬਿਬਾਨ ਧਰਿਆ ਕਾਨੇ ਬਾਲ ਉਦਾਲੇ ਘੁਮਾਨ ਭਾਈ।

ਛਿੜਕਨ ਅਤਰ ਗੁਲਾਬ ਨੂੰ ਚਿਖਾ ਉਤੇ ਘਿਉ ਮਣਾਂ ਮੂੰਈ ਉਤੇ ਪਾਨ ਭਾਈ। ਕੁਲ ਪਾਈ ਸਮਿਗਰੀ ਹਮਨ ਵਾਲੀ ਲੰਬੂ ਲਾ ਦੁਰੇਡੇ ਹੋਜ਼ਾਨ ਭਾਈ। ਡਰਦੇ ਕਾਲ ਤੋਂ ਕੂਕਦੇ ਰਾਮ ਯਾਰੋ ਅਗਜ਼ਾਨੀ ਛੇੜਦੇ ਓਥੇ ਅਗਜ਼ਾਨ ਭਾਈ। ਕੋਈ ਆਖਦੇ ਬਾਵਾ ਸੀ ਥੰਮ ਭਾਰੀ ਕੋਈ ਆਖ ਦੇ ਰੂਪ ਭਗਵਾਨ ਭਾਈ। ਕੋਈ ਆਖਦੇ ਸ਼ਰਮ ਤੇ ਧਰਮ ਵਾਲਾ ਕੋਈ ਆਖਦੇ ਗੁਣਾ ਦੀ ਖਾਨ ਭਾਈ। ਨੇਕੀਨੇਕ ਦੀ ਕਰੇ ਜਹਾਨ ਸਾਰਾ ਜਸ ਜੀਵਨਾ ਵਿਚ ਜਹਾਨਭਾਈ। ਨੇਕੀ ਜਿਨਾ ਦੀ ਵਿਚ ਸੰਸਾਰ ਦੇ ਹੈ ਸਦਾ ਜੀਂਵਦੇ ਜਾਨ ਇਨਸਾਨ ਭਾਈ। ਫਿੱਟੇ ਮੂੰਹ ਉਨਾਦੜੇ ਜੀਵਨੇ ਦਾ ਜਿਨਕਾ ਜਗ ਮੇਂ ਹੋਵੇ ਅਪਮਾਨ ਭਾਈ।ਕੀਰਤਨ ਸੋਹਿਲੇ ਦਾ ਲਗਾ ਜੇ ਪਾਠ ਹੋਵਨ ਸਰਵਨ ਕਰਨ ਲੋਕੀ ਧਰਕੇ ਕਾਨ ਭਾਈ। ਕੀਤੀ ਕ੍ਰਿਯਾ ਕ੍ਰਿਪਾਲ ਜੇ ਆਪ ਬਾਵੇ ਡਾਂਗ ਸੀਸ ਦੇ ਵਿਚ ਲਗਾਨ ਭਾਈ।ਹੋਈ ਫੇਰ ਅਰਦਾਸ ਤੇ ਲੋਕ ਚਲੇ ਤੀਲੇ ਤੋੜਕੇ ਪਿਛਾਂ ਵਗਾਨ ਭਾਈ। ਆਇ ਖੂਹੇ ਤੇ ਕਰਨ ਇਸਨਾਨ ਸਾਰੇ ਬਹੁਤਾ ਹੋਰ ਕੀ ਕਰਾਂ ਬਿਆਨ ਭਾਈ। ਲੰਗਰ ਵੱਲ ਆਈ ਕੁਲ ਸਾਧ ਸੰਗਤ ਲੰਗਰ ਵਰਤਿਆ ਪਰਮ ਮਹਾਨ ਭਾਈ। ਦੇਗ ਕੜਾਹ ਦੀ ਵਰਤਣੀ ਸ਼ੁਰੂ ਹੋਈ ਗੁਰੂ ਗ੍ਰੰਥ ਦੁਸੈਹਰਾ ਮਨਾਨ ਭਾਈ। ਪ੍ਰੀਤਮ ਦਾਸ ਦੀ ਬਣਨ ਸਮਾਧ ਲਗੀ ਸਰੂਪ ਦਾਸ ਜੀ ਲਗੇ ਬਨਾਨ ਭਾਈ। ਧਨ ਮਾਲ ਦਾ ਕਰੇ ਗੁ-

ਮਾਨ ਬੰਦਾ ਚਾਰ ਦਿਨਾਂ ਦਾ ਜਾਨ ਮਿਹਮਾਨ ਭਾਈ।ਹਿੰਦੂ ਮੜ੍ਹੀ ਵਾਸਾ ਮੋਮਨ ਗੋਰ ਅੰਦਰ ਸਾਢੇ ਤਿੰਨ ਹਥ ਜਗਾ ਅਲਾਨ ਭਾਈ। ਵਾਸ ਵਿਚ ਜੰਗਲ ਬਾਕੀ ਕੂੜ ਦਾਵੇ ਵਾਧੂ ਰੋਕਦਾ ਮੈਹਲ ਮਕਾਨ ਭਾਈ। ਦੇਖੋ ਲੋਇਨਾਂ ਨਾਲ ਹੈ ਜਗ ਜਾਂਦਾ ਛੱਡੇ ਮੂਲ ਨਾ ਮੂੜ ਅਭਿਮਾਨ ਭਾਈ। ਜਿਨਾ ਕਾਲ ਨੂੰ ਪਕੜਕੇ ਕੈਦ ਕੀਤਾ ਰਿਹਾ ਉਨਹਾਂ ਦਾ ਨਹੀਂ ਨਿਸ਼ਾਨ ਭਾਈ। ਕ੍ਰੋੜਾਂ ਪਾਤਸ਼ਾਹ ਸ਼ਾਹ ਸੁਲਤਾਨ ਹੋਏ ਛੱਡ ਛੱਡ ਗਏ ਮਹਾਂ ਬਲਵਾਨ ਭਾਈ। ਇਕੋ ਰਾਮ ਦਾ ਨਾਮ ਹੈ ਜੱਗ ਉਤੇ ਯਾ ਫਿਰ ਰਹੇਗਾ ਧਰਮ ਈਮਾਨ ਭਾਈ। ਬੂਟਾ ਸਿੰਘ ਵੀ ਕੂਕਦਾ ਰਾਮ ਜਪਲੈ ਯਾ ਕੁਛ ਕਰਲੈ ਪੁੰਨ ਤੇ ਦਾਨ ਭਾਈ।

## ਬਾਵੇ ਸਰੂਪ ਦਾਸ ਨੇ ਲੰਗਰ ਚਲਾਉਨਾ ਤੇ ਸੈਲ ਕਰਨੀ ਦੇਸ਼ ਕੀ

ਪ੍ਰੀਤਮ ਦਾਸ ਜੀ ਜਦੋਂ ਸਮਾਇ ਗਏ ਸਰੂਪ ਦਾਸ ਜੀ ਲੰਗਰ ਚਲਾਉਂਦਾਈ। ਸਾਧ ਸੰਤ ਬਿਹੰਗਮ ਫਕੀਰ ਰਾਹੀ ਆਏ ਗਏ ਨੂੰ ਭੋਜਨ ਛਕਾਂਉਂਦਾਈ। ਪੂਰਬ ਕਰੀ ਕਮਾਈ ਸੋ ਏਥੇ ਖਾਈ ਖੇਪ ਅਗੇ ਨੂੰ ਪਿਆ ਪਚਾਂਉਂਦਾਈ।ਹੱਥ ਕਾਰ ਨੂੰ ਚਿੱਤ ਹਰਨਾਮ ਜਪਦਾ ਰਾਮਰਾਮ ਹੀ ਪਿਆ ਅਲਾਉਂਦਾਈ। ਬੈਂਹਦੇ ਉਠਦੇ ਸੌਂਵਦੇ ਜਾਗਦੇ ਭੀ ਟੁਰਦਾ ਫਿਰਦਾ ਨਹੀਂ ਭੁਲਾਉਂਦਾਈ। ਸੋਹੰ ਸਬਦ ਗੁਰ ਮੰਤ੍ਰ ਨੂੰ ਯਾਦ ਕਰਦੇ ਲੰਗਰ ਰਾਤ ਨੂੰ ਨਹੀਂ ਅਟ

ਕਾਉਂਦਾਈ। ਲੈਂਦੇ ਵੇਲੇ ਪ੍ਰਭਾਤ ਜੋ ਅੰਨ ਮੰਗੀ ਬੇ ਮੈ ਕਿਆਂ ਤੇ ਅੰਨ ਪਾਉਂਦਾਈ । ਪਾਕ ਪਟਨ ਦਾ ਡੇਰਾ ਮਸ਼ਹੂਰ ਹੋਯਾ ਕੋਈ ਆਂਵਦਾ ਤੇ ਕੋਈ ਜਾਉਂਦਾਈ। ਦੂਰ ਦੂਰ ਤੋਂ ਆਂਦੀਆਂ ਸੰਗਤਾਂ ਨੀ ਬਾਦਸ਼ਾਹ ਸ਼ਾਹ ਸੀਸ ਨਿ-ਵਾਉਂਦਾਈ। ਚਾਰਕਾਮਨਾਨੂੰ ਕਰਦੇਨ ਪੂਰਾ ਸ੍ਵਾਲੀ ਆਇ ਸੁਆਲ ਜੋ ਪਾਉਂਦਾਈ। ਬੇ ਔਲਾਦੀਆਂ ਰਾਨੀਆਂ ਆਨ ਪੂਜਨ ਘਰੇ ਜਾਂਦਿਆਂ ਬਾਲ ਖਿਆਉਂਦਾਈ। ਚੌਵੀ ਵਰੇ ਨਾ ਜਿਨਾ ਦੀ ਕੁੱਖ ਫੁਟੀ ਪਤੀ ਉਨਹਾਂ ਦਾ ਬਾਲ ਖਿਡਾਉਂਦਾਈ। ਭਾਗ ਹੀਨ ਨਿਭਾਗੜਾ ਸਰਨ ਡਿਗੇ ਪੂਰੀ ਕਾਮਨਾਨੂੰ ਝੱਟ ਪਾਉਂਦਾਈ।ਬਾਵਾ ਦਰਸ ਦੇਂਦਾ ਕਰਮਾ ਵਾਲਿਆਂ ਨੂੰ ਭਾਗ ਹੀਨ ਨਾ ਦਰਸ ਨੂੰ ਪਾਉਂਦਾਈ। ਆਫਤਾਬ ਤੇ ਚੰਦਰਮਾਂਹ ਸ਼ਰਮ ਖਾਂਦੇ ਤੇਜ ਬਾਵੇ ਦਾ ਸਹਿਆਨਾ ਜਾਉਂਦਾਈ। ਇਕ ਸਾਲ ਮਗਰੋਂ ਚਿੱਤ ਬਾਵੇ ਜੀ ਦਾ ਸੈਰ ਕਰਨ ਦੀ ਤਰਫ ਨੂੰ ਧਾਉਂਦਾਈ। ਚੇਲੇ ਬਾਲਿਆਂਨੂੰ ਛੱਡ ਵਿਚ ਲੰਗਰ ਆਪ ਵੱਲ ਕਲਾਲੀ ਸਿਧਾਉਂਦਾਈ। ਮਹੀਨਾ ਜੇਠ ਦਾ ਸੰਘਨੀ ਛਾਂ ਜਿਥੇ ਸੁਹਾਗ ਵੱਲ ਦਾ ਲੈਹਰਾਂ ਲਗਾਉਂਦਾਈ। ਹਰੀ ਘਾਸਤੇ ਮੈਹਲਾਂ ਦੇ ਵਿਚ ਗੱਮਲੇ ਠਾਠ ਪਾਤਸ਼ਾਹੀ ਨਜ਼ਰ ਆਉਂਦਾਈ। ਹੱਥ ਪਕੜ ਚਿਪੀ ਸਰੂਪ ਦਾਸ ਬਾਵਾ ਟੁਰਿਆ ਮੈਹਲਾਂ ਦੀ ਤਰਫ ਨੂੰ ਜਾਉਂਦਾਈ। ਅਗੇ ਟੇਕ ਸਿੰਘ ਰਾਜਾ ਕਚਹਿਰੀ ਕਰਦਾ ਬਾਵਾ ਜਾਇ ਅਲੱਖ ਬੁਲਾਉਂ-

ਦਾਈ। ਆਮ੍ਹੋ ਸਾਮ੍ਹਨੇ ਦੋਹਾਂ ਦੇ ਬਚਨ ਹੋਸਨ ਬੂਟਾ ਸਿੰਘ ਕਵ ਆਖ ਸੁਨਾਉਂਦਾਈ।

## ਬਾਵੇ ਸਰੂਪ ਦਾਸ ਜੀ ਨੇ ਟੇਕ ਸਿੰਘ ਦੀ ਕਲਾਲੀ ਮੇਂ ਜਾਨਾ

ਕੋਰੜਾ ਛੰਦ॥ ਬਾਵਾ ਸਰੂਪ ਦਾਸ ਸੈਲ ਕੀਤਾ ਲੋੜਦਾ। ਪ੍ਰੀਤੀ ਹਰ ਨਾਮ ਨਾਲ ਬੈਠ ਜੋੜਦਾ। ਛੱਟ ਗੁਰ ਭਾਈਆਂ ਨੂੰ ਲੰਗਰ ਸਮਾਲਦਾ। ਆਪ ਬਾਵਾ ਹੱਥ ਚਿਪੀਆਂ ਨੂੰ ਡਾਲਦਾ। ਮੋਤੀਆਂ ਦੀ ਮਾਲਾ ਹੱਥ ਵਿਚ ਫੇਰਦੇ। ਕੰਨੋਂ ਫੜ ਸ਼ੇਰ ਤਾਈ ਹਿਠਾਂ ਗੇਰਦੇ। ਸ਼ੇਰ ਦੀ ਸਵਾਰੀ ਬਾਵਾ ਆਪ ਕਰਦਾ। ਬਿਨਾ ਕਰਤਾਰ ਤੋਂ ਨਾ ਮੂਲ ਡਰਦਾ। ਪਹੁੰਚਿਆ ਕਲਾਲੀ ਟੇਕ ਸਿੰਘ ਵਾਲੜੀ। ਵਗੇ ਦਰਯਾ ਚਲੇ ਸੂਆ ਨਾਲੜੀ। ਸੁਹਾਗ ਠੰਢੇ ਉਤੇ ਬਾਵਾ ਸਾਹਿਬ ਲੇਟਦੇ। ਉਤੋਂ ਆਗਏ ਜੇ ਮਹੀਨੇ ਜੇਠ ਦੇ। ਪੈਂਦੀਆਂ ਫੁਹਾਰਾਂ ਤੇ ਬਹਾਰ ਬਾਰਦੀ। ਛਾਇਆ ਉਤੋਂ ਸਿਘਨੀ ਸੀ ਚਿੱਤ ਠਾਰ ਦੀ। ਮੈਹਲਾਂ ਵੱਲ ਬਾਵਾ ਧੀਰੇ ਧੀਰੇ ਜਾਂਵਦਾ। ਜਤੀ ਸਤੀ ਪੂਰਾ ਨਾ ਉਤਾਂ ਤਕਾਂਵਦਾ। ਬਾਗ ਵਲੋਂ ਟੱਪ ਦੇਖ ਫੁਲਵਾਰੀਆਂ। ਰੰਗ ਰੰਗ ਸ਼ੋਭ ਰਹੀਆਂ ਨੇ ਕਿਆਰੀਆਂ। ਹਰੇ ਰੰਗ ਕ੍ਰਮਚੀ ਗੂੜੇ ਨੀ ਸੋਸਨੀ। ਸਬਜ਼ ਚਿੱਟੇ ਗੁਲਨਾਰੀ ਅਤੀ ਬੋਸ਼ਨੀ। ਚੰਬਾ ਗੇਂਡਾ ਕੇਵੜਾ ਗੁਲਾਬ ਮੋਤੀਆ। ਗੁਲਾਬਾਸੀ ਗਿਲੋ ਸੋਭੇ ਰੰਗ ਤੋਤੀਆ। ਮਹਿਕੀ ਹੈ ਚੰਬੇਲੀ ਨਾ ਸੀ ਕਹੀ

ਜਾਂਵਦੀ। ਦੋ ਦੋ ਮੀਲ ਉਤੋਂ ਸੀ ਸੁਗੰਧੀ ਆਂਵਦੀ। ਲਗੀ ਕਿਤੇ ਅੰਬ ਤੇ ਸਤੂਤ ਫਾਲਸੇ। ਅਨਾਰ ਸੇਉ ਰਸ ਦਾਰ ਖਾਨ ਖਾਲਸੇ। ਖੱਟੇ ਮਿਠੇ ਸੰਤਰੇ ਖਰੇ ਨੌਰੰਗੀਆਂ। ਜੰਮੂ ਆੜੂ ਦਾੜੂ ਨੇ ਜਨੌਰਾਂ ਡੰਗੀਆਂ। ਬੁਲਬਲਾਂ ਤੇ ਕੁਮਰੀ ਆਂ ਦਾ ਮਿਠਾ ਬੋਲਨਾ। ਕੋਇਲ ਮੈਨਾ ਮੇਵਿਆਂ ਸੋ ਮੂੰਹ ਚੋਲਨਾ। ਮੋਰ ਪਾਵੇ ਪੈਲ ਪੰਛੀ ਕਈ ਭਾਂਤਦੇ। ਜੇਠ ਦੇ ਮਹੀਨੇ ਵਿਚ ਬਾਗ ਸਾਂਤਦੇ। ਬਰਸੇ ਬਰਸਾਤ ਨੈਹਰ ਲੈਹਰ ਮਾਰਦੀ। ਬਾਗ ਵਾਲੀ ਹਵਾ ਸੀ ਕਚੈਹਰੀ ਠਾਰ ਦੀ। ਨਰਗਸ ਸਦ ਬਰਗ ਬਾਵਾ ਟੱਪ ਜਾਂਵਦਾ। ਬਾਵਾ ਜੀ ਕਚੈਹਰੀ ਦੇ ਨਜ਼ੀਕ ਆਂਵਦਾ। ਪਿਪਲ ਤੇ ਪਿਪਲੀ ਸੀ ਸੋਭਾ ਪਾਂਵਦੇ। ਲੈਲਾ ਮਜਨੂ ਨਾਮ ਲੋਕ ਸੀ ਬੁਲਾਂਵ-ਦੇ। ਗੱਮਲੇ ਅਨੇਕ ਭਾਂਤ ਸੁਕਾਰ ਦੇ। ਕਚੈਹਰੀ ਵਿਚ ਅੜ ਦਲੀ ਸੀ ਅਵਾਜ ਮਾਰਦੇ। ਰੰਗਲੀ ਸੀ ਮਹਿੰਦੀ ਸੂਰਜ ਮੁਖੀ ਨਾਲ ਜੀ। ਲਾਜਵੰਤੀ ਤੁਲਸੀ ਸੋਭੇ ਕੁਮਾਲ ਜੀ। ਕਰਦਾ ਨਿਆਉਂ ਟੇਕ ਸਿੰਘ ਆਪ ਜੀ। ਸਰੂਪ ਦਾਸ ਪਹੁੰਚੇ ਕਰ ਪੂਰਾ ਜਾਪ ਜੀ। ਬੋਲੇ ਜੋ ਅੱਲਖ ਮੂਹਰੇ ਸੁਕਾਰ ਦੇ। ਸ਼ਿਵਾਂ ਦਾ ਸਰੂਪ ਪਾਪ ਨੂੰ ਸੰਘਾਰ ਦੇ। ਲੈਕੇ ਆਈ ਬਾਵੇ ਜੀ ਨੂੰ ਹੋਨਹਾਰ ਜੀ। ਪਿਤਾ ਦੀ ਵਜੋਂਣਗੇ ਦਸੀ ਜੋ ਕਾਰ ਜੀ। ਟੇਕ ਸਿੰਘ ਦਾ ਰਾਜ ਬਾਵਾ ਡੋਬੂ ਆਪ ਜੀ। ਰਾਜਾ ਫੇਰ ਰੋਊ ਕਰ ਵਿਰਲਾਪ ਜੀ। ਬਾਵਾ ਜੀ ਕਚੈਹਰੀ ਵਿਚ ਬੋਲੇ ਝੂਟ ਜੀ। ਨਾਮ ਬਾਝੋਂ ਡੋਲ

ਬੋਲ ਕੁਲ ਘੱਟ ਜੀ। ਬੂਟਾ ਸਿੰਘ ਭੇਤ ਸਾਰਾ ਅਗੀ ਖੋਲ ਦਾ।ਸੱਚ ਵਾਲੇ ਪਾਲੜੇ ਨੂੰ ਪੂਰਾ ਤੋਲਦਾ ॥

ਵਾਕ ਬਾਵੇ ਸਰੂਪ ਦਾਸ ਕਾ
ਰਾਜੇ ਟੇਕ ਸਿੰਘ ਪ੍ਰਤੀ

ਬਾਵੇ ਵਿੱਚ ਕਚੈਹਰੀ ਦੇ ਜਾਇਕੇ ਤੇ ਸਤ ਨਾਮ ਦਾ ਵਾਕ ਪੁਕਾਰਿਆਈ। ਸੇਵਾ ਸਾਧੂਆਂ ਦੀ ਕਰਨਾ ਧਰਮ ਰਾਜਾ ਕਾਹਨੂੰ ਛੱਤਰੀ ਧਰਮ ਗੁਆਰਿਆਈ। ਮਨ ਬੁਧ ਜੋ ਚਿੱਤ ਹੰਕਾਰ ਰਾਜਾ ਇਨ੍ਹਾਂ ਚੌਹਾਂ ਨੇ ਕੰਮ ਵਿਗਾੜਿਆ ਈ। ਸਾਧ ਜਾਨਕੇ ਚਰਨਾ ਤੇ ਡਿੱਗ ਪਈਏ ਲੋਕ ਅਤੇ ਪ੍ਰਲੋਕ ਸਵਾਰਿਆਈ॥ਨਿੰਦਜਾ ਸਾਧ ਦੀ ਜੋੜ ਨਾ ਪਾਪ ਕੋਈ ਨਿੰਦਕ ਰਬ ਨੂੰ ਖਾਸ ਦੁਖਾਰਿਆਈ। ਅਠ ਸਠ ਤੀਰਥ ਸਾਧੂ ਪਾਸ ਰੈਂਹਦੇ ਸਾਧੂ ਤੀਰਥਾਂ ਦੇ ਟੁਬੇ ਲਾਰਿ ਆਈ। ਸਾਧੂ ਖਾਸ ਭਗਵੰਤ ਕਾ ਰੂਪ ਜਾਨੋ ਸਾਧੂ ਪਤਤ ਨੂੰ ਪਾਵਨ ਬਨਾਰਿਆਈ। ਬੂਟਾ ਸਿੰਘ ਕਹੇ ਰਾਜਿਆ ਕਰੀਂ ਸੇਵਾ ਸਰੂਪ ਦਾਸ ਜੀ ਮੁਖੋਂ ਫ਼ੁਰਮਾਰਿਆਈ॥

ਜਬਾਬ ਰਾਜਾ ਟੇਕ ਸਿੰਘ

ਰਾਜੇ ਟੇਕ ਸਿੰਘ ਸੁਨੇ ਜਾਂ ਬਚਨ ਐਸੇ ਹੰਕਾਰੀ ਚਾਹੂੰ ਦਾ ਜੋ ਕੀਤੇ ਕਾਰਿਆਂ ਨੂੰ।ਬੈਠੇ ਕੁਰਸੀ ਤੇ ਕਰੇ ਅਦਾਲਤਾਂ ਨੂੰ ਅਗੇ ਰਖਕੇ ਦਫਤ੍ਰਾਂ ਭਾਰਿਆਂ ਨੂੰ। ਸੁਨ ਕੇ ਬਾਵੇ ਦੇ ਬਚਨ ਸੀ ਲਾਲ ਹੋਯਾ ਰਾਜਾ ਹੁਕਮ ਦੇਂਦਾ ਦੋ ਹਲਕਾ ਰਿਆਂ ਨੂੰ। ਮੇਰੀ ਵਿਚ ਕਚੈਹਰੀ ਦੇ ਰੌਲਾ ਪਾਵੇ ਫੜਕੇ

ਕੁੱਟੇ ਚਾ ਝੱਟ ਨਿਕਾਰਿਆਂ ਨੂੰ। ਇਕ ਵਾਰ ਜੋ ਮਾਰਦੀ ਬੈਬ ਚਾੜ੍ਹੇ ਰਖੇ ਯਾਦ ਨਾ ਭੁਲੇ ਦਿਹਾੜਿਆਂ ਨੂੰ। ਕੋਲ੍ਹੂ ਅਗੇ ਖਰਾਸ ਦੇ ਝੱਟ ਜੋੜੇ ਪਤਾ ਲਗ ਜਾਏ ਭੇਖ ਖਿਲਾਰਿਆਂ ਨੂੰ। ਇਕ ਪੈਹਰ ਖੂਹੇ ਅਗੇ ਜੋੜ ਦੇਈਏ ਛੱਡ ਜਾਨ ਫਕੀਰ ਫੁਕਾਰਿਆਂ ਨੂੰ। ਸਿੱਧਾ ਕਰਨ ਫਕੀਰ ਦਾ ਵੱਲ ਮੈਨੂੰ ਜਿਕੂੰ ਲੋਹੇ ਦਾ ਵੱਲ ਲੁਹਾਰਿਆਂ ਨੂੰ। ਬੇਤਮੀਜ਼ ਬੇ ਇਲਮ ਬੇਅਕਲ ਹੁੰਦੇ ਏ ਕੀ ਜਾਨਦੇ ਰਾਜ ਦੁਆਰਿਆਂ ਨੂੰ। ਸਾਧ ਹੋਵੇ ਪਲੀਤ ਜੋ ਸ਼ੈਹਰ ਆਵੇ ਨਹੀ ਸ਼ੁਰਮ ਹੈ ਰੱਬ ਦੇ ਮਾਰਿਆਂ ਨੂੰ। ਰੌਲਾ ਕਰੇਂ ਕਚੈਹਰੀ ਏ ਕੈਦ ਕਰਸਾਂ ਏਹ ਕੀ ਜਾਨਸੀ ਰਾਜ ਦਰਬਾਰਿਆਂ ਨੂੰ। ਵਾਲ ਡੈਂਣ ਦੇ ਵਾਂਗ ਤੇ ਮੈਨੂੰ ਤਾੜੇਂ ਲਖ ਲਾਨਤਾਂ ਭੇਖ ਦੇ ਧਾਰਿਆਂ ਨੂੰ। ਗੇਰੀ ਦਾਰ ਬਸਤਰ ਹੱਥ ਫੜੀ ਚਿੱਪੀ ਵੱਤਰ ਦੇਨ੍ਹ ਏਹ ਧੂਪੇ ਖਲਾਰਿਆਂ ਨੂੰ। ਸਾਧਾਂ ਬੂਬਨਾ ਜੋਗੀਆ ਜਾਨਦਾ ਨਾ ਰਾਜੇ ਟੇਕਸਿੰਘ ਵਾਲੇ ਨਿਤਾਰਿਆਂ ਨੂੰ। ਅਦਲ ਕਰਾਂ ਤੇ ਕੰਬਦਾ ਦੇਸ ਸਾਰਾ ਕਰਾਂ ਤੁਧਦੇ ਦੂਤ ਫੁਕਾਰਿਆਂ ਨੂੰ। ਰਾਮ ਨਾਮ ਕਚੈਹਰੀ ਦੇ ਵਿਚ ਬੋਲੇਂ ਦੋਜ਼ਕ ਘਤਕੇ ਕਰਾਂ ਨਿਤਾਰਿਆਂ ਨੂੰ। ਸਾਧ ਨਹੀਂ ਤੂੰ ਠੱਗ ਹੈਂ ਠੀਕ ਭਾਰਾ ਰੌਲਾ ਪਾ ਸੁਨਾਵੇਂ ਚੁਬਾਰਿਆਂ ਨੂੰ। ਕਤਲ ਕਰਾਂ ਯਾ ਸੂਲੀ ਦੇ ਦੇਵਾਂ ਤੈਨੂੰ ਅਗੇ ਕੌਨ ਹੋਵਨ ਸਾਧਾਂ ਸਾਰਿਆਂ ਨੂੰ। ਲਗੇ ਲੈਂਡਿਆਂ ਵਾਂਗ ਮੁਸ਼ਟੰਡਿਆਂ ਦੇ ਮਾਰਾਂ ਲੁਚਿਆਂ ਅਤੇ ਬਦਕਾਰਿਆਂ ਨੂੰ। ਹਲ ਵਾਹੁੰਦਾ

ਵਾਹੁੰਦਾ ਫੜੈ ਚਿੱਪੀ ਸੂਠ ਮਾਰ ਤੋੜਨ ਸਾਧੂ ਤਾਰਿਆਂ ਨੂੰ। ਵਸ਼ਿਸ਼੍ਰ ਅਗਸਤ ਦੇ ਬਨਨ ਏਹ ਝੱਟ ਬਾਪੂ ਕੀ ਦਸਾਂ ਮੈਂ ਏਨਾ ਦੇ ਕਾਰਿਆਂ ਨੂੰ। ਭਗਵੇਂ ਰੰਗੇ ਤੇ ਸਿੰਙੀ ਦਾ ਬਨਿਯਾ ਚਾਚਾ ਚੇਲਾ ਮੰਨ ਬੈਂਹਦਾ ਸਾਧਾਂ ਸਾਰਿਆਂ ਨੂੰ। ਸ਼ਿਮਸਟੇਜ਼ ਵਾਂਗੂ ਤੇਰੀ ਖੱਲ ਲਾਹਵਾਂ ਕਰਾਂ ਛਾਨਨੀ ਵਾਂਗਰਾਂ ਝਾਰਿਆਂ ਨੂੰ। ਤਰਸ ਕਰ ਨਰਾ ਇਨ ਦਾ ਛੱਡਨਾ ਹਾਂ ਮਾਰਾਂ ਮਕਰੀਆਂ ਠਕਰੀਆਂ ਭਾਰਿਆਂ ਨੂੰ। ਚਲਾ ਜਾਹ ਏਥੋਂ ਖੜਨਾ ਨਹੀਂ ਚੰਗਾ ਪਛੋਤਾ ਵਸੇਂ ਵਕਤ ਗੁਜਾਰਿਆਂ ਨੂੰ। ਏਥੇ ਠੈਹਰਨਾਂ ਭਲਾ ਨਾ ਕਦੇ ਹੋਸੀ ਏਥੋਂ ਦੂਰ ਲੈ ਜਾ ਨਜਾਰਿਆਂ ਨੂੰ। ਬੂਟਾ ਸਿੰਘ ਕਹੇ ਟੇਕ ਸਿੰਘ ਸਖਤ ਏਲੇ ਅਖੀਂ ਚਾੜ੍ਹਕੇ ਬੈਠਾ ਗੁਬਾਰਿਆਂ ਨੂੰ॥

### ਵਾਕ ਬਾਵਾ ਸਰੂਪ ਦਾਸ

ਸਾਨੂੰ ਬੁਰੀ ਕਲਾਮ ਤੂੰ ਬੋਲਿਓਂ ਓਇ ਅਸੀਂ ਨਾਗ ਕਾਲੇ ਜਗ ਜਾਨਦਾਈ। ਜਿਨਾ ਸਾਧੂਆਂ ਨਾਲ ਹੈ ਵੈਰ ਪਾਯਾ ਨਹੀਂ ਸੁਖ ਜਹਾਂਨ ਤੇ ਮਾਂਨਦਾਈ। ਦੇਈਏ ਬਦ ਦੁਆ ਜੇ ਇਕ ਤੈਨੂੰ ਮਿੱਟੀ ਜੱਗ ਤੇ ਫਿਰੇਂ ਤੂੰ ਛਾਨਦਾਈ। ਸਾਧੂ ਮਸਤ ਮਲੰਗ ਨੂੰ ਛੇੜੀਏ ਨਾ ਜੋਗੀ ਜਾਨੀਏ ਰੂਪ ਭਗਵਾਂਨਦਾਈ। *ਜਿਨਾਂ ਸਾਧੂਆਂ ਨਾਲ ਹੈ* ਅਤ ਚੱਕੀ ਕੈਹਰ ਉਨਾਂ ਤੇ ਰਬ ਵਰਸਾਂਨਦਾਈ। ਜਰ ਮਾਲ ਉਲਾਦ ਤੋਂ ਜਾਨ ਖਾਲੀ ਕੋਹੜ ਵੈਹੀਆਂ ਰਬ ਚਲਾਂਨਦਾਈ। ਬੋਲੇ

ਸਿੰਤਾਂਨੂੰ ਬਚਨ ਦੂਰ ਬਚਨ ਜੇਹੜਾ ਬੀਜ ਹੁੰਦਾ ਓਹ ਖਾਸ ਸ਼ਤਾਨ਼ਦਾਈ।ਝੂਟੇ ਸਿੰਘਾ ਬਾਵਾ ਸਰੂਪ ਦਾਸ ਬੋਲੇ ਤੇਰਾ ਮੁਖ ਦਿਸੇ ਖਾਨ ਦਾਨ ਦਾਈ ॥

### ਵਾਕ ਰਾਜਾ ਟੇਕ ਸਿੰਘ

ਠੱਗ ਖਾਧੇ ਈ ਸਾਧਾ ਤੂੰ ਜਗ ਨੂੰ ਵੇ ਕਿਥੋਂ ਚਲਿਆ ਜੋਗ ਸੰਨਜਾਸ ਦਾ ਹੈ। ਨਾਦ ਸੇਲੀ ਤੇ ਖੱਪਰੀ ਕਿਸ ਕਢੀ ਕਿਥੋਂ ਨਿਕਲਿਆ ਰਾਹ ਉਦਾਸ਼ ਦਾ ਹੈ। ਕਿਸ ਬਧੀ ਹੈ ਜਟਾਂ ਦੀ ਪਗ ਦਸੀਂ ਜੋਗ ਕਿਵੇਂ ਜਹਾਨ ਪ੍ਰਕਾਸ ਦਾ ਹੈ। ਭਬੂਤੀ ਅਗਨੀ ਕਢੀ ਹੈ ਕਿਸ ਬਾਵਾ ਸਾਰਾ ਖੋਹਲ ਤੂੰ ਹਾਲ ਅਕਾਸ਼ ਦਾ ਹੈ। ਗੇਰੀ ਤੂੰਬੇ ਏਹ ਸਾਧੂਆਂ ਕਿਉਂ ਪਕੜੇ ਕਢਿਆ ਕੰਮ ਏਹ ਕਿਸ ਚਪੜਾਸਦਾ ਹੈ। ਭਗਵੇ ਨੀਲੇ ਤੇ ਡੰਡਿਆਂ ਚਿਮਟਿਆਂ ਨੂੰ ਮਾਲਾ ਤਸਬੀ ਕੌਣ ਉਲਾਸਦਾ ਹੈ। ਭੇਦ ਖੋਹਲਦੇ ਸਾਰਾ ਜੇ ਸਾਧ ਹੈਂ ਤੂੰ ਜਾਂ ਫਿਰ ਠੱਗ ਤੂੰ ਕੂੜਾ ਉਦਾਸਦਾ ਹੈ। ਝੂਟੇ ਸਿੰਘ ਕਹੇ ਖੋਲੇਂ ਨਾ ਹਾਲ ਜੇਕਰ ਵੇਚ ਤੂੰਮਤੂੰ ਥੋਰੀ ਮਦਰਾਸਦਾ ਹੈ।

### ਵਾਕ ਬਾਵਾ ਸਰੂਪ ਦਾਸ ਜੀ

ਤੇਰੇ ਬਾਪਨੇ ਜੋਗ ਬਨਾਇਆ ਨਾ ਜੋਗ ਖਾਸਹੈ ਜੋਗ ਜੁਗਾਸੀਆਂ ਦਾ। ਮਹਾਂ ਦੇਵ ਨੇ ਜੋਗ ਦੀ ਬੀੜ ਬੰਨੀ ਦੇਵ ਦੱਤ ਜੀ ਗੁਰੂ ਸੰਨਿਆਸੀਆਂ ਦਾ। ਰਾਮਾ ਨੰਦ ਬੈਰਾਗ ਬਬੇਕ ਕੀਤਾ ਨਾਨਕਦੇਵ ਜੀ ਗੁਰੂ ਉਦਾਸੀਆਂਦਾ। ਗੁਰੁ ਬਾਹਮਨਾ ਦਾ ਬ੍ਰਹਮਾ ਜਾਨ ਲੈਨਾ ਮਹੇਸ਼ ਬਿਸ਼ਨ ਗੁਰੂ

ਸਭ ਰਾਸ਼ੀਆਂਦਾ। ਸੁਥਰਾ ਸੁਥਰਿਆਂ ਦਾ ਸਾਰਾ ਦੇਸ ਜਾਨੋ ਪ੍ਰੇਮ ਜੋਤ ਜੀ ਗੁਰੂ ਉਪਾਸੀਆਂ ਦਾ। ਜੁਗਲ ਪੀਰ ਹੈ ਕੁਲ ਜਲਾਲੀਆਂਦਾ ਸ਼ੇਖ ਸਯਦ ਹੈ ਸਯਦਾਂ ਪਾਸੀਆਂ ਦਾ। ਗੁਰੂ ਮਦਾਰੀਆਂ ਦਾ ਸਾਹ ਮਦਾਰ ਜਾਨੀ ਭਗਵਾਨ ਕ੍ਰਿਸ਼ਨ ਹੈ ਖਾਸ ਉਪਾਸੀਆਂ ਦਾ। ਵਸ਼ਿਸਟ ਗੁਰੂ ਨਿਰਬਾਨ ਬੈਰਾਗੀਆਂ ਦਾ ਇਨਤਸਾਰ ਗੁਰੂ ਇਨਤਸਾਰੀਆਂ ਦਾ। ਨੌ ਸ਼ਾਹ ਜੋਹਾਦੀ ਨੌਸ਼ਾਹੀ ਆਂ ਦਾ ਫਰੀਦ ਗੁਰੂ ਹੈ ਚਿਸਤ ਅਬਾਸੀਆਂ ਦਾ। ਦਸਤ ਗੀਰ ਮਾਲਕ ਕੁਲ ਖਲਕਦਾਈ ਕਬੀਰ ਭਗਤ ਜੀ ਗੁਰੂ ਜੁਲਾਸੀਆਂ ਦਾ। ਸੇਖ ਟੀਹਰ ਗੁਰੂ ਕੁਲ ਮੋਚੀਆਂ ਦਾ ਲੁਕਮਾਨ ਗੁਰੂ ਲੁਹਾਰ ਖਰਾਸੀਆਂ ਦਾ। ਛੀਂਬੇ ਧੋਬੀਆਂ ਦਾ ਗੁਰੂ ਦੇਵ ਨਾਂਮਾ ਸ਼ਮਸ਼ ਗੁਰੂ ਜ਼ਰਗਰਾਂ ਵ ਚਾਸੀਆਂ ਦਾ। ਖੁਆਜਾ ਖਿਜਰਜੀ ਗੁਰੂ ਮੁਹਾਣਿਆਂ ਦਾ ਲਾਲ ਬੇਗ ਜੀ ਚੂੜਿਆਂ ਖਾਸੀਆਂ ਦਾ। ਪੀਰ ਦਸਾਂ ਭਿਰਾਂਈਆਂ ਦਾ ਸਖੀ ਸੂਵਰ ਨਕਸ਼ੇ ਬੰਦ ਗੁਰੂ ਮੁਗਲਾਂ ਤਾਸੀਆਂ ਦਾ। ਗੁਰੂ ਜੁਆਰੀਆਂ ਦਾ ਰਾਜਾ ਨਲ ',ਜਾਨੋ ਵ ਸ਼ਿਤਾਨ ਹੈ ਗੁਰੂ ਮਿਰਾਸੀਆਂ ਦਾ। ਹੈ ਜੁਲਾਹਿਆਂ ਦਾ ਗੁਰੂ ਸੀਸ ਹਜ ਰਤ ਸ਼ਮਸ ਸ਼ਾਹ ਸੁਨਾਰੇ ਵ ਚਾਸੀਆਂ ਦਾ। ਘੁਮਜਾਰ ਹਾਜੀ ਗਿਲਗੋਇ ਨੂੰ ਗੁਰੂ ਮੰਨਨ ਸੁਲੇਮਾਨ ਜੀ ਜਿਨਾਂ ਭੂਤਾਸੀਆਂ ਦਾ। ਗੁਰੂ ਤੇਲੀਆਂ ਦਾ ਹਸੂ ਪੀਰ ਭਾਰੀ ਸ਼ਾਹ ਅਲੀ ਗੁਰੂ ਰਾਵਜੀ ਰਾਸੀਆਂਦਾ। ਗੁਰੂ ਨਾਈਆਂ

ਦਾ ਭਗਤ ਸੈਨ ਜਾਨੋਂ ਦਊਦ ਗੁਰੂ ਹੈ ਜ਼ਰੀ ਨਿਵਾਸੀਆਂ ਦਾ। ਕਰੇਂ ਹੰਕਾਰ ਰਾਠਾ ਰਾਜ ਉਜੜੀਗਾ ਰੰਗਰੇਜ ਗੁਰੂ ਲਲਾਰ ਦਤਾਸੀਆਂ ਦਾ। ਬਾਬਾ ਜਿੰਦਾ ਦਰਯਾ ਦੇ ਸੇਵਕਾਂ ਦਾ ਕਲਗੀਧਰ ਗੁਰੂ ਸਿੰਘਾ ਸਿੰਘਾਸੀਆਂ ਦਾ। ਬਾਵੇ ਖੋਹਲਕੇ ਹਾਲ ਸੁਨਾਇ ਦਿਤਾ ਬਾਵਾ ਜਾਨਦਾ ਹਾਲ ਜੁਗਾਸੀਆਂ ਦਾ। ਬੂਟਾ ਸਿੰਘ ਤਾਂ ਹੋਯਾ ਬਲਿਹਾਰ ਭਾਰੀ ਰਾਜਾ ਕ੍ਰੋਧ ਕਰ ਅਖਾਂ ਉਗਾਸੀਆਂ ਦਾ॥

### ਵਾਕ ਰਾਜਾ ਟੇਕ ਸਿੰਘ ਕਾ ਕ੍ਰੋਧ ਮੇਂ

ਸਾਧਾ ਨਕਟਿਆ ਬੋਰੀਆ ਭਾਟੜਾ ਤੂੰ ਸਿੱਠਾਂ ਵਾਂਗ ਮਿਰਾਸੀਆਂ ਜਾਨਦਾ ਹੈਂ। ਝੰਡ ਖੋਹਲਕੇ ਸੀਸ ਮੇਂ ਖਾਕ ਪਾਈ ਮਿਟੀ ਜੱਗ ਦੇ ਵਿਚ ਤੂੰ ਛਾਨਦਾ ਹੈਂ। ਫਿਰੇਂ ਦੇਸ ਪ੍ਰਦੇਸ ਦੇ ਵਿਚ ਭੌਂਦਾ ਜਾਤਾਂ ਭੱਟਾਂ ਦੇ ਵਾਂਗਰਾਂ ਜਾਨਦਾ ਹੈਂ। ਨਿਗੁਰਿਆਂ ਵਾਂਗ ਤੂੰ ਬੋਲਦਾ ਬੋਲ ਸਾਰੇ ਮੂੰਹ ਫਿਟਕਿਆ ਭ੍ਰਿਸ਼ਟਿਆ ਕਾਨਦਾ ਹੈਂ। ਕਿਸੇ ਵੇਸਵਾ ਪੂਤ ਕਪੂਤ ਜਾਯਾ ਬੀਜ ਲਗਦਾ ਕਿਸੇ ਤੂੰ ਸਾਨਦਾ ਹੈ। ਤੈਨੂੰ ਸ੍ਰਮ ਨਾਂ ਆਵੇ ਹਰਾਮ ਖੋਰਾ ਲਗੇਂ ਲੁਚਿਆਂ ਦੇ ਮੈਨੂੰ ਹਾਨਦਾ ਹੈਂ। ਚਲਾ ਜਾਹ ਏਥੋਂ ਨਹੀ ਤਾਂ ਦਿਆਂ ਫਾਸੀ ਪੂਤ ਠੀਕ ਕਿਸੇ ਬੇਈਮਾਨ ਦਾ ਹੈਂ। ਬੂਟਾ ਸਿੰਘ ਕਹੇ ਰਾਜੇ ਦੀ ਮਤ ਮਾਰੀ ਭਰਿਆ ਜੋਬਨ ਤੇ ਮਦ ਗੁਮਾਨ ਦਾ ਹੈਂ।

## ਬਾਵੇ ਸਰੂਪ ਦਾਸ ਨੇ ਰਾਜੇ ਟੇਕਸਿੰਘ ਪਰ ਕ੍ਰੋਧ ਵਾਨ ਹੋਕਰ ਦਰਿਯਾ ਸੁਹਾਗ ਪਰ ਜਾਨਾ

ਖੋਟੇ ਬਚਨ ਸੁਨਕੇ ਟੇਕ ਸਿੰਘ ਵਾਲੇ ਦੇਕੇ ਆਪ ਸ੍ਰਾਪ ਓਹ ਭਾਗ ਆਏ। ਪਿੰਡ ਤੇਰਾ ਰਾਜਾ ਠੀਕ ਉਜੜੀਗਾ ਮੈਹਲ ਸੱਖਨੇ ਬੋਲਦੇ ਕਾਗ ਆਏ। ਕਦੇ ਵਸੋਂ ਸੀ ਕਦੇ ਉਜਾੜ ਹੋਈ ਰਾਜਾ ਤੁਧਦੇ ਭਾਗ ਅਭਾਗ ਆਏ। ਸਰੂਪ ਦਾਸ ਜੀ ਪ੍ਰੇਮ ਕ੍ਰੋਪ ਹੋਕੇ ਰਾਜੇ ਟੇਕਸਿੰਘ ਤਾਂਈ ਤਿਯਾਗ ਆਏ। ਛੱਡ ਮੈਹਲ ਅਦਾਲਤਾਂ ਬਾਗ ਬਾਵਾ ਬੋਲ ਅਤੇ ਕਬੋਲ ਭੀ ਝਾਗ ਆਏ। ਆਇ ਸੁਹਾਗ ਦਰਯਾ ਤੇ ਖੜੇ ਬਾਵਾ ਪਾਨੀ ਵਿੱਚ ਭਾਰੀ ਮੱਛ ਨਾਗ ਆਏ। ਦੇਕੇ ਆਏ ਸ੍ਰਾਪ ਸੁਹਾਗ ਕੰਢੇ ਪ੍ਰੀਤਮ ਦਾਸ ਦੇ ਬਚਨ ਜੋ ਜਾਗਆਏ। ਆਏ ਪਿਤਾ ਦੀ ਕਾਰ ਕਮਾਂਵਨੇਨੂੰ ਡੋਬਨ ਰਾਜੇ ਦਾਰਾਜ ਤੇ ਭਾਗ ਆਏ। ਕੀਤੀ ਅਰਜ ਦਰਗਾਹਦੇ ਵਿਚ ਬਾਵੇ ਹੋਈ ਮਨਜ਼ੂਰ ਬਾਵਾ ਬਾਗ ਬਾਗ ਆਏ। ਦੂਯਾ ਸੁਹਾਗਾ ਤੂੰਅਜ ਲੈ ਮੰਨ ਸਾਨੂੰ ਬਾਬਾ ਜਿੰਦਾ ਜੀ ਸੁਤੇ ਹੋਏ ਜਾਗ ਆਏ। ਕੰਢੇ ਉਤੇ ਸੁਹਾਗ ਦੇ ਬਾਬਾ ਜਿੰਦਾ ਸੋਹਨਾਂ ਪਏ ਅਲਾਪ ਦੇ ਰਾਗ ਆਏ। ਬੂਟਾ ਸਿੰਘ ਦੱਸੇ ਚਰਚਾ ਦੋਹਾਂ ਵਾਲੀ ਮੋਟੀ ਮਤ ਨ ਗਿਆਨ ਵੈਰਾਗ ਆਏ।

## ਬਾਵੇ ਸਰੂਪ ਦਾਸ ਨੇ ਬਾਬੇ ਜਿੰਦੇ ਨਾਲ ਬਚਨ ਕਰਨੇ।

ਜਿੰਦੇ ਪੀਰ ਨੂੰ ਆਖਦੇ ਬਾਵਾ ਸਾਹਿਬ ਤੇਰਾ ਮੇਰਾ ਹੈ ਆਦ ਦਾ ਪਿਆਰ ਸੁਆਮੀ। ਦੁਆਪੁਰ ਯੁਗ ਦੇ ਵਿਚ

ਹਾਂ ਰਹੇਕੱਠੇ ਜਦੋਂ ਮੱਛਦਾ ਮੇਰਾਅਵਤਾਰਸੁਆਮੀ।ਪਿਛਲੇ ਪਿਆਰ ਨੂੰ ਪਾਲਨਾ ਧਰਮ ਤੇਰਾ ਤੈਥੋਂ ਅਸੀ ਲੈਣੀ ਪੂਰੀ ਕਾਰ ਸੁਆਮੀ। ਚਿੱਪੀ ਵਿਚ ਤੂੰ ਪਾਦੇ ਸੁਹਾਗਮੈਂਨੂੰ ਦੇਵਾਂ ਵਿੱਚ ਬਿਆਸਾ ਦੇ ਡਾਰ ਸੁਆਮੀ। ਪਤਨ ਹਰੀ ਕਾ ਭਾਰੀ ਮਸ਼ਹੂਰ ਛੇਹੜਾ ਓਥੇ ਦੋਹਾਂ ਦੀ ਕਰਾਂ ਇੱਕ ਧਾਰ ਸੁਆਮੀ। ਉਤੋਂ ਦੋ ਆਵਨ ਹੇਠੋਂ ਦੋ ਜਾਂਵਨ ਏਥੇ ਸੁਕਦੀ ਕਰਾਂਗਾ ਮਾਰ ਸੁਆਮੀ। ਟੇਕ ਸਿੰਘ ਦਾ ਰਾਜ ਉਜਾੜ ਨਾਂ ਮੈਂ ਏਥੇ ਪਾਣੀ ਦੀ ਰਹੇ ਨਾਂ ਧਾਰ ਸੁਆਮੀ। ਬੂਟਾ ਸਿੰਘ ਕਹਿੰਦਾ ਅਗੋਂ ਬਾਬਾ ਜਿੰਦਾ ਮੰਨ ਗਏ ਨਾਂ ਕਰਨ ਤਕ ਰਾਰ ਸੁਆਮੀ।

### ਵਾਕ ਬਾਬਾ ਜਿੰਦਾ ਬਾਵੇ ਸਰੂਪ ਦਾਸ ਦੇ ਨਾਲ

ਬਾਬਾ ਜਿੰਦਾ ਬਾਵੇ ਸਰੂਪ ਦਾਸ ਤਾਈਂ ਕੈਂਹਦਾ ਮੁਝ ਦੀ ਨਹੀਂ ਇਨਕਾਰ ਸੁਆਮੀ। ਜਿਵੇਂ ਇਛਿਆ ਆਪਦੀ ਮੈਂ ਹਾਜਰ ਬਾਰ ਬਾਰ ਮੈਂ ਤੈਥੋਂ ਬਲਿਹਾਰ ਸੁਆਮੀ। ਕਰੋ ਚਿੱਪੀ ਕੁਲ ਸੁਹਾਗ ਸਮਾਇ ਜਾਸੀ ਜਿਥੇ ਮਰਜੀ ਤੁਹਾਡੀ ਦੇਵੋ ਡਾਰ ਸੁਆਮੀ। ਕੁਲ ਸ੍ਰਿਸ਼ਟ ਹੈ ਤੁਧਦੇ ਹੁਕਮ ਅੰਦ੍ਰ ਜਲ ਪੌਣ ਧਰਤੀ ਅੰਗਿਯਾਰ ਸੁਆਮੀ। ਨੌ ਖੰਡ ਚੌਦਾਂ ਤਬਕ ਹੁਕਮ ਮੰਨਣ ਤੇਜ ਸਕਨ ਨਾਂ ਤੇਰਾ ਸਹਾਰ ਸੁਆਮੀ। ਸ਼ਾਧ ਵਿੱਚ ਜੋ ਸ਼ਕਤ ਅਨੰਤ ਲੇਕੋ ਰੇਖ ਵਿੱਚ ਦੇਵਨ ਮੇਖ ਮਾਰ ਸੁਆਮੀ। ਗੁਰੂ ਗ੍ਰੰਥ ਵਾ ਵੇਦ ਕੁਰਾਨ ਦੱਸਨ ਸਾਧੂ ਰੂਪ ਹਨ ਰੱਬ ਦਤਾਰ ਸੁਆਮੀ। ਬਾਬੇ ਜਿੰਦੇ

ਨੇ ਦਿਤਾ ਜੇ ਬਚਨ ਓਥੇ ਸਰੂਪ ਦਾਸ ਜੀ ਹੋਏ ਤਯਾਰ ਸੁਆਮੀ। ਆਪਸ ਵਿਚ ਅਦੇਸ ਅਦੇਸ ਕੀਤੀ ਬਾਬਾ ਜਿੰਦਾ ਜੀ ਗਯਾ ਪਧਾਰ ਸੁਆਮੀ। ਬਾਬਾ ਜਿੰਦਾ ਅਲੋਪ ਜਾਂ ਹੋਯਾ ਓਥੋਂ ਸਰੂਪ ਦਾਸ ਜੀ ਬੋਲੇ ਕਰਤਾਰ ਸੁਆਮੀ। ਬਾਵੇ ਚਿੱਪੀ ਦੇ ਵਿਚ ਸੁਹਾਗ ਪਾਯਾ ਹੋਯਾ ਪੌਣ ਦੇ ਉਤੇ ਸਵਾਰ ਸੁਆਮੀ। ਪਤਨ ਹਰੀਕਿਆਂ ਦੇ ਕੋਲ ਆਏ ਬਾਵੇ ਦਿਤਾ ਸੁਹਾਗ ਨੂੰ ਬਿਆਸਾ ਮੇਂ ਡਾਰ ਸੁਆਮੀ। ਸ਼ਕਤ ਸੰਤ ਦੀ ਦੇਖੋ ਪਰਤਖ ਲੋਕੋ ਕੀਤਾ ਮੁਝ ਨੇ ਅਖੀਂ ਦੀਦਾਰ ਸੁਆਮੀ। ਨਿਸ਼ਾਨ ਅਜੇ ਦਰਯਾ ਦੇ ਨਜਰ ਆਵਨ ਮਲਕ ਹਾਂਸ ਦੇ ਕੋਲ ਵੀਚਾਰ ਸੁਆਮੀ। ਉਤੋਂ ਦੋ ਆਵਨ ਹੇਠੋਂ ਦੋ ਜਾਂਵਨ ਵਿਚੋਂ ਸੁਕਿਆ ਵਾਂਗ ਬੀਮਾਰ ਸੁਆਮੀ। ਮੈਹਮਾਂ ਸੰਤ ਦੀ ਕਰੇ ਕੀ ਸਿੰਘ ਬੂਟਾ ਬੈਠੇ ਹਰੀ ਕੇ ਪਤਨ ਵਿਚਕਾਰ ਸੁਆਮੀ॥

ਟੇਕ ਸਿੰਘ ਰਾਜੇ ਕੋ ਲੋਕਾਂ ਨੇ ਖਬਰ ਕਰਨੀ ਸੁਹਾਗ
ਦਰਯਾ ਨੂੰ ਬਾਵਾ ਸਰੂਪ ਦਾਸ ਜੀ ਚਿੱਪੀ ਮੇਂ
ਪਾ ਕਰ ਲੈ ਗਏ ਹਰੀ ਕੇ ਪਤਨ ਮੇਂ

ਲੋਕੀ ਆਇਕੇ ਆਖਦੇ ਭੂਪ ਤਾਂਈ ਸਾਧੂ ਚਿੱਪੀ ਮੇਂ ਪਾਯਾ ਸੁਹਾਗ ਤੇਰਾ। ਜਿਨੂੰ ਬੋਲੇ ਦੁਰ ਬਚਨ ਤੇ ਵਾਕ ਖੋਟੇ ਦਰਯਾ ਚੱਕ ਕੇ ਗਏ ਨੀ ਭਾਗ ਤੇਰਾ। ਜਲ ਬਾਝ ਨਾ ਖੇਤੀਆਂ ਅੰਨ ਹੋਵਨ ਜਾਸੀ ਸੂਕ ਹੁਣ ਰਾਜਿਆ ਬਾਗ ਤੇਰਾ। ਕਰ ਉਪਾਉ ਤੇ ਸਾਧੂ ਦੇ ਚਰਨ ਫੜੀਏ ਅਗੇ

ਜਾਗ ਨਾਂ ਰਾਜਿਆ ਭਾਗ ਤੇਰਾ। ਪਿਛਲੀ ਭੁਲ ਬਖਸ਼ਾ ਨਿਰਬਾਣ ਹੋਈਏ ਭਲਾ ਉਨ੍ਹਾਂ ਨੂੰ ਭਾ ਜਾਏ ਰਾਗ ਤੇਰਾ। ਚਲ ਸਾਧੂ ਦੇ ਚੱਲਕੇ ਪੈਰ ਚੁੰਮੀਂ ਮਿਟ ਜਾਵੇ ਜੋ ਭੁਲਾ ਕੁਭਾਗ ਤੇਰਾ। ਕਾਠੀ ਘੋੜੇ ਤੇ ਪਾ ਸਵਾਰ ਹੋਈਏ ਰਾਜ ਤੈਨੂੰ ਹੁਣ ਗਿਯਾ ਤਿਯਾਗ ਤੇਰਾ। ਬੂਟਾ ਸਿੰਘ ਰਾਜਾ ਪਿਆ ਅਜ ਰੋਂਦਾ ਪਿਛਾ ਯਾਦ ਆਯਾ ਹੈ ਵਿਰਾਗ ਤੇਰਾ।

ਰਾਜੇ ਟੇਕ ਸਿੰਘ ਨੇ ਲੋਕਾਂ ਕੋਲੋਂ ਸੁਣਕੇ ਬਾਵੇ
ਸਰੂਪ ਦਾਸ ਦੇ ਪਿਛੇ ਜਾਨਾ ਹਰੀ ਕੇ ਪਤਨ ਮੇਂ

ਰਾਜਾ ਘੋੜੇ ਤੇ ਕਾਠੀ ੨ ਆਇਕੇ ਤੇ ਤੁਰਤਬਾਵੇ ਦੇ ਮਗਰ ਰਵਾਨ ਹੋਯਾ।ਘੋੜਾ ਆਪਨਾ ਲਾਇਕੇਤਾਨ ਨੱਠਾ ਮੁੜਕੇ ਮੁੜਕ ਤੇ ਜੋਰ ਮਦਾਨ ਹੋਯਾ। ਮਾਰ ਚਾਬਕਾਂ ਘੋੜੇ ਨੂੰ ਪੌਣ ਕੀਤਾ ਬੇਗ ਹਰੀ ਕੇ ਪਤਨ ਚਲਾਨ ਹੋਯਾ। ਭਾਂਵੇ ਪਿਛੇ ਜੋ ਗੁਰਾਂ ਨੇ ਦਸਿਆ ਸੀ ਅਜ ਮੁਝ ਨੂੰ ਆਪ ਅਜ ਮਾਨ ਹੋਯਾ। ਜਿਵੇਂ ਦੱਸਿਆ ਗੁਰਾਂ ਸੁਹਾਗ ਚੋਨਾ ਓਸੇ ਤਰਾਂ ਏਹੋ ਅਜ ਆਨ ਹੋਯਾ। ਹੋਣਹਾਰ ਨੂੰ ਰਾਜਾ ਵਿਚਾਰ ਦਾ ਹੈ ਗੁਰੂ ਵੱਲ ਜੋ ਅੰਤਰ ਧਿਆਨ ਹੋਯਾ। ਪ੍ਰੀਤਮ ਦਾਸ ਗੁਰ ਦੇਵ ਦਾ ਪੂਤ ਜਾਪੇ ਰਾਹ ਵਿਚ ਏਹ ਰਾਜੇ ਨੂੰ ਧਿਆਨ ਹੋਯਾ। ਸਰੂਪ ਦਾਸ ਜੀ ਲੈਨ ਇਮਤਿਹਾਨ ਆਏ ਫੇਲ ਅੱਜ ਮੇਰਾ ਇਮਤਿਹਾਨ ਹੋਯਾ। ਪੂਤ ਗੁਰੂ ਕਾ ਗੁਰੂ ਕੀ ਜੋਤ ਵਾਲਾ ਮੈਥੋ ਅਜ ਸਾਂਈ ਕੈਹਰਵਾਨ ਹੋਯਾ। ਹੋਈ ਮੈਥੋਂ ਗੁਰਦੇਵ ਦੀ ਬੇਦਬੀ ਹੈ ਰਾਜਾ ਚਿਤ

ਅੰਦਰ ਪਰੈਸ਼ਾਨ ਹੋਯਾ । ਰਾਜਾ ਆਖਦਾ ਹੋਨ ਨਾ ਹਾਰ ਟੱਲਦੀ ਅਜ ਗੁਰੂ ਦਾ ਸੱਚਾ ਅਖਾਨ ਹੋਯਾ । ਜਿਵੇਂ ਆ-ਖਿਆ ਸੀ ਗੁਰਾਂ ਪੂਰਿਆਂ ਨੇ ਵਰਤੀ ਓਵੇਂ ਮੈਂ ਅਜ ਅਨ ਜਾਨ ਹੋਯਾ।ਪਿਆ ਚਿੱਤਨੂੰ ਰਾਜਾ ਸਮਝਾਂਵਦਾ ਜੇ ਭਾਰੀ ਮੁਝ ਤੋਂ ਏਹ ਕੁਗਿਯਾਨ ਹੋਯਾ । ਗੁਰੂ ਗੁੰਗਲਾ ਬਾਵਰਾ ਕਰਨ ਬੈਹਰਾ ਚੇਲਾ ਚਰਨਾ ਦੇ ਵਿਚ ਨਾ ਆਨ ਹੋਯਾ। ਫਿਰੇ ਲਖ ਚੁਰਾਸੀ ਨੂੰ ਭੌਂਕਦਾ ਓਹ ਕਦੇ ਜਨਮ ਨਾ ਫੇਰ ਇਨਸਾਨ ਹੋਯਾ। ਮੇਹਰਬਾਨ ਮੇਰੇ ਗੁਰ ਦੀ ਮੂਰਤੀ ਹੈ ਬਖਸ਼ ਦੇਨ ਤਾਂ ਓਨਾਂ ਦਾ ਦਾਨ ਹੋਯਾ । ਬਖਸ਼ਨਹਾਰ ਓਹ ਦੇਨਗੇ ਬਖਸ਼ ਮੈਨੂੰ ਰਸਤੇ ਵਿਚ ਏਹ ਰਾਜੇ ਨੂੰ ਗਿਯਾਨ ਹੋਯਾ। ਔਖੀ ਵੇਲੇ ਗੁਰ ਦੇਵ ਨੂੰ ਯਾਦ ਕਰਦਾ ਸੁਖੀ ਵੇਲੇ ਇਹ ਆਪ ਬਲਵਾਨ ਹੋਯਾ। ਮਾਰੋ ਮਾਰ ਇਹ ਘੋੜਾ ਭਜਾਇਕੇ ਤੇ ਦਾਖਲ ਹਰੀ ਕੇ ਪਤਨ ਮੇਂ ਆਨ ਹੋਯਾ। ਸਰੂਪ ਦਾਸ ਜੀ ਬੈਠੇ ਸਨ ਭਜਨ ਕਰਦੇ ਚਰਨੀ ਡਿਗ ਰਾਜਾ ਨਿਰਬਾਨ ਹੋਯਾ। ਬੂਟਾ ਸਿੰਘ ਕਹੇ ਸੁਣੋ ਧਿਆਨ ਧਰਕੇ ਜਿਵੇਂ ਗੁਰੂ ਦੇ ਨਾਲ ਬਿਆਨ ਹੋਯਾ॥

ਵਾਕ ਕਵੀ

ਸੰਤ ਬੈਠੇ ਇਕੰਤ ਅਨੰਤ ਮੂਰਤ ਜਪ ਰਹੇ ਭਗਵਾਨ ਦਾ ਨਾਮ ਬਾਵਾ। ਕੰਢੇ ਉਤੇ ਬਿਆਸਾ ਦੇ ਸੋਭਦੇ ਨੀ ਪਤਨ ਹਰੀ ਕਾ ਜਾਨਦੇ ਆਮ ਬਾਵਾ। ਪਤਨ ਹਰੀ ਕਾ ਹਰੀ ਸਰੂਪ ਬੈਠਾ ਜਪਨ ਜਾਪ ਹੋਕੇ ਨਿਸ਼ਕਾਮ ਬਾਵਾ।

ਸਰੂਪ ਦਾਸ ਚਿੱਪੀ ਮਾਲ਼ਾ ਪਕੜ ਬੈਠੇ ਪਾਸ ਹੋਰ ਨਾ ਮਾਲ ਗੁਦਾਮ ਬਾਵਾ। ਬ੍ਰਿਛ ਸਿੰਘਨੇ ,ਰਾਜੇ ਨੇ ਅਸ੍ਵ ਬੱਧਾ ਲਾਹੀ ਘੋੜੇ ਦੀ ਮੂੰਹੋਂ ਲਗਾਮ ਬਾਵਾ। ਮੂਧਾ ਸਿਧੜਾ ਡਡਵਤਾਂ ਜਾਇ ਕਰਦਾ ਚਰਨੀ ਸੀਸ ਧਰ ਕਰੇ ਪ੍ਰਨਾਮ ਬਾਵਾ। ਚਰਣ ਫੜੇ ਗੁਰ ਦੇਵ ਦੇ ਰਾਵ ਨੇ ਜੋ ਤੇਰੇ ਘਰ ਦਾ ਮੈਂ ਗੁਲਾਮ ਬਾਵਾ । ਪ੍ਰੀਤਮ ਦਾਸ ਬਾਵਾ ਮੇਰਾ ਗੁਰੂ ਹੈਸੀ ਤੇਰੇ ਘਰ ਦੇ ਸਿੱਖ ਤਮਾਮ ਬਾਵਾ। ਤੁਸੀਂ ਰਾਮ ਰਹੀਮ ਤੇ ਮੱਛ ਤੂੰਹੀਂ ਚੌਵੀ ਰੂਪ ਧਾਰੇ ਤੂੰਹੀ ਸ਼ਾਮ ਬਾਵਾ। ਜੇ ਚਾਹੇ ਤੂੰ ਕਰੇਂਗਾ ਗੁਰੂ ਮੇਰੇ ਤੈਨੂੰ ਤੁਰਕ ਵੀ ਕਰਨ ਸਲਾਮ ਬਾਵਾ।ਬਾਵਨ ਰੂਪ ਤੂੰ ਧਾਰੇ ਮੈਂ ਸਰਨ ਤੇਰੀ ਡਿਗ੍ਹਾ ਅਜ ਮੈਂ ਤੁਧ ਦੇ ਧਾਮ ਬਾਵਾ। ਮੇਰਾ ਚੱਕ ਦਰਯਾ ਸੁਹਾਗ ਲਿਆਏ ਵਿਚ ਚਿੱਪੀ ਦੇ ਲਿਆ ਜੇ ਖਾਮ ਬਾਵਾ । ਪਿੰਡ ਮੇਰੇ ਨੂੰ ਚਲ ਗੁਰ ਦੇਵ ਤਾਰੋ ਹੱਥ ਜੋੜਕੇ ਮੇਰੀ ਕਲਾਮ ਬਾਵਾ। ਸਮਰਥ ਗੁਰੂ ਸਿਰ ਮੇਰੇ ਤੇ ਹੱਥ ਰਖੋ ਬੂਟਾ ਸਿੰਘ ਨੌਕਰ ਬਾਝੋਂ ਦਾਮ ਬਾਵਾ॥

## ਬੇਨਤੀ ਰਾਜੇ ਟੇਕ ਸਿੰਘ ਦੀ
## ਬਾਵੇ ਸਰੂਪ ਦਾਸ ਪ੍ਰਤੀ

ਬੰਦੋ ਕੰਜ ਆਜਜ਼ ਪਤਤ ਪਾਵਨਾ ਜੋ ਤੇਰਾ ਪਸਰਿਆ ਸਾਜ ਸਮਾਨ ਸੁਆਮੀ । ਦੀਨ ਦੁਨੀ ਦੇ ਵਾਲੀਆ ਸਰਨ ਤੇਰੀ ਦੇਹੋ ਦਰਸ ਚਲੋ ਏਹੋ ਕਾਜ ਸੁਆਮੀ । ਧਰਮ ਹੋਯਾ ਭ੍ਰਿਸ਼ਟ ਹੈ ਅਜ ਮੇਰਾ ਨਸ਼ਟ ਹੋਯਾ ਮੇਰਾ

ਤਖਤ ਤਾਜ ਸੁਆਮੀ । ਆਜਜ਼ ਦੀਨ ਹੋਕੇ ਜੇਹੜਾ ਸਰਨ ਆਵੇ ਸਿੱਧ ਕਰੇਂ ਕੁਲ ਓਸ ਦੇ ਕਾਜ ਸੁਆਮੀ । ਏਸੇ ਵਾਸਤੇ ਆਯਾ ਹਾਂ ਸਰਨ ਤੇਰੀ ਰਖੀਂ ਮੁਝ ਗਰੀਬ ਦੀ ਲਾਜ ਸੁਆਮੀ। ਘੁੰਮਨ ਘੇਰ ਜਹਾਜ ਨੂੰ ਛੇਕ ਬਹੁਤੇ ਤੁਧ ਬਾਝ ਨਾ ਪਾਰ ਜਹਾਜ ਸੁਆਮੀ । ਮੈਹਮਾਂ ਅਪਰ ਅਪਾਰ ਨਾ ਪਾਰ ਆਵੇ ਸੁਹਾਗ ਸਾਥ ਲੈ ਚਲੀਏ ਆਜ ਸੁਆਮੀ। ਦਯਾ ਦ੍ਰਿਸ਼ਟ ਕ੍ਰਿਪਾਲ ਨਿਧਾਨ ਰੂਪਾ ਕਰੋ ਮੁਝ ਨਿਰਮਾਂਨ ਦੇ ਕਾਜ ਸੁਆਮੀ। ਹੋਰ ਜਾ ਨਾ ਢੱਠਾ ਦਰਬਾਰ ਤੇਰੇ ਰਖੀਂ ਅਜ ਗਰੀਬ ਦੀ ਲਾਜ ਸੁਆਮੀ । ਅਗੇ ਭੁਲਿਆ ਹੁਣ ਨਾ ਕਦੇ ਭੁਲਾਂ ਦੇਈਂ ਆਖਰੀ ਦਾ ਏਹੋ ਦਾਜ ਸੁਆਮੀ।ਵੇਲਾ ਗੁਜਰਿਆ ਹੱਥ ਨਾ ਆਂਵਦਾਏ ਜਦੋਂ ਛੁਟ ਗਿਆ ਹੱਥੋਂ ਬਾਜ ਸੁਆਮੀ। ਪੂਤ ਹੋਵੇ ਕਪੂਤ ਤਾਂ ਬਾਪ ਬਖਸ਼ੇ ਦੁਖੀ ਦੀਨ ਨੂੰ ਦੇਹੋ ਅਨਾਜ ਸੁਆਮੀ । ਉਘਰ ਗਿਆ ਖੋਟੇ ਵਾਂਗ ਢੱਬੂਏ ਦੇ ਜਿਵੇਂ ਕਲੀ ਦਾ ਛੁਟ ਦਾ ਪਾਜ ਸੁਆਮੀ। ਗੁਰੂ ਪੂਰੇ ਨੇ ਦਸੇ ਸਨ ਗਿਆਨ ਪੈਹਲੇ ਹੋਯਾ ਭੁਲਕੇ ਏਹ ਅਕਾਜ ਸੁਆਮੀ । ਬਾਰਬਾਰ ਹੈ ਬੇਨਤੀ ਬਖਸ਼ ਲੈਨਾ ਦੇਹੋ ਖੁਸ਼ੀ ਦੀ ਮੈਨੂੰ ਅਵਾਜ ਸੁਆਮੀ।ਬੂਟਾ ਸਿੰਘ ਕਹੇ ਰਾਜਾ ਮਨਾਂਵਦਾਈ ਗੁਰੂ ਸਚ ਦਾ ਕਰਨ ਇਲਾਜ ਸੁਆਮੀ॥

## ਰਾਜੇ ਟੇਕ ਸਿੰਘ ਨੂੰ ਕ੍ਰੋਧਵਾਨ ਹੋਣਾ ਬਾਵੇ ਸਰੂਪ ਦਾਸ ਨੇ

ਨੇਤ੍ਰ ਲਾਲ ਕੀਤੇ ਸਰੂਪ ਦਾਸ ਬਾਵੇ ਅਗੋਂ ਦੂਰ ਹੋ ਰਾਜੇ ਹਤਿਯਾਰਿਆਓਇ । ਭੂਪ ਰਾਜਿਆਂ ਤਾਂਈ ਕੰਗਾਲ ਜਾਨਾਂ ਕ੍ਰੋਧ ਨਾਲ ਏਹ ਬਾਵੇ ਉਚਾਰਿਆਓਏ । ਪਾਪੀ ਜ਼ਾਲਮਾਂ ਜ਼ੁਲਮ ਤੇ ਲੱਕ ਬੱਧੋ ਦੁਸ਼ਟਾ ਧਰਮ ਨੂੰ ਤੈਨੇ ਨਿਘਾਰਿਆਓਇ । ਗੁਰੂ ਗ੍ਰੰਥ ਦੇ ਵਿਚ ਹੈ ਏਹੋ ਲਿਖਿਆ ਚਾਹੇ ਸਾਧੂਆਂ ਖ਼ੂਨ ਗੁਜ਼ਾਰਿਆਓਇ। ਕਰੇ ਨਾਲ ਪਲੀਤੀਆਂ ਸਾਧੂਆਂ ਦੇ ਬੇਮੁਖ ਗੁਰੂ ਤੂੰ ਧਰਮ ਤੇ ਹਾਰਿਆਓਇ । ਨਾਮ ਧਰਮੀ ਤੇ ਪਰਮ ਕੁਕਰਮ ਕਰਦਾ ਸਾਧਾਂ ਮਾਰਨਾ ਅਦਲ ਨਿਤਾਰਿਆਓਇ। ਹੋਕੇ ਛਤ੍ਰੀ ਕਰਮ ਕਸਾਬ ਵਾਲੇ ਅਗਾ ਦਸ ਕੀ ਤੈਨੇ ਸਵਾਰਿਆ ਓਇ । ਤੈਨੇ ਪਾਪੀਆ ਧਰਮ ਨੂੰ ਪਾਲਨਾ ਕੀ ਥਿਰ ਰੈਹਨਾ ਤੂੰ ਜਗਵਿਚਾਰਿਆ ਓਇ। ਪਈ ਮੇਰਾ ਸਰਾਪ ਤੂੰ ਯਾਦ ਰਖੇਂ ਵਾਰ ਵਾਰ ਮੈਂ ਤੈਨੂੰ ਸੁਨਾਰਿਆਓਇ। ਘਾਟਾ ਵਣਜ ਵਿਚੋਂ ਸਾਮੀ ਨਸ ਜਾਵੀ ਡਿਗਨ ਤੁਧ ਦੇ ਮੈਹਲ ਮੁਨਾਰਿਆਓਇ । ਚੋਰ ਲੁਟ ਜਾਨੀ ਡੰਡ ਰਾਵਲਾ ਵੇ ਸਾੜੇ ਅੱਗ ਤੇ ਧਰਤੀਨਿਘਾਰਿਆਓਇ। ਮਰੀ ਪਵੀ ਤੇ ਮਰ ਜਾਏ ਮਾਲ ਢਾਂਢਾ ਪਕਾ ਫਸਲ ਤੇਰਾ ਗੜੇ ਮਾਰਿਆਓਇ ।ਜਾਹ ਸਾਡੇ ਇਹ ਬਚਨ ਨਾ ਜਾਣ ਐਵੇਂ ਡੰਡ ਪਾਪ ਦਾ ਤੈਨੇ ਸਹਾਰਿਆਓਇ । ਧਰਮ ਕਰਨਾ ਤੁਧ ਦੇ ਭਾਗ ਨਾਹੀ ਤੂੰਤਾਂ ਸਾਧੂਆਂ ਕੈਦ

ਕਰਾਰਿਹਾਉਇਏ।ਰੈਹਸੀ ਰਾਜਸੀਕਦੇ ਠਾਠਾਠਤੇਰਾ ਲਗੀ ਜਾਗ ਨਾ ਤੈਨੂੰ ਨਿਕਾਰਿਆਉਇ। ਤੈਨੂੰ ਰੜੇਦੀ ਦੇਵਾਂ ਹਾਂ ਮਾਰ ਰਾਜਾ ਵਾਕ ਪਿਤਾ ਵਾਲਾ ਅਗੇ ਆਰਿਆਓਇ। ਜਿਤਨੀ ਬਰਸਹੈ ਉਮਰ ਤੈਂ ਹੋਰ ਲੈਣੀ ਤੇਰਾ ਭੇਤ ਸਾਰਾ ਮੈਂ ਹਾਂ ਪਾਰਿਆਓਇ। ਪੁਤ੍ਰ ਚਾਰ ਤੇ ਪੋਤ੍ਰੇ ਚਾਰ ਤੇਰੇ ਏਹ ਬ੍ਰਹਮਾ ਵੀ ਨਹੀ ਹਟਾਰਿਆਉਇ। ਇਹ ਜਰੂਰ ਹੋਸਨ ਹੁਣੇ ਜਾਨ ਛੋਦੇ ਸਰੂਪ ਦਾਸ ਏਹ ਮੁਖੋਂ ਫੁਰਮਾਰਿਆਓਇ। ਨਾ ਬੁਲਾ ਸਾਨੂੰ ਨਾ ਸਰਾਪ ਲੈਤੂੰ ਨਹੀਂ ਤਾਂ ਜਾਵੇਂਗਾਹੁਣੇ ਹੀ ਮਾਰਿਆਉਇ। ਤੇਰਾ ਪੋਤ੍ਰਾ ਲੈਕੇ ਬਖਸਦੇਸਾਂ ਮਨੋਹਰ ਦਾਸ ਦਾ ਜਾਮਾ ਉਚਾਰਿਆਉਇ। ਚਲਾ ਜਾਹ ਤੂੰ ਘਰਾਂ ਨੂੰ ਚੁਪ ਕਰਕੇ ਤੇਰਾ ਠੈਹਰਨਾਂ ਠੀਕ ਨਾ ਆਰਿਆਉਇ। ਏਨੀ ਕਹਿ ਕੇ ਬਾਵਾ ਅਲੋਪ ਹੋਯਾ ਟੁਬਾ ਵਿਚ ਬਿਆਸਾ ਦੇ ਮਾਰਿਆਉਇ। ਬੂਟਾ ਸਿੰਘ ਕਹੇ ਰਾਜਾ ਹੈਰਾਨ ਹੋਯਾ ਜਦੋਂ ਬਾਵਾ ਨਜਰੀ ਨਹੀਂ ਆਰਿਆ ਉਇ ॥

## ਵਾਕ ਕਵੀ

ਗੁਰੂ ਦਿਸਿਆ ਨਾ ਰਾਜੇ ਟੇਕਸਿੰਘ ਨੂੰ ਚੜ ਘੋੜੇ ਤੇ ਘਰਾਂ ਨੂੰ ਆਂਵਦਾਈ। ਆਕੇ ਵੇਖੇ ਤਾਂ ਬੂਟੇ ਉਦਾਸ ਸ਼ਾਖਾਂ ਪਾਣੀ ਬਾਝ ਕੁਲ ਬਾਗ ਕੁਰਮਾਂਵਦਾਈ। ਮੈਹਲ ਡਿਗੇ ਤੇ ਰਯਤਾਂ ਨਸ ਗਈਆਂ ਰਬ ਮਾਲ ਨੂੰ ਮਾਰ ਵਖਾਂਵ ਦਾਈ। ਜਿਨਾ ਸਾਧੂਆਂ ਨਾਲ ਜੇ ਅੱਤ ਚੱਕੀ ਨਹੀਂ ਸੁਖ ਜਹਾਨ ਤੇ ਪਾਂਵਦਾਈ। ਓਹ ਠਾਠ ਨਾ ਬਾਟ ਨਾ ਰਾਜ

ਟਿਹਾ ਬੀਤੇ ਵਕਤ ਨੂੰ ਪਿਆ ਪਛਤਾਂਵਦਾਈ । ਮਾਨਸ ਦੇਹ ਨਾਹੀਂ ਫੇਰ ਹੱਥ ਔਣੀ ਹੀਰਾ ਜਨਮ ਇਹ ਬੰਦਾ ਗਵਾਂਵਦਾਈ।ਵਾਕ ਸੰਤਾਂ ਦੇ ਸਚੇ ਨਾ ਕਦੇ ਟੱਲਦੇ ਬ੍ਰਹਮਾ ਵੇਦ ਦੇ ਵਿਚ ਅਲਾਂਵਦਾਈ। ਗੁਰੂ ਗ੍ਰੰਥ ਦੇ ਵਿਚ ਗੁਰ ਦੇਵ ਅਰਜਨ ਵਾਕ ਸੰਤਾਂ ਦੇ ਸਤ ਫੁਰਮਾਂਵਦਾਈ। ਘੋੜੇ ਜੀਨ ਤਵੇਲੇ ਤੇ ਪਲਟਨਾ ਵੀ ਕੋਈ ਫੀਲ ਨਾਹੀਂ ਨਜਰ ਆਂਵਦਾਈ । ਹੋਏ ਕੁਲ ਫਨਾਹ ਤੇ ਦੁਖੀ ਰਾਜਾ ਦਰੰਮ ਕੁਲ ਰੱਬ ਰੋੜ ਬਨਾਂਵਦਾਈ। ਪਲ ਵਿਚ ਓਹ ਰੰਕ ਨੂੰ ਰਾਜ ਦੇਂਦਾ ਭੂਪ ਕਰ ਕੰਗਾਲ ਵਿਖਾਂਵਦਾਈ।ਬੂਟਾ ਸਿੰਘ ਕਹੇ ਰੱਬ ਦਾ ਭੇਤ ਨਾਹੀਂ ਰਾਜਾ ਟੇਕ ਸਿੰਘ ਅਜ ਮੁਰਝਾਂਵਦਾਈ॥

ਤਥਾ

ਵਾਕ ਸਾਧੂਆਂ ਦੇ ਸਤ ਸਤ ਹੁੰਦੇ ਲੈਣੇ ਚਿਤ ਮੇਂ ਸੱਚ ਵਿਚਾਰ ਲੋਕੋ । ਪੂਰੇ ਸਾਧ ਅਸਿਤ ਨਾ ਕਦੇ ਬੋਲਨ ਜਿਨਾ ਕੀਤੀ ਹੈ ਸਚ ਦੀ ਕਾਰ ਲੋਕੋ। ਕਦੇ ਵਸਦੀ ਕਦੇ ਉਜਾੜ ਹੁੰਦੀ ਟੇਕ ਸਿੰਘ ਕਲਾਲੀ ਸੰਸਾਰ ਲੋਕੋ। ਬਰਖਾ ਨਾਲਵਸੇ ਟੇਕਸਿੰਘ ਰਾਜਾ ਬਰਖਾ ਬਾਝ ਹੋਜਾਵੇ ਉਜਾੜ ਲੋਕੋ ॥ ਝੂਠ ਬੋਲਨਾ ਕੀ ਪੂਰੇ ਸਾਧੂਆਂ ਨੇ ਜਿਨਾਂ ਸਚੇ ਦਾ ਕੀਤਾ ਦੀਦਾਰ ਲੋਕੋ॥ ਤਿੰਨ ਬਰਸ ਉਪ੍ਰਾਂਤ ਘਰ ਟੇਕ ਸਿੰਘ ਦੇ ਜਨਮ ਫਤੇਸਿੰਘ ਲਿਆ ਸੂਦਾਰਲੋਕੋ। ਦੋ ਬਰਸ ਗੁਜਰੇ ਜੈਮਲਸਿੰਘ ਜਨਮੇ ਪੰਜ.ਬਰਸਮੇਂ ਦੋਕੁਮਾਰ ਲੋਕੋ। ਰਾਣਾਸਿੰਘ ਦੋ ਬਰਸ ਉਪਰਾਂਤਹੋਏ ਸਤਾਂ ਬਰਸਾਂਮੇਂ ਤਿੰਨ

ਵੀਚਾਰ ਲੋਕੋ । ਸਾਲ ਤਿੰਨ ਬੀਤੇ ਲਾਣਾ ਸਿੰਘ ਆਏ ਦਸਾਂ ਬਰਸਾਂ ਮੈਂ ਪੁਤ੍ਰ ਹੋਏ ਚਾਰ ਲੋਕੋ।ਅਠਾਰਾਂ ਸੌ ਬਹੱਤ੍ਰ ਮੈਂ ਜਨਮ ਲਿਆ ਫਤੇ ਸਿੰਘ ਨੇ ਰੂਪ ਅਪਾਰ ਲੋਕੋ । ਅਠਾਰਾਂ ਸੌ ਬਿਆਸੀ ਮੈਂ ਚਾਰ ਹੋਏ ਟੇਕ ਸਿੰਘ ਦੇ ਚਾਰ ਕੁਮਾਰ ਲੋਕੋ। ਵਾਕ ਸਾਧੂਆਂ ਦੇ ਕੌਣ ਟਾਰ ਸਕੇ ਟਲੇ ਮੂਲ ਨਾਂਹੀ ਹੋਣ ਹਾਰ ਲੋਕੋ। ਪ੍ਰੀਤਮ ਦਾਸ ਦੇ ਬਚਨ ਨਾਂ ਮੂਲ ਟਲਦੇ ਲੈ ਅਜਮਾ ਮੈਂ ਵਾਰ ਹਜਾਰ ਲੋਕੋ । ਜੇਕਰ ਚਵਾਂ ਦਾ ਪੂਰਾ ਪੂਰਾ ਹਾਲ ਦਸਾਂ ਸਮਾ ਕੀਮਤੀ ਕਰਾਂ ਬੇਕਾਰ ਲੋਕੋ।ਧਰਮ ਦੇ ਬੈਠਾ ਗ੍ਰੰਥ ਰਚਾਂਗਾਮੈਂ ਓਸ ਧਰਮ ਨੂੰ ਪਾਲਨੇ ਹਾਰ ਲੋਕੋ । ਡਰਦਾ ਸਾਧ ਸ੍ਰਾਪ ਤੋਂ ਕਲਮ ਚਕਾਂ ਲੋੜ ਮੁਝ ਨੂੰ ਨਹੀਂ ਵੀਚਾਰ ਲੋਕੋ। ਜਿਹਵਾ ਤੋਤਲੀ ਮੁਝ ਦੀ ਮਤ ਮੋਟੀ ਖੋਟੀ ਬੁਧ ਨਾਂ ਧਰਮ ਦੀ ਸਾਰ ਲੋਕੋ। ਪਰਖ ਨਹੀਂ ਹੈ ਘੁਕਿਆਂ ਕੌਡੀਆਂ ਦੀ ਬੈਠਾ ਹੀਰਿਆਂ ਨੂੰ ਹੱਥ ਡਾਰ ਲੋਕੋ। ਅਲਫ ਬੇ ਨਾਂ ਊੜਾ ਤੇ ਐੜਾ ਪੜ੍ਹਿਆ ਕਿਵੇਂ ਗ੍ਰੰਥ ਨੂੰ ਲਵਾਂ ਉਚਾਰ ਲੋਕੋ। ਕ੍ਰਿਪਾ ਸਿੰਧ ਕਿਰ-ਪਾਲ ਨਿਧਾਨ ਸੁਆਮੀ ਡਿਗਾ ਓਸਦੇ ਅਜ ਦੁਬਾਰ ਲੋਕੋ । ਬੂਟਾ ਸਿੰਘ ਕਹੇ ਰਖਸੀ ਲਾਜ ਮੇਰੀ ਰਖਨ ਹਾਰ ਓਹ ਆਪ ਕਰਤਾਰ ਲੋਕੋ।

## ਵਾਕ ਕਵੀ

ਜੈਮਲਸਿੰਘ ਰਾਣਾ ਲਾਣਾ ਤਿੰਨ ਛੱਡੇ ਫਤੇ ਸਿੰਘ ਦਾ ਹਾਲ ਉਚਾਰਨਾ ਹਾਂ। ਪੱਚੀ ਬਰਸਾਂ ਦਾ ਫਤੇ ਜਾਂ ਸਿੰਘ

ਹੋਯਾ ਵਿਆਹ ਉਸਦਾ ਹੋਯਾ ਪੁਕਾਰਨਾ ਹਾਂ। ਮਾਰ ਧੌਂਸੇ ਨਗਾਰਿਆਂ ਵਿਆਹ ਆਂਦਾ ਨਹੀਂ ਬਹੁਤ ਪਸਾਰ ਖਿਲਾਰ ਨਾ ਹਾਂ।ਟੇਕਸਿੰਘ ਨੌਂਹ ਪੁਤ੍ਰ ਤੋਂ ਧਰਮ ਸੱਟੇ ਆਵੇ ਅੰਤ ਨਾਂ ਸਚ ਉਚਾਰਨਾ ਹਾਂ। ਨਾਈ ਡੂਮ ਸਾਰੇ ਵੇਲਾਂ ਨਾਲ ਰੱਜੇ ਓਸ ਵੇਲੇ ਦਾ ਸ਼ੁਕਰ ਗੁਜ਼ਾਰਨਾ ਹਾਂ। ਸਿਥਲ ਹੋਯਾ ਸਰੀਰ ਜੇ ਟੇਕ ਸਿੰਘ ਦਾ ਬੂਟਾ ਸਿੰਘ ਕਹੇ ਝੂਠ ਨਾ ਮਾਰਨਾ ਹਾਂ।

ਵਾਕ ਟੇਕ ਸਿੰਘ ਕਾ ਫਤੇ ਸਿੰਘ ਪ੍ਰਤੀ ॥

ਫਤੇ ਸਿੰਘ ਨੂੰ ਟੇਕ ਸਿੰਘ ਆਪ ਕੈਂਹਦਾ ਚੋਲਾ ਸਿਥਲ ਕੀਤਾ ਕਰਤਾਰ ਬੱਚਾ। ਇਕ ਸੌ ਬੀਸ ਬਰਸਾਂ ਉਮਰ ਭੋਗ ਲੀਤੀ ਹੁਣ ਜੀਵਨਾਂ ਮੇਰਾ ਲਚਾਰ ਬੱਚਾ।ਮੇਰਾ ਜੀਵਨਾ ਜਗ ਤੇ ਰੋਜ ਕੋਈ ਤੈਨੂੰਦਸਿਆ ਨਾਲਪਿਆਰਬੱਚਾ। ਰਾਮ ਰਾਵਨ ਜਹਾਨ ਨੂੰ ਛੱਡ ਗਏ ਭਾਰੀ ਜਿਨਾ ਦਾ ਹੈਸੀ ਪ੍ਰਵਾਰ ਬੱਚਾ। ਥਿਰ ਰੈਹਨਾ ਨਾਂ ਕਿਸੇ ਜਹਾਨ ਅੰਦ੍ਰ ਸੁਪਨੇ ਵਤ ਤੂੰ ਜਾਨ ਸੰਸਾਰ ਬੱਚਾ। ਪੀਰ ਮਸਤ ਮਲੰਗ ਨੇ ਉਠ ਗਏ ਜਟਾਂ ਧਾਰ ਜੋਗੀ ਹੋਏ ਪਾਰ ਬੱਚਾ। ਔਲੀ ਅੰਬੀਏ ਵੇਦਦੇ ਪੜ੍ਹਨਵਾਲੇ ਛਡ ਗਏਨੇ ਦੇਹਅਕਾਰਬੱਚਾ। ਚੰਦ ਸੂਰਜ ਰਸੋਈਦੀ ਕਰਨ ਜਿਸਦੀ ਅਗ ਕਪੜੇ ਧੋਵਨੇ ਹਾਰ ਬੱਚਾ। ਜ਼ਰਮਾਲ ਉਲਾਦ ਦਾ ਅੰਤ ਨਾ ਸੀ ਗਿਆ ਠੀਕ ਪ੍ਰਲੋਕ ਪਧਾਰ ਬੱਚਾ। ਦੀਵਾ ਬਤੀ ਨਾਂ ਅੰਤ ਨੂੰ ਕਿਨੇ ਕੀਤਾ ਐਨੇ ਹੁੰਦਿਆਂ ਭਾਰੀ ਪ੍ਰਵਾਰ ਬੱਚਾ। ਛਪਨ

ਕੋਣ ਹੋਸੀ ਬੰਸ ਯਾਦਵਾਂ ਦੀ ਕੀਤੀ ਸੰਤ ਸਰਾਪ ਫਰਾਰ ਬੱਚਾ। ਮੈਨੂੰ ਸੰਤਾਂ ਦਾ ਮਾਰ ਸਰਾਪ ਗਿਆ ਪਛੋਤਾਵਨਾਂ ਵਕਤ ਗੁਜਾਰ ਬੱਚਾ। ਮੈਂ ਭੁਲਿਆ ਤੁਸੀ ਨਾਂ ਭੁਲਿਆ ਜੇ ਮੇਰੀ ਗਲ ਤੇ ਕਰੋ ਇਤਬਾਰ ਬੱਚਾ। ਮਨੋਹਰ ਦਾਸ ਦੇ ਜਾਮੇ ਨੂੰ ਯਾਦ ਰਖੀਂ ਦੇਵੀਂ ਆਪਦਾ ਤੂੰ ਕੁਮਾਰ ਬੱਚਾ। ਕਿਸ਼ਨ ਦਾਸ ਜੋ ਤੁਧ ਦੇ ਘਰ ਜਨਮੇਂ ਕਰੀਂ ਦੇਨ ਤੇ ਨਹੀਂ ਇਨਕਾਰ ਬੱਚਾ। ਏਸ ਅੰਤਦੀ ਗਲ ਨੂੰ ਯਾਦ ਰਖੀਂ ਭੁਲਨ ਵਾਲੜੀ ਏਹ ਨਾਂ ਕਾਰ ਬੱਚਾ। ਹੋਸੀ ਤੇਰਾ ਭੀ ਭਲਾ ਜਹਾਨ ਉਤੇ ਦੇਸੇਂ ਅੰਸ ਤਾਂ ਮੇਰਾ ਉਧਾਰ ਬੱਚਾ।ਏਨੀ ਆਖਕੇ ਟੇਕ ਸਿੰਘ ਪ੍ਰਾਣ ਦਿਤੇ ਰੋਂਦਾ ਓਸਨੂੰ ਕੁਲ ਸੰਸਾਰ ਬੱਚਾ। ਹਾਲ ਬਾਹੁੜੀ ਢਾਹੀਆਂ ਮਾਰ ਉਠੇ ਰੋਂਦੇ ਪਏ ਨੇ ਚਾਰੇ ਕੁਮਾਰ ਬੱਚਾ। ਕ੍ਰਿਯਾ ਕਰਮ ਸੰਸਾਰ ਦੀ ਰੀਤ ਕੀਤੀ ਫੁੱਲ ਖਾਸ ਪੁਚਾਏ ਹਰਦੁਆਰ ਬੱਚਾ। ਬੂਟਾ ਸਿੰਘ ਕਹੇ ਸਭਨੇ ਰਾਹ ਏਸੇ ਜਾਨਾ ਠੀਕ ਤੂੰ ਲਈਂ ਵੀਚਾਰ ਬੱਚਾ।

### ਵਾਕ ਕਵੀ

ਸਭੂ ਪਿਤਾ ਦਾ ਪਾਂਵਦੇ ਕੁਵਰ ਚਾਰੇ ਕੋਈ ਆਂਵਦਾ ਤੇ ਕੋਈ ਜਾਂਵਦਾਈ।ਢਾਹੀਂ ਮਾਰਕੇ ਰੋਂਵਦਾ ਮੁਲਕ ਸਾਰਾ ਪੱਕਾ ਮੂੰਹ ਕਰ ਕੋਈ ਬੁਲਾਂਵਦਾਈ। ਕੁੜਮ ਧੁੜਮ ਜੋ ਮਸ਼ਕਰੀ ਕਰਨਵਿਚੇ ਕੋਈਠਠਿਆਂ ਨਾਲ ਝੁਲਾਂਵਦਾਈ। ਗਲਾਂ ਕਰਦੇ ਕਰਦੇ ਕਈ ਰੋਂਦੇ ਰੋਂਦਾ ਫਤੇ ਸਿੰਘ ਹਾਲ

ਗੁਆਂਵਦਾਈ। ਬ੍ਰਹਮ ਪੁਰੀ ਕੀਤੀ ਚਾਰਾਂ ਪੁਤ੍ਰਾਂ ਨੇ ਬ੍ਰਾਹਮਨ ਸਾਧੂਆਂ ਹੱਥ ਧੁਆਂਵਦਾਈ। । ਫਤੇ ਸਿੰਘ ਜੀ ਪਿਤਾਦੇ ਨਾਮ ਉਤੋਂ ਮਾਲ ਦੌਲਤਾਂ ਪਿਆ ਲੁਟਾਂਵਦਾਈ। ਦੂਰ ਦੂਰ ਤੋਂ ਆਂਵਦੇ ਸਾਕ ਸਕੇ ਦੇ ਦੇ ਹੌਸਲੇ ਦਿਲ ਧਰਾਂਵਦਾਈ। ਕਿੰਧੇ ਕਿੰਧੇ ਜੇ ਨਾਲ ਨਾਂ ਰਬ ਕੀਤੀ ਲੋਕ ਦੇ ਗਿਆਨ; ਸਮਝਾਂਵਦਾਈ। ਕਾਨਾ ਆਂਣ ਮੁਕਾਨ ਦੇ ਜਾਨ ਓਥੇ ਛਿੰਨ ਛਿੰਨ ਕਰਦੇ ਸਮਾ ਜਾਂਵਦਾਈ । ਬੀਤੇ ਆਨਕੇ ਬ੍ਰਸ ਜਾਂ ਸਤ ਲੋਕੋ ਖੁਸ਼ੀ ਆਂਨ ਫਿਰ ਰਬ ਵਰਤਾਂਵਦਾਈ। ਬੂਟੇ ਹੋਂਵਦੇ ਹਰੇ ਜੋ ਸੁਕ ਗਏ ਸੀ ਵਾਕ ਸੰਤਾਂ ਦਾ ਬ੍ਰਿਥਾ ਨਾਂ ਜਾਂਵਦਾਈ। ਬੂਟੇ ਸਿੰਘ ਨੇ ਅਗਲਾ ਹਾਲ ਕੈਹਨਾ ਪਿਛਲੇ ਹਾਲ ਨੂੰ ਏਥੇ ਮੁਕਾਂਵਦਾਈ॥

### ਹਾਲ ਫਤੇ ਸਿੰਘ ਕਾ ਲੜਕੇ ਤਿੰਨ ਪੈਦਾ ਹੋਨੇ ਕਾ

ਪ੍ਰੀਤਮ ਦਾਸ ਦੇ ਬਚਨ ਜੋ ਹੋਨ ਲਗੇ ਫਤੇ ਸਿੰਘ ਨੂੰ ਰੱਬ ਜੇ ਬਾਲ ਦਿਤਾ । ਸ਼ੇਰ ਸਿੰਘ ਜੇ ਉਸਦਾ ਨਾਮ ਧਰਿਆ ਰੱਬ ਆਪਦੇ ਘਰੋਂ ਜੇ ਲਾਲ ਦਿਤਾ। ਦੋ ਬਰਸ ਗੁਜਰੇ ਖੜਗ ਸਿੰਘ ਹੋਯਾ ਰੂਪ ਦੋਹਾਂ ਦਾ ਰੱਬ ਕਮਾਲ ਦਿਤਾ। ਪ੍ਰੀਤਮ ਦਾਸ ਦੇ ਬਚਨ ਜੋ ਪੂਰੇ ਹੁੰਦੇ ਝੰਡਾ ਸਿੰਘ ਵੀ ਰੱਬ ਦਿਯਾਲ ਦਿਤਾ। ਤਿੰਨ ਕੁਵਰ ਹੋਏ ਚੌਦਾਂ ਸਾਲ ਅੰਦਰ ਵਾਕ ਸਾਧ ਨੇ ਹੋਇ ਨਿਹਾਲ ਦਿਤਾ । ਇਨ੍ਹਾਂ

ਤਿੰਨਾ ਦਾ ਹਾਲ ਨਾ ਮੁਝ ਕੈਹਨਾ ਏਹ ਏਥੇ ਹੀ ਹਾਲ ਸੰਭਾਲ ਦਿਤਾ। ਚੌਥੇ ਕੁੰਵਰ ਦਾ ਆਖਾਂਗਾ ਹਾਲ ਅਗੇ ਜਿਨੇ ਕੁਲ ਜਹਾਨ ਨੂੰ ਮਾਲ ਦਿਤਾ। ਬੂਟਾ ਸਿੰਘ ਕਹੇ ਆਖ ਤੂੰ ਹਾਲ ਉਹਦਾ ਜਿਨੂੰ ਰਬਨੇ ਨਾਮਗੁਲਾਲਦਿਤਾ,

ਕੂਲਾਲੀ ਟੇਕ ਸਿੰਘ ਵਾਲੀ ਮੇਂ ਜਨਮ ਲੈਨਾ
ਬਾਵੇ ਕਿਸ਼ਨ ਦਾਸ ਨੇ

ਫਤੇ ਸਿੰਘ ਦੇ ਘਰੇਂ ਜਾ ਤਿੰਨ ਜਨਮੇ ਮਾਲਾ ਰਬ ਦੀ ਫੇਰੇ ਸੂਦਾਰ ਲੋਕੋ। ਕਰੇ ਆਰਜ਼ੂ ਰਬ ਦੇ ਦੁਆਰ ਬੈਠਾ ਮੰਗੇ ਰਬ ਦਾ ਖਾਸ ਦੀਦਾਰ ਲੋਕੋ।ਫਤੇ ਸਿੰਘ ਦੀ ਇਸਤ੍ਰੀ ਗਰਭਵੰਤੀ ਪ੍ਰਾਤਾ ਕਾਲ ਮੇਂ ਪੜੇ ਦੂਬਾਰ ਲੋਕੋ । ਜਪ ਜਾਪ ਸੁਖਮਨੀ ਗੁਰੂ ਗ੍ਰੰਥ ਪੜਦੀ ਮਾਲਾ ਫੇਰਦੀ ਰਬ ਦੇ ਬਾਰ ਲੋਕੋ। ਆਠੋ ਪੈਹਰ ਜੋ ਰਬ ਦੇ ਰੰਗ ਰਤੀ ਰੰਗ ਰਤੜੀ ਲੈਣੀ ਵੀਚਾਰ ਲੋਕੋ। ਸੁਆਸ ਸੁਆਸ ਦੇ ਨਾਲ ਹਰਨਾਮ ਜਪਦੀ ਹੋਰ ਛੱਡਕੇ ਕਾਰ ਵਿਹਾਰ ਲੋਕੋ । ਬ੍ਰਿਖਾ ਬ੍ਰਿਖਨੇ ਤੇ ਫਲ ਫੁਲ ਬਹੁਤੇ ਹੋਈਆਂ ਦਾਖਾਂ ਤੇ ਸੇਉ ਅਨਾਰ ਲੋਕੋ। ਅਠਵਾਂ ਮਾਹ ਜਾਂ ਮਾਈ ਨੂੰ ਹੋਯਾ ਪੂਰਾ ਮੈਨਾ ਕੋਇਲਾਂ ਬਾਗ ਬਹਾਰ ਲੋਕੋ। ਹਰੀਘਾਸ ਤੇ ਗਊਆਂ ਅਨੰਦ ਭੋਗਨ ਪੈਲ ਮੋਰ ਪਾਵੇ ਵਿਚਕਾਰ ਲੋਕੋ। ਬਸਤ੍ਰ ਪੈਹਰ ਲੇ ਸੂਹੇ ਸੁਹਾਗਨਾ ਨੇ ਸ਼ੋਹਨਾ ਲਾ ਲਿਆ ਹਾਰ ਸ਼ਿੰਗਾਰ ਲੋਕੋ। ਮੰਗਲ ਹੋਣ ਲਗੇ ਸੰਸਾਰ ਉਤੇ ਜੈ ਜੈ ਕਾਰ ਜਹਾਨ ਵਿਚਕਾਰ ਲੋਕੋ। ਜੇਠ ਮਾਸ ਦੀ ਪੁੰਨਿਆਂ

ਸੁਭਾ ਵੇਲੇ ਸੁਫਨੇ ਮਾਈ ਨੂੰ ਦੇਨ ਦੀਦਾਰ ਲੋਕੋ। ਆਕੇ ਮਾਈ ਨੂੰ ਆਖਦੇ ਸੁਫਨ ਅੰਦਰ ਜਨਮੈ ਤੁਧ ਦੇ ਘਰੇਂ ਕਰਤਾਰ ਲੋਕੋ। ਬਿਆਸ ਪੂਜਾ ਜੋ ਹਾੜ ਦੀ ਆਵਨੀ ਹੈ ਜਨਮ ਲਵਾਂ ਮੈਂ ਕ੍ਰਿਸ਼ਨ ਮੁਰਾਰ ਲੋਕੋ। ਮਾਈ ਹੋਈ ਅਸਚਰਜ ਹਰਾਨੀ ਲਗੀ ਐਪਰ ਨਾਮ ਨੂੰ ਲਿਆ ਸੰਭਾਰ ਲੋਕੋ। ਉਠ ਬੈਠਕੇ ਗਾਂਵਦੀ ਗੀਤ ਹਰਿ ਕੇ ਸਾਧੂ ਸੰਤ ਛਕਾਵਨੇ ਹਾਰ ਲੋਕੋ। ਕੁਲਾਲੀ ਟੇਕ ਸਿੰਘ ਵਿਚ ਅਨੰਦ ਹੋਯਾ ਖੁਸ਼ੀ ਹੋ ਰਿਹਾ ਕੁਲ ਬਾਜਾਰ ਲੋਕੋ। ਹੋਵੇ ਵਿਕਰੀ ਵਾਂਗ ਦਿਸਾਵਰਾਂ ਦੇ ਹੋਈ ਰਬ ਦੀ ਮੇਹਰ ਵੀਚਾਰ ਲੋਕੋ। ਮੋਢੇ ਨਾਲ ਮੋਢਾ ਵਜੇ ਬੰਦਿਆਂ ਦਾ ਭੀੜ ਮਚ ਰਹੀ ਬੇਸ਼ੁਮਾਰ ਲੋਕੋ। ਪੈਹਲੋਂ ਟੇਕ ਸਿੰਘ ਜਿਵੇਂ ਵਸਾਇਆ ਸੀ ਵਧ ਓਸ ਤੋਂ ਹੋਈ ਬਹਾਰ ਲੋਕੋ। ਆਈ ਬਿਆਸ ਪੂਜਾ ਵਿਚ ਹਾੜਦੇ ਜੋ ਜਨਮ ਧਾਰਿਆ ਕਿਸ਼ਨ ਅਵਤਾਰ ਲੋਕੋ ।ਕਿਸ਼ਨ ਦਾਸ ਜੋ ਪ੍ਰੋਹਤ ਨੇ ਨਾਮ ਧਰਿਆ ਭਟ ਡੂਮ ਭੀ ਗਾਵਨੇ ਹਾਰ ਲੋਕੋ। ਫਤੇ ਸਿੰਘ ਅਨੰਦ ਹੋ ਪੁੰਨ ਕਰਦਾ ਦਾਨ ਦੇ ਰਿਹਾ ਬੇਸ਼ੁਮਾਰ ਲੋਕੋ । ਬੂਟਾ ਸਿੰਘ ਕੈਂਹਦਾ ਹਾਲ ਸਾਧੂਆਂ ਦੇ ਜੇਹੜੇ ਰੱਬ ਤੋਂ ਹੋਏ ਬਲਹਾਰ ਲੋਕੋ।

### ਕੁਲਾਲੀ ਟੇਕ ਸਿੰਘ ਦੀ ਮੈਂ ਤਰੀਫ ਬਾਵੇ ਕਿਸ਼ਨ ਦਾਸ ਦੀ

ਸੁੰਦਰ ਛੈਲ ਛਬੀਲੇ ਹੈਂ ਅੰਗ ਜਿਨਕੇ ਰਾਜ ਚਿੰਨ ਜਿਉਂ ਮੁਖ ਸੁਹਾਂਵਨਾ ਜੀ। ਲੋਚਨ ਜਾਨ ਸਮਾਨ ਤੂੰ

ਮ੍ਰਿਗ ਜੈਸੇ ਤਿਖੇ ਬੈਨ ਤਰੀਛੇ ਅਲਾਂਵਨਾ ਜੀ। ਸੁਭ ਸੀਲ ਹੈ ਦੀਰਘ ਜਿਊਂ ਡੀਲ ਜਿਨਕੀ ਗੱਲ ਹੀਰਿਆਂ ਹਾਰ ਸੁਹਾਂਵਨਾ ਜੀ। ਪਾਇ ਭੂਖਸ਼ਨ ਅਦੂਖਸ਼ਨ ਹੈਂ ਅੰਗ ਸਾਰੇ ਉਜਲ ਬੰਸ ਅਵਤੰਸ ਮਨ ਭਾਂਵਨਾ ਜੀ। ਤਾਰਿਆਂ ਵਿਚ ਜਿਊਂ ਚੰਦ੍ਰਮਾਂ ਸੋਭ ਰਿਹਾ ਧਰ ਭਾਉ ਅਸ਼ੀਸ਼ ਬੁਲਾਂਵਨਾ ਜੀ। ਮੁਕਤਾ ਮਾਲ ਬਿਸਾਲ ਹੈ ਗਰੇ ਅੰਦਰ ਕੰਚਨ ਜਰੇ ਜਵਾਹਰਾਂ ਪਾਂਵਨਾ ਜੀ। ਦਮਕ ਰਹੇ ਜੋ ਰਤਨ ਬਹੁ ਭਾਰੀ ਮੁਲੋਂ ਛਾਪ ਕੰਚਨ ਕੀ ਹਥ ਮੇਂ ਪਾਵਨਾ ਜੀ। ਪੈਹਰੇ ਚੀਰ ਨਵੀਨ ਸਰੀਰ ਉਤੇ ਤਿਲੇ ਗੋਟਿਆਂ ਜੁਤਾ ਜੜਾਂਵਨਾ ਜੀ। ਮੁਖ ਸਾਵਰਾ ਕਿਸ਼ਨ ਮੁਕੰਦ ਵਾਂਗੂ ਸਮ ਕਿਸ਼ਨ ਦੇ ਬੰਸੀ ਬਜਾਂਵਨਾ ਜੀ। ਸਮ ਭਾਨ ਪ੍ਰਕਾਸ਼ ਜਹਾਨ ਉਤੇ ਰਾਵ ਰੰਕ ਨੇ ਸੀਸ ਨਿਵਾਂਵਨਾ ਜੀ: ਕਿਸ਼ਨ ਦਾਸ ਦੀ ਦਮਕ ਨਾ ਕੋਈ ਝੱਲੇ ਆਂਧੀ ਰਾਤ ਦੇ ਵਿਚ ਚਮਕਾਂਵਨਾ ਜੀ। ਜਨਮ ਧਾਰਿਆ ਹੋਯਾ ਪ੍ਰਕਾਸ਼ ਜਗ ਤੇ ਹੋਈ ਰੌਸ਼ਨੀ ਧੁੰਧ ਗੁਵਾਂਵਨਾ ਜੀ। ਬੇ ਮੌਸਮੀ ਫੁਲ ਤੇ ਫਲ ਫੁਲੇ ਸੇਹਰਾ ਕਿਸ਼ਨ ਦੇ ਸੀਸ ਲਟਕਾਂਵਨਾ ਜੀ। ਹੋਈਆਂ ਖੁਸ਼ੀਆਂ ਆਨਕੇ ਦੇਸ ਅੰਦਰ ਪਿਤਾ ਪੰਡਤਾਂ ਪੁਛ ਪੁਛਾਂਵਨਾ ਜੀ। ਬਾਹਮਨ ਆਖਦੇ ਹੋਵਸੀ ਸਾਧ ਪੂਰਾ ਸਾਡੀ ਜੋਤਸ ਨੇ ਸਚ ਅਲਾਂਵਨਾ ਜੀ। ਬੂਟਾ ਸਿੰਘ ਕਹੇ ਫਤੇ ਸਿੰਘ ਸਮਝ ਗਿਆ ਏਹੋ ਮਹੰਤਾਂ ਦੀ ਭੇਟ ਚੜ੍ਹਾਂਵਨਾ ਜੀ॥

## ਵਾਕ ਕਵੀ ਬਾਵਾ ਸਰੂਪ ਦਾਸ ਜੀ

ਹਾਲ ਮਹੰਤਾਂ ਦੇ ਮੁਖੋਂ ਉਚਾਰ ਕਵੀਆ ਨਾਮ ਰੱਬ ਦਾ ਤੁਧ ਨਾ ਖਾਮ ਪੀਤਾ। ਆਖ ਹਾਲ ਅਗੇ ਕਰਨੀ ਵਾਲਿਆਂ ਦੇ ਜਿਨਾ ਛੱਡ ਜਹਾਨ ਨੂੰ ਨਾਮ ਪੀਤਾ। ਛੱਡੇ ਕੁਲ ਜਹਾਨ ਦੇ ਸੁਆਦ ਮੇਵੇ ਜਿਨਾ ਘੋਟ ਕੇ ਨਾਮ ਸ੍ਰੀ ਰਾਮ ਪੀਤਾ। ਪ੍ਰੇਮ ਕਰ ਭਗਵਾਨ ਸੀ ਵੱਸ ਉਨਕੇ ਜਿਨਾ ਨਾਮ ਪਿਆਲੜਾ ਆਮ ਪੀਤਾ। ਸ਼ਹੁ ਸੁਹਾਗਣੀ ਜਗਤ ਦੇ ਵਿਚ ਓਹੀ ਪੀਆ ਪਿਆਰੇ ਨੂੰ ਜਿਨਾਂ ਸਲਾਮ ਕੀਤਾ। ਖੜੇ ਖੜੇ ਹੀ ਰਾਤਾਂ ਗੁਜਾਰ ਦੇਂਦੇ ਹਥੋਂ ਰਾਮ ਦੇ ਜਿਨਾ ਨੇ ਜਾਮ ਪੀਤਾ। ਰਾਮ ਨਾਮ ਦੇ ਪੈਂਗ ਨੂੰ ਛਡ ਕੇ ਤੇ ਮੱਦ ਭੰਗ ਤੇ ਚਰਸ ਹਰਾਮ ਪੀਤਾ। ਕੁਲ ਅਮਲ ਪ੍ਰਭਾਤ ਨੂੰ ਉਤਰ ਜਾਂਦੇ ਨਾਮ ਉਤਰਦਾ ਨਾ ਆਠੋ ਜਾਮ ਪੀਤਾ॥ ਸਰੂਪ ਦਾਸ ਜੀ ਪੀ ਗਏ ਅਮਲ ਸੱਚਾ ਭੁਖ ਰਹੀ ਨਾ ਨਾਮ ਤੁਆਮ ਪੀਤਾ। ਬੂਟੇਸਿੰਘਾ ਕੁਲ ਖਲਕ ਪਈ ਗਾਂਵਦੀ ਏ ਜਿਨਾ ਨਾਮ ਭਗਵਾਨ ਦੇ ਧਾਮ ਪੀਤਾ॥

## ਹਾਲ ਗੁਰਯਾਈਆਂ ਮਹੰਤਾਂ ਵਾਕ ਕਵੀ

ਸਰੂਪ ਦਾਸ ਗੱਦੀ ਦਿੱਤੀ ਬਾਬੇ ਬਠੇ ਬਾਵਾ ਬੱਠਾ ਜੀ ਖੂਬ ਬਸਾਂਵਦਾਈ। ਬਾਵਾ ਬੱਠਾ ਸਰੂਪ ਦਾਸ ਰਹੇ ਕਠਾ ਸਰੂਪ ਦਾਸ ਪ੍ਰਲੋਕ ਨੂੰ ਧਾਂਵਦਾਈ। ਬਾਵੇ ਬਠੇ ਦੇ ਹਥ ਮਹੰਤੀ ਆਈ ਕਾਰ ਧਰਮ ਦੀ ਲੈਨੇਚਲਾਂਵਦਾਈ। ਬਾਬੇ ਬੱਠੇ ਨੇ ਲੱਧਾ ਮਹੰਤ ਪੂਰਾ ਪ੍ਰੇਮਦਾਸ ਮਹੰਤ ਕਹਾਂਵਦਾਈ।

ਬਾਬਾ ਬੱਠਾ ਜੀ ਸ੍ਵਰਗ ਮੇਂ ਜਾਇ ਪਹੁੰਚੇ ਪ੍ਰੇਮ ਦਾਸ ਜੀ ਕਲਾਵਧਾਂਵਦਾਈ।ਪ੍ਰੇਮਦਾਸ ਗੱਦੀਦਿਤੀ ਸੋਧਕੇ ਤੇ ਸੰਤੋਖ ਦਾਸ ਨੂੰ ਮਹੰਤ ਬਨਾਂਵਦਾਈ। ਪ੍ਰੇਮ ਦਾਸ ਸੁਰ ਲੋਕ ਮੇਂ ਜਾਇ ਪਹੁੰਚੇ ਸੰਤੋਖ ਦਾਸ ਜੀ ਕਾਰ ਕਮਾਂਵਦਾਈ।ਪੈਹਰ ਇਕ ਓਹ ਖੋਦ ਦੇ ਤਾਲ ਹੱਥੀਂ ਪਿੰਡ ਕੁਲ ਫਿਰ ਟੋਕਰੀ ਚਾਂਵਦਾਈ। ਮਿਟੀ ਮੁਕ ਦੀ ਨਾ ਚਾਰ ਪੈਹਰ ਅੰਦਰ ਭੇਤ ਬਾਵੇ ਦਾ ਕੋਈ ਨਾ ਪਾਂਵਦਾਈ।ਚਾਰ ਕੂੰਟ ਦੇ ਲੋਕ ਆ ਕਰਨ ਦਰਸ਼ਨ ਜੈ ਕਾਰ ਕੁਲ ਦੇਸ ਅਲਾਂਵਦਾਈ। ਸੰਤੋਖ ਦਾਸ ਨੇ ਭਾਲਿਆ ਮਹੰਤ ਚੰਗਾ ਸੀਤਲ ਦਾਸਜੀ ਨਾਮ ਸਦਾਂਵਦਾਈ। ਸੰਤੋਖਦਾਸਪਹੁੰਚੇ ਪੁਰੀ ਦਿਉਤਿਆਂ ਦੀ ਸੀਤਲ ਦਾਸ ਗੁਰਯਾਈ ਨੂੰ ਪਾਂਵਦਾਈ। ਸੀਤਲ ਦਾਸ ਚਲੇ ਸੈਲ ਕਰਨ ਖਾਤਰ ਡੇਰਾ ਵਿਚ ਅਬੋਹਰ ਦੇ ਲਾਂਵਦਾਈ। ਹੱਟੀ ਗੁਮਰਾਂ ਦੀ ਉਤੇ ਜਾਇ ਬੈਠੇ ਕੁਲ ਸ਼ਹਿਰ ਚਰਨੀ ਹੱਥ ਲਾਂਵਦਾਈ। ਜੀਵੰਦਾ ਰਾਮ ਗੂੰਬਰ ਹੱਥੀਂ ਕਰੇ ਸੇਵਾ ਕਦਮਾਂ ਵਿਚ ਓਹ ਸੀਸ ਝੁਕਾਂਵਦਾਈ। ਉਦਾਲੇਉਦਾਲੇ ਜੋ ਗਰਾਮਾਂ ਦੇ ਲੋਕ ਸਾਰੇ ਕੋਈ ਆਂਵਦਾ ਤੇ ਕੋਈ ਜਾਂਵਦਾਈ। ਕੋਈ ਆਨ ਮੱਥਾ ਟੇਕੇ ਲਾਚੀਆਂ ਦਾ ਕੋਈ ਚਾਂਦੀ ਤੇ ਸਿਉਨਾ ਟਿਕਾਂਵਦਾਈ। ਜ਼ਰ ਦੌਲਤ ਨੂੰ ਲਾਂਵਦੇ ਹੱਥ ਨਾਹੀਂ ਜੀਵੰਦੇ ਰਾਮ ਨੂੰ ਬਚਨ ਅਲਾਂਵ ਦਾਈ।ਜੀਵੰਦਾ ਰਾਮ ਜ਼ੇ ਤੁਧ ਦੇ ਘਰੇਂ ਲੜਕਾ ਮਨੋਹਰ ਦਾਸ ਜੋ, ਨਾਮ ਸਦਾਂਵਦਾਈ। ਓਹ ਬਾਲਕਾ ਅਸਾਂ ਦੇ

ਨਾਲ ਟੋਰੋ ਜੇਹੜਾ ਚੰਦ੍ਰਮਾਂ ਵਾਂਗ ਸੁਹਾਂਵਦਾਈ। ਲੈਨ ਆਯਾ ਮੈਂ ਆਪ ਦੇ ਬਚੜੇਨੂੰ ਸੀਤਲਦਾਸ ਮਹੰਤਅਲਾਂਵ ਦਾਈ। ਦੇਓ ਖੁਸ਼ੀ ਦੇ ਨਾਲ ਫਰਯੰਦ ਆਪਨਾ ਬਾਵਾ ਡੌਲੇ ਤੇ ਦਾਗ ਬਤਾਂਵਦਾਈ। ਜੀਵੰਦਾ ਰਾਮਕੱਠੇ ਕਰੇਕੁਲ ਗੂੰਬਰ ਭਾਈ ਚਾਰੇ ਤੋਂ ਪੁਛ ਪੁਛਾਂਵਦਾਈ। ਹੋਈ ਗੂੰਬਰਾਂ ਦੇ ਚਿੱਤ ਬੇਈਮਾਨੀ ਪਿਤਾ ਬਾਲਕਾ ਹੋਰ ਵਿਖਾਂਵਦਾਈ। ਏਹ ਬੱਚਾ ਨਾ ਮੇਰਾ ਜੀਵੰਦੇ ਰਾਮਾ ਜਾਨਣ ਵਾਲੇ ਨੂੰ ਤੂੰ ਭੁਲਾਂਵਦਾਈ। ਸੂਲ ਨਾਲ ਲੇਟੋ ਏਥੇ ਕੁਲ ਗੂੰਬਰ ਜੇਹੜਾ ਸੰਤਾਂ ਨੂੰ ਠੱਗੀਆਂ ਲਾਂਵਦਾਈ। ਹੋਯਾ ਸੂਲ ਤੇ ਸੂਰਤ ਨਾ ਗੂੰਬਰਾਂ ਨੂੰ ਮੂਤਰ ਬੰਦ ਪੇਸ਼ਾਬ ਨਾ ਆਂਵਦਾਈ। ਜੀਵੰਦਾ ਰਾਮ ਗਲ ਪੱਲਾ ਮੂੰਹ ਘਾ ਲੈਕੇ ਮਨੋਹਰ ਦਾਸ ਨੂੰਅਗੇ ਖਲਾਂਵਦਾਈ।ਆਖੇ ਲੈਂਜਾਓ ਆਪ ਦੇ ਬਚੜੇ ਨੂੰ ਕੇਹੜਾ ਸਾਧ ਦਾ ਬੋਝ ਉਠਾਂਵਦਾਈ। ਬੰਦ ਜੁਸਿਆਂ ਗੂੰਬਰਾਂ ਸੁਖ ਹੋਯਾ ਸੀਤਲ ਦਾਸ ਜਾ ਖੁਸ਼ੀ ਮਨਾਂਵਦਾਈ। ਮਨੋਹਰ ਦਾਸ ਨੂੰ ਲੈਕੇ ਟੁਰੇ ਓਥੋਂ ਪਾਕ ਪਟਨ ਮੇ ਲਿਆ ਬਠਾਂਵਦਾਈ। ਸੇਵਾ ਲੰਗਰ ਦੀ ਸੌਂਪੀ ਸੂ ਬਚੜੇ ਨੂੰ ਸੀਤਲ ਦਾਸ ਪ੍ਰਸੰਨ ਹੋ ਜਾਂਵਦਾਈ। ਮਨੋਹਰ ਦਾਸ ਨੂੰ ਦਿਤੀ ਗੁਰਯਾਈ ਹੱਥੀਂ ਸੀਤਲ ਦਾਸ ਸਚ ਖੰਡ ਨੂੰ ਧਾਂਵਦਾਈ। ਮਹੰਤ ਸਾਹਿਬ ਨੂੰ ਜਾਨ ਦੀ ਕੁਲ ਖਲਕਤ ਸਾਰੇ ਦੇਸ ਨੂੰ ਜੇਹੜਾ ਨਿਵਾਂਵਦਾਈ। ਮਨੌਹਰ ਦਾਸ ਜੀ ਗੱਦੀਨੂੰ ਧਾਰ ਕੇ ਤੇ ਕੁਲ ਖਲਕ ਦੇ ਚਿਤ ਨੂੰ ਭਾਂਵਦਾਈ।

ਬੂਟਾ ਸਿੰਘ ਭੀ ਹੋਯਾ ਕੁਰਬਾਨ ਲੋਕੋ ਰੂਪ ਰਬ ਦਾ ਹੀ ਨਜਰ ਆਂਵਦਾਈ ॥

ਉਸਤਤ ਸਵਯੇ ਅਦਦ ਦੋ

ਮਹੰਤ ਮਨੋਹਰ ਦਾਸ ਜਹਾਨ ਕੇ ਤਾਰਨ ਕੋ ਜਗ ਭੀਤਰ ਆਯੋ । ਜਿਹ ਪੇਖਤ ਦੂਖ ਕਲੇਸ ਨਸੈ ਸੁਖ ਹੋਤ ਤਿਨੈ ਜਿਹ ਦ੍ਰਸ਼ਨ ਪਾਯੋ। ਮਨੋ ਕਾਮਨ ਪੂਰਨ ਹੋਵਤ ਹੈ ਜਿਹ ਜਾਇਕੈ ਚਰਨੀ ਸੀਸ ਲਗਾਯੋ। ਕਵਿ ਬੂਟਾ ਹਰੀ ਜਿਨ ਦਰਸ ਕੀਓ ਵਹੁ ਲਖ ਚੁਰਾਸੀਕੇ ਬੀਚ ਨ ਆਯੋ ।

ਸਵਯਾ

ਦੇਖਾ ਨਾ ਐਸਾ ਮਹੰਤ ਮੈਨੇ ਭੂਮ ਦੇਖ ਲੀਆ ਕੁਲ ਭੂਮ ਮਝਾਰੀ। ਸੋਭਤ ਕਮਲ ਮੈਂ ਪਦਮ ਮਹੰਤ ਕੇ ਰਵ ਸਮਾਨ ਰਹਿਓ ਤੇਜ ਸੰਸਾਰੀ । ਭੁਜ ਦੰਡ ਪ੍ਰਚੰਡ ਬਲ ਵੰਡ ਸਰੂਪ ਹੈ ਗੈਹਰ ਗੰਭੀਰ ਹੈ ਰੂਪ ਅਪਾਰੀ । ਕਵਿ ਬੂਟਾ ਹਰੀ ਬਲਿਹਾਰ ਭਇਓ ਸਮ ਸਸੀ ਕੇ ਸੀਤਲ ਤਾਹਿ ਨਿਹਾਰੀ॥

ਵਾਕ ਕਵਿ ਹਾਲ ਮਹੰਤ ਮਨੋਹਰ ਦਾਸ ਜੀ ਸੰਖੇਪ

ਮਨੋਹਰ ਦਾਸ ਮਹੰਤ ਜਾਂ ਬੈਠੇ ਗੱਦੀ ਖਲਕਤ ਝੁਕੀ ਹੈ ਵਾਂਗ ਕਮਾਨ ਲੋਕੋ। ਜਿਧਰ ਜਾਂਵਦੇ ਕਰਨ ਪ੍ਰਚਾਰ ਸੱਚਾ ਦੁਨੀਆ ਮੰਨ ਦੀ ਉਨ੍ਹਾਂ ਦੀ ਆਨ ਲੋਕੋ । ਕਰਾਮਾਤਾਂ ਦਿਖਾਈਆਂ ਬਹੁਤ ਉਨ੍ਹਾਂ ਨਹੀਂ ਗੁਝੀਆਂ ਵਿਚ ਜਹਾਨ ਲੋਕੋ । ਜਿਨ੍ਹੂੰ ਦਿਤਾ ਸਰਾਪ ਓਹ ਨਸ਼ਟ

ਹੋਯਾ ਰਿਹਾ ਤ੍ਰਖਮ ਨਾ ਓਹਦਾ ਨੀਸਾਨ ਲੋਕੋ । ਜਿਨ੍ਹੇ ਤਾਰਿਆ ਇਕ ਤੋਂ ਕੀਤੇ ਇੱਕੀ ਕਰਾਂ ਹੋਰ ਕੀ ਬਹੁਤ ਬੀਆਨ ਲੋਕੋ। ਬਹੁਤ ਜਗਾਂ ਦੇ ਵਿਚ ਜਗੀਰ ਕੀਤੀ ਸ਼ੈਹਰ ਸ਼ੈਹਰ ਮੇਂ ਧਰਮ ਅਸਥਾਨ ਲੋਕੋ । ਧਰਮਸਾਲ ਕੀਤੀ ਗਰਾਮ ਗਰਾਮ ਅੰਦਰ ਚੇਲੇ ਰਖਦੇ ਸਾਫ ਮਕਾਨ ਲੋਕੋ। ਗੁਰੂ ਗ੍ਰੰਥ ਦਾ ਕਰਨ ਪ੍ਰਕਾਸ਼ ਓਥੇ ਸਾਧੂ ਪੜਦੇ ਕਰ ਇਸ਼ਨਾਨ ਲੋਕੋ । ਸਦਾ ਵਰਤ ਲਾਇ ਕਈ ਤੀਰਥਾਂ ਤ੍ਰੇ ਪਾਠਸ਼ਾਲਾ ਦਾ ਨਹੀਂ ਅਨਮਾਨ ਲੋਕੋ।ਜਿਧਰ ਚਰਨ ਪਾਵਨਤਾਰਾਂ ਖੜਕ ਜਾਵਨ ਰੇਲਾਂਤਕਦੇ ਕਈ ਇਨਸਾਨ ਲੋਕੋ । ਭੇਟਾਂ ਚਾੜਦੇ ਸੇਠ ਸ਼ਾਹੂਕਾਰ ਭਾਰੇ ਚਰਨਾ ਵਿਚ ਧਰਦੇ ਕਈਦਾਨ ਲੋਕੋ। ਚੁੰਗੀ ਦੇਨ ਬਨੀਏ ਰੋੜਬੰਸ ਜਿਤਨੀ ਮੈਹਮਾਂ ਮਹੰਤਾਂ ਦੀ ਪਰਮ ਮਹਾਨ ਲੋਕੋ। ਜੇਹੜੇ ਸ਼ੈਹਰਦੇ ਵਿਚ ਓਹ ਕਰਨ ਡੇਰਾ ਰੋਟੀ ਵਰਜਦੇ ਜੇ ਭਾਗ ਵਾਨ ਲੋਕੋ । ਵਾਰੀ ਆਂਵਦੀ ਨਾ ਧਾਮੇ ਵਾਲਿਆਂ ਦੀ ਝੱਟ ਬਗੀਆਂ ਉਤੇ ਲੈ ਜਾਨ ਲੋਕੋ । ਅੱਠ ਅੱਠ ਦਿਨ ਧਾਮੇ ਲੋਕ ਕੈਹਨ ਪੈਹਲੇ ਚਕੋਰ ਚੰਦ ਦੀ ਤਰਾਂ ਤਕਾਨ ਲੋਕੋ। ਧਰਨ ਛਤੀ ਪ੍ਰਕਾਰ ਪਕਵਾਨ ਅਗੇ ਫਲੋਹਾਰ ਭੀ ਕਈ ਟਕਾਨ ਲੋਕੋ। ਮੱਥਾ ਟੇਕ ਦੇ ਮੋਹਰਾਂ ਤੇ ਕਈ ਚਾਂਦੀ ਕਈ ਘੋੜੀਆਂ ਗਊਆਂ ਦੇ ਦਾਨ ਲੋਕੋ । ਰੋਟੀ ਵਾਲੇ ਬਹੁਤੇ ਘਰ ਰਹਿ ਜਾਂਦੇ ਮਹੰਤ ਅਗਲੇ ਸ਼ੈਹਰ ਮਕਾਨ ਲੋਕੋ। ਗੁਪਤ ਦਾਨ ਬਹੁਤੇ ਲੋਕ ਕਰਨ ਵਾਲੇ ਮਨੀਆ

ਡਰ ਜੋ ਪਿਛੇ ਚਲਾਨ ਲੋਕੋ। ਲੈਨ ਦੇਨ ਵਾਲਾ ਮਨੋਹਰ ਦਾਸ ਬਾਬਾ ਵਿਚੋਂ ਆਪਨਾ ਆਪ ਗਵਾਨ ਲੋਕੋ । ਬਘੀ ਵਿਚ ਬਠਾਇ ਮਹੰਤਾਂ ਤਾਂਈ ਕਈ ਬਾਗ ਦੇ ਸੈਲ ਕਰਾਨ ਲੋਕੋ। ਮੋਟੀ ਮਤ ਹੈ ਬੂਟੇ ਮ੍ਰਿਗਇੰਦ ਵਾਲੀ ਦਸ ਸਕੇ ਨਾ ਮਹੰਤਾਂ ਦੀ ਸ਼ਾਨ ਲੋਕੋ ॥

ਮਹੰਤ ਮਨੋਹਰ ਦਾਸ ਨੇ ਸੈਲ ਕਰਕੇ ਚੇਲਾ
ਬਾਵੇ ਕਿਸ਼ਨ ਦਾਸ ਨੂੰ ਕਰਨਾ ਕਲਾਲੀ ਮੇਂ

ਮਹੰਤ ਟੁਰੇ ਜੋ ਜੱਗ ਦੇ ਤਾਰਨੇ ਨੂੰ ਕੁਲ ਦੇਸ ਨੂੰ ਕਰਨ ਨਿਹਾਲ ਬਾਬਾ। ਤੰਬੂ ਨਾਲ ਤੇ ਨਾਲ ਕਨਾਤਾਂ ਲਈਆਂ ਰਖ ਧਾਗੇ ਨੂੰ ਲਿਆ ਸੰਭਾਲ ਬਾਬਾ । ਪ੍ਰੀਤਮ ਦਾਸ ਦਾ ਜਾਮਾਂ ਪ੍ਰਤਖ ਜਾਨੋਂ ਆਇ ਦੇਸ ਮੇਂ ਪਰਮ ਦਿਯਾਲ ਬਾਬਾ। ਕੋਈ ਜਾਇ ਮਹੰਤਾਂ ਦੇ ਚਰਨ ਫੜਦਾ ਕਰਦੇ ਨਜਰ ਦੇ ਨਾਲ ਨਿਹਾਲ ਬਾਬਾ।ਜਾਇ ਕਰੇ ਮਹੰਤਾਂ ਦਾ ਦਰਸ ਕੋਈ ਅਸੀਸ ਦੇਂਵਦੇ ਪ੍ਰੇਮ ਕ੍ਰਿਪਾਲ ਬਾਬਾ। ਆਇ ਟੇਕ ਸਿੰਘ ਵਾਲੀ ਕਲਾਲੜੀ ਮੇਂ ਫਤੇ ਸਿੰਘ ਦਾ ਲੈਨਗੇ ਬਾਲ ਬਾਬਾ। ਫਤੇ ਸਿੰਘ ਮਹੰਤ ਦਾ ਦਰਸ ਕਰਕੇ ਖੁਸ਼ੀ ਹੋਰਿਹਾ ਹੱਦ ਕਮਾਲ ਬਾਬਾ। ਪਲੰਗ ਡਾਹ ਨਵਾਰ ਦਾ ਦੇਨ ਮਹੰਤਾਂ ਉਤੇ ਬੈਠਗਏ ਪਰਮ ਕ੍ਰਿਪਾਲ ਬਾਬਾ। ਮਖਮਲੀ ਉਤੇ ਲਾਈ ਚਾਂਦਨੀ ਜੋ ਸੋਭਾ ਪਾ ਰਹੇ ਦੀਨ ਦਿਯਾਲ ਬਾਬਾ। ਫਤੇ ਸਿੰਘ ਇਕੋਤ੍ਰ ਸੌ ਭੇਟ ਕੀਤਾ ਨਾਲੇ ਮੇਵਿਆਂ ਧਰਿਆ ਸੂ ਥਾਲ ਬਾਬਾ। ਹੱਥ ਜੋੜ ਪ੍ਰਦ-

ਖਣਾਂ ਤਿੰਨ ਲਈਆਂ ਆਦ ਗੁਰੂ ਮੈਂ ਲਿਆ ਸੰਭਾਲ
ਬਾਬਾ।ਪਿੰਡ ਸਣੇ ਫਤੇ ਸਿੰਘ ਢਠਾ ਚਰਨੀ ਮੇਰੇ ਆਇ
ਜੇ ਦੀਨ ਦਯਾਲ ਬਾਬਾ। ਹੱਥ ਜੋੜਕੇ ਬਾਲਕਾ ਹਾਜ਼ਰ
ਕੀਤਾ ਕਿਸ਼ਨ ਆਪਦਾ ਬਾਲ ਗੁਪਾਲ ਬਾਬਾ। ਵਾਕ
ਪਿਤਾ ਦਾ ਮੁਝ ਨੂੰ ਯਾਦਹੈ ਜੀ ਤੁਹਾਡੀ ਬਖਸ਼ ਹੈ ਧੰਨ ਤੇ
ਮਾਲ ਬਾਬਾ। ਜ਼ਰ ਮਾਲ ਸੰਸਾਰ ਜੋ ਨਜ਼ਰ ਆਵੇ ਸਭ
ਤੁਧਦਾ ਸਾਜਿਆ ਜਾਲ ਬਾਬਾ। ਪਿਛਲੇ ਹਾਲ ਹਵਾਲ
ਨੂੰ ਜਾਨ ਕੇ ਮੈਂ ਗਿਰਿਆ ਆਪਦੇ ਚਰਨ ਕੰਗਾਲਬਾਬਾ।
ਮਹੰਤਾਂ ਸਾਹਿਬਾਂ ਬਾਲ ਨੂੰ ਲੜ ਲਾਇਆ ਬਸਤਰ
ਭਗਵੇਂ ਦਿਤੇ ਨੇ ਡਾਲ ਬਾਬਾ। ਮਹੰਤ ਬਾਲ ਨੂੰ ਨਾਲ ਲੈ
ਟੁਰਨ ਲੱਗੇ ਆਪ ਫਤੇ ਸਿੰਘ ਦੇਂਵਦਾ ਢਾਲ ਬਾਬਾ।
ਲੈ ਢਾਲ ਤਲਵਾਰ ਨੂੰ ਵਿਦਾ ਹੋਏ ਵਿਦਾ ਕਰਨ ਗਿਆ
ਬੁਢਾ ਬਾਲ ਬਾਬਾ। ਫਤੇ ਸਿੰਘ ਤੇ ਪਿੰਡ ਕਲਾਲੀ ਸਾਰਾ
ਗਿਰੇ ਚਰਨਾ ਤੇ ਹੋਇ ਨਿਢਾਲ ਬਾਬਾ। ਮਹੰਤਾਂ ਸਾਹਿਬਾਂ
ਨੂੰ ਵਿਦਾ ਕਰ ਕੰਮ ਲਗੇ ਵਾਗੀ ਛੇੜਦਾ ਪਿੰਡ ਦਾ ਮਾਲ
ਬਾਬਾ। ਪਾਕਪਟਨ ਮੈਂ ਲੈਗਏ ਬਾਲਕੇ ਨੂੰ ਕੰਮ ਦਿਤੇ
ਜੇ ਕੁਲ ਸੰਭਾਲ ਬਾਬਾ। ਲੰਗਰ ਸੌਂਪਿਆ ਮਹੰਤਾਂ ਨੇ
ਕਿਸ਼ਨ ਤਾਂਈ ਏਸ ਕੰਮ ਤੋਂ ਹੋਵੇ ਬਹਾਲ ਬਾਬਾ। ਬੂਟੇ
ਸਿੰਘਾ ਮਹੰਤਾਂ ਨੇ ਕੀਤਾ ਚੇਲਾ ਪੂਰੀ ਗੱਦੀ ਦੀ ਘਾਲੀ
ਨੇ ਘਾਲ ਬਾਬਾ॥

—

## ਹਾਲ ਕਿਸ਼ਨ ਦਾਸ ਦਾ ਲੰਗਰ ਪਾਕਪਟਣ ਮੇਂ ਬਾਰਾਂ ਬਰਸ ਚਲਾਣਾ

ਆਟਾ ਕੱਢ ਕੇ ਛਾਨ ਦੇ ਰਾਮ ਕੈਂਹਦੇ ਝਟ ਤੌਣ ਨੂੰ ਕਰਨ ਤਿਆਰ ਲੋਕੋ । ਚਾਹੜ ਤਵੀ ਤੇ ਲੰਗਰ ਪਕਾਂਵਦੇ ਨੀ ਨਹੀਂ ਨਿਕਲ ਦੇ ਅੰਦਰੋਂ ਬਾਹਰ ਲੋਕੋ। ਹੱਥ ਜੋੜ ਅਰਦਾਸ ਕਰ ਹੁਕਮ ਦੇਂਦੇ ਅੰਨ ਮੁਕੇਨਾ ਗਲ ਇਹ ਜ਼ਾਹਰ ਲੋਕੋ।ਬਰਕਤ ਐਸੀ ਭੰਡਾਰੇ ਦੇ ਵਿਚ ਪੈਂਦੀ ਕੋਈ ਪਾਂਵਦਾ ਨਾ ਪਾਰ ਵਾਰ ਲੋਕੋ । ਵਰਤੇ ਲੰਗਰ ਅਖੁਟ ਨਾ ਤੋਟ ਆਵੇ ਕੁਛ ਮੈਦੇਦੀ ਨਹੀਂ ਵੀਚਾਰ ਲੋਕੋ।ਕੌਤਕਦੇਖਕੇ ਕੁਲ ਪ੍ਰਸੰਨ ਹੋਵਨ ਖਬਰ ਪਹੁੰਚ ਗਈ ਪਾਸ ਸ੍ਰਕਾਰ ਲੋਕੋ। ਮਨੋਹਰ ਦਾਸ ਜੋ ਸਚੋ ਸ੍ਰਕਾਰ ਹੈਸੀ ਓਹਵੀ ਹੋ ਰਿਹਾ ਅੱਜ ਬਲਹਾਰ ਲੋਕੋ।ਆਟਾ ਘਟ ਤੇ ਸੰਗਤਾਂ ਬਹੁਤ ਸਦਨ ਕਰੇ ਆਪ ਪਛਾਨਸ੍ਰਕਾਰ ਲੋਕੋ। ਕਿਸ਼ਨ ਦਾਸ ਨਾ ਆਟਾ ਤੇ ਦਾਲ ਮੰਗੇ ਜਪੇ ਸਤਿ ਕਰਤਾਰ ਕਰਤਾਰਲੋਕੋ। ਲੰਗਰਅਗੇਤੋਂ ਚੌਗਣਾ ਚਲਰਿਹਾ ਦੁਨੀਆਂ ਬਾਵੇਤੋਂਹੋਈ ਮਾਹਰ ਮਾਹਰ ਲੋਕੋ। ਮਹੰਤ ਸਾਹਿਬ ਨੇ ਪਾ ਲਿਆ ਭੇਦ ਸਾਰਾ ਗਲ ਕਰਦੇ ਨਾਲ ਪਿਆਰ ਲੋਕੋ । ਮਹੰਤਾਂ ਆਖਿਆ ਬਚਿਆ ਬਰਸ ਬਾਰਾਂ ਕੀਤੀ ਠੀਕ ਹੈ ਲੰਗਰ ਦੀ ਕਾਰ ਲੋਕੋ। ਜੇਹੜਾ ਜਾਪ ਖਮੋਸ਼ ਹੋ ਤੁਧ ਕੀਤਾ ਤੇਰੀ ਕਿਰਤਨੂੰ ਦੇਵਾਂਨ ਟਾਰਲੋਕੋ।ਧੰਨ ਧੰਨ ਮੈ ਹੋਯਾ ਕੁਰਬਾਨ ਤੈਥੋਂ ਛਡਦੇਹ ਇਹ ਔਖੜੀ ਕਾਰ ਲੋਕੋ । ਰੋਜ਼ ਰੱਬ ਦਾ

ਆਟਾ ਪਕਾਵਨਾ ਹੈ ਅਤੇ ਵੰਡ ਦਾ ਮੇਰੇ ਦਰਬਾਰ ਲੋਕੋ। ਤੇਰੀ ਜੋਗ ਦਰਗਾਹ ਮਨਜ਼ੂਰ ਹੋਈ ਮਹੰਤਾਂ ਮੁਖ ਤੋਂ ਦਿਤਾ ਉਚਾਰ ਲੋਕੋ। ਬਸ ਬਸ ਤੂੰ ਭਾਰ ਨਾ ਚਾਹੜ ਬੱਚਾ ਤੇਰਾ ਰੱਬ ਦੇ ਨਾਲ ਪਿਆਰ ਲੋਕੋ। ਜਾਹ ਤੂੰ ਰੋੜ੍ਹਾਂ ਵਾਲੀ ਤੈਨੂੰ ਸੌਂਪ ਦਿਤੀ ਆਪ ਦਿਤਾ ਮਹੰਤ ਉਚਾਰ ਲੋਕੋ। ਧਰਮਸਾਲ ਬਨਵਾਓ ਤੇ ਸੁਖੀ ਬੈਸੋ ਓਥੇ ਆਪਨਾ ਆਪ ਖਿਲਾਰ ਲੋਕੋ। ਕਾਣ ਈਨ ਮੁਸੰਦਗੀ ਨਹੀਂ ਕਰਨੀ ਤੇਗ ਆਪਦੀ ਲੈਣੀ ਜੇ ਮਾਰ ਲੋਕੋ। ਫੇਰ ਹੋਰਨਾ ਪਿੰਡਾਂ ਨੂੰ ਤਾਰਕੇ ਤੇ ਆਖਰ ਬੰਗਲੇ ਜਾਣਾ ਪਧਾਰ ਲੋਕੋ। ਕਬਰਾਜ ਓਥੇ ਬੂਟਾ ਸਿੰਘ ਵਸੇ ਜ਼ਾਤ ਚਾਵਲੇ ਬੁਧ ਉਦਾਰ ਲੋਕੋ। ਓਹਦੇ ਨਾਲ ਮਿਲਾਪ ਜ਼ਰੂਰ ਤੇਰਾ ਹੋਸੀ ਸੰਘਨਾ ਗੂਹੜਾ ਪਿਆਰ ਲੋਕੋ। ਬਚਨ ਉਸ ਤੋਂ ਲਵੀਂ ਤੂੰ ਇਕ ਪੈਹਲੇ ਫੇਰ ਗ੍ਰੰਥ ਓਹ ਕਰਸੀ ਤਿਯਾਰ ਲੋਕੋ। ਬਚਨ ਦੇਕੇ ਉਸ ਨਾਂ ਕਦੇ ਫਿਰਨਾ ਇਹ ਪਕਿਆਂ ਸਿੰਘਾਂ ਦੀ ਕਾਰ ਲੋਕੋ। ਜੇਕਰ ਫਿਰੇ ਤਾਂ ਓਸ ਨੂੰ ਰੋਗ ਰੈਹਸੀ ਨਾਲ ਨਾਲ ਤੂੰ ਦਈਂ ਚਤਾਰ ਲੋਕੋ। ਉਸਨੂੰ ਹੋਸੀ ਭਰੋਸਾ ਇਕ ਤੇਰੇ ਉਤੇ ਤੇਰੇ ਬਚਨ ਦਾ ਆਗਿਆ ਕਾਰ ਲੋਕੋ। ਬੂਟੇ ਸਿੰਘਾ ਜੋ ਬਚਨ ਮਹੰਤਾਂ ਆਖੇ ਸਚੀ ਗਲ ਮੈਂ ਕੀਤੀ ਵਿਚਾਰ ਲੋਕੋ॥

ਬਾਵੇ ਕਿਸ਼ਨ ਦਾਸ ਦਾ ਰੋੜ੍ਹਿਆਂ ਵਾਲੀ ਮੈ ਆਨਾ

ਹੁਕਮ ਸੁਣ ਮਹੰਤ ਦਾ ਆਪ ਉਠੇ ਕੀਤੀ ਰਤਾ ਨਾ ਸੋਚ ਵਿਚਾਰ ਬਾਵਾ। ਚਰਨਾਂ ਉਤੇ ਮਹੰਤਾਂ ਦੇ ਟੇਕ ਮੱਥਾ

ਰੋਝਾਂ ਵਾਲੀ ਨੂੰ ਹੋਇਆ ਤਿਆਰ ਬਾਵਾ। ਘੜੀ ਧੰਨ ਤੇ ਧੰਨ ਉਹ ਦੇਸ ਸੋਭੇ ਹਸੇ ਬ੍ਰਿਛ ਤੇ ਹਸਦੀ ਬਾਰ ਬਾਵਾ। ਜਿਥੋਂ ਜਿਥੋਂ ਦੀ ਜਾਂਵਦੇ ਕਿਸ਼ਨ ਮੂਰਤ ਤਰ ਗਏ ਜਿਨ ਕੀਤਾ ਦੀਦਾਰ ਬਾਵਾ। ਧੀਰਜ ਧਵਲ ਦੀ ਨਿਆਈਂ ਟੁਰਨ ਸਹਜੇ ਜਪਦੇ ਜਾਂਵਦੇ ਇਕ ਮੁਰਾਰ ਬਾਵਾ। ਰੋਝਾਂ ਵਾਲੀ ਦੇ ਵਿਚ ਜੋ ਆਨ ਪਹੁੰਚੇ ਏਥੇ ਆਨ ਬਨੇ ਡੇਰੇ ਦਾਰ ਬਾਵਾ। ਕੋਈ ਆਂਵਦਾ ਤੇ ਕੋਈ ਜਾਂਵਦਾ ਹੈ ਬੈਠੇ ਆਨਕੇ ਸ਼ੈਹਰ ਵਿਚਕਾਰ ਬਾਵਾ। ਲੋਕ ਸ਼ੈਹਰ ਦੇ ਚੌਧਰੀ ਨਰ ਨਾਰੀ ਫਲ ਚਾੜ੍ਹਦੇ ਅੰਬ ਅਨਾਰ ਬਾਵਾ॥

### ੧ ਨੰਬਰ ਪੈਹਲਾ ਸ਼ੁਰੂ

ਜੋ ਕੋਈ ਆਇਕੇ ਪਕੜਦਾ ਚਰਨ ਇਨਕੇ ਲੈਂਦੇ ਕੁਲ ਦੀ ਆਪ ਇਹ ਸਾਰ ਬਾਵਾ। ਨਹੀਂ ਜ਼ਾਤ ਸਫਾਤ ਵਿਚਾਰ ਦੇ ਨੇ ਮੋਮਨ ਹਿੰਦੂ ਵਾ ਹੋਰ ਚਮਾਰ ਬਾਵਾ। ਇਕ ਅੱਖ ਸੇ ਦੇਖਦੇ ਕੁਲ ਰਯਤ ਦ੍ਰਿਸ਼ਟੀ ਜਿਨਾਂ ਦੀ ਅਪਰ ਅਪਾਰ ਬਾਵਾ। ਕੌਤਕ ਜਿਨ੍ਹਾਂ ਦੇ ਕਰਾਂਗੀ ਜ਼ਾਹਰ ਬੈਠੇ ਲੈਨੇ ਸਮਝ ਕੇ ਆਪ ਵਿਚਾਰ ਬਾਵਾ। ਪੜ੍ਹੇ ਪ੍ਰੇਮ ਸੇ ਪਾਉ ਕਲਿਯਾਨ ਏਥੇ ਮੁਕਤੀ ਮਿਲੇ ਬੈਕੁੰਠ ਦੁਆਰ ਬਾਵਾ। ਈਸ਼ਰ ਸਿੰਘ ਬਾਨੇਦਾਰ ਮਗਰ ਫਿਰਦਾ ਪਿੰਡ ਚਾਵਕਾ ਕਰਾਂ ਇਜ਼ਹਾਰ ਬਾਵਾ। ਚਾਂਦੀ ਰਾਮ ਜੋ ਮੁਰਜਾਲ ਦਾਸ ਹੋਇਆ ਕਰੇ ਪੁਛ ਕੇ ਕਾਰ ਵਿਹਾਰ ਬਾਵਾ। ਕਾਂਸ਼ੀ ਰਾਮ ਮਿੱਢਾ ਅਰ ਪੈਂਚ ਭਾਰੀ ਫਿਰੇ ਮਤਿਆ ਵਿਚ ਹੰਕਾਰ ਬਾਵਾ। ਕਾਂਸੀ ਰਾਮ ਦੇ ਪੁਤ੍ਰ ਦੋ

ਇਕ ਲੜਕੀ ਕੁਛ ਜ਼ਰ ਦਾ ਨਹੀਂ ਸ਼ੁਮਾਰ ਬਾਵਾ। ਲਧੂ ਰਾਮ ਵਡਾ ਜਮੂਰਾਮ ਛੋਟਾ ਪਿਛਾ ਗਾਵੀ ਦਾ ਦੇਵਾਂ ਉਚਾਰ ਬਾਵਾ। ਲਧੂ ਰਾਮ ਤਾਂ ਵਖਰੀ ਹੱਟ ਕਰਦਾ ਕਰੇ ਸਾਧੂ ਆਂ ਨੂੰ ਸਤਕਾਰ ਬਾਵਾ। ਕਾਂਸ਼ੀ ਰਾਮ ਹੰਕਾਰ ਦੇ ਵਿਚ ਰੈਂਹਦਾ ਆਕੜ ਆਪਦੀ ਬਹੇ ਖਲਾਰ ਬਾਵਾ। ਧਰਮ ਸਾਲ ਵਿਚ ਰਾਤ ਨੂੰ ਕਥਾ ਹੁੰਦੀ ਕੁਛ ਖਲਕ ਦਾ ਨਹੀਂ ਸ਼ੁਮਾਰ ਬਾਵਾ। ਸੰਤ ਦਾਸ ਸਾਧੂ ਕਥਾ ਠੀਕ ਕਰਦੇ ਕਰਾਂ ਸੂਰਜ ਪ੍ਰਕਾਸ਼ ਨੂੰ ਜ਼ਾਹਰ ਬਾਵਾ। ਮਾਈ ਭਾਈ ਪ੍ਰੇਮੀ ਤੇ ਭਗਤ ਜਿਤਨੇ ਕਰਨ ਆਰਤੀ ਅਤੇ ਜੈਕਾਰ ਬਾਵਾ। ਦੂਰ ਦੂਰ ਦੇ ਪਿੰਡਾਂ ਤੋਂ ਆਵੇ ਸੰਗਤ ਕੋਈ ਅੰਤ ਨਹੀਂ ਪਾਰਾ ਵਾਰ ਬਾਵਾ।ਕਿਸ਼ਨਦਾਸਨੂੰ ਵਖਰੇ ਕੈਹਨ ਲਗੇ ਲਓ ਡੇਰੇ ਦੀ ਵਖਰੀ ਕਾਰਬਾਵਾ।ਦੇਈਏ ਮਹੰਤਾਂਨੂੰ ਮਹੰਤਾਂ ਦੀ ਕਾਰ ਪੂਰੀਲਈਏ ਡੇਰੇ ਦੀ ਵਖਰੀ ਸਾਰ ਬਾਵਾ।ਡੇਰੇ ਨਾਲ ਹਾੜੀ ਬੈਨੀ ਸਾਵਣੀ ਜੋ ਧਾਈਂ ਆਂਵਦੇ ਬੇਸ਼ੁਮਾਰ ਬਾਵਾ। ਸੰਤ ਦਾਸਸਾਧੂ ਤਾਂਈਨਾਲ ਲੈਕੇ ਬਧੇ ਕੁਲ ਬਿਧਾਨ ਵਿਚਾਰ ਬਾਵਾ। ਹਾਕੂ ਚਿਸਤੀਆ ਸ਼ੈਹਰ ਫਰੀਦ ਮਾੜੀ ਤੇ ਰੋੜਾਂ ਵਾਲੀ ਦੇ ਡੇਰੇ ਦੀ ਕਾਰ ਬਾਵਾ। ਬੰਗਾ ਨਾਦਰ ਸ਼ਾਹ ਰੋੜੀ ਮਹਾਰਾਂ ਵਾਲੀ ਲਿਖਤ ਪਾਂਵਦੀ ਖੁਸ਼ੀ ਨੂੰ ਧਾਰ ਬਾਵਾ। ਹੁਸੈਨਾ ਅਬਾਦ ਤੇ ਕਾਸਮਕੋ ਪਿੰਡ ਬਹੁਤੇ ਮੌਜਗੜਵੀ ਦਿਤਾ ਚਿਤਾਰ ਬਾਵਾ। ਬਿਧਾਨ ਬੰਨਿਆਂ ਪਿੰਡਾਂ ਦਾ ਅੰਡ ਨਾਹੀ ਬੰਦੀ ਵਖਰੀ ਕੀਤੀ ਤਿਯਾਰ ਬਾਵਾ। ਰੋੜਾਂ

ਵਾਲੀ ਦੇ ਵਿਚ ਜਾਂ ਆਇਆ ਬਾਵਾ ਸੰਗਤ ਫੁਲ ਬਰਸਾ ਵਨੇ ਹਾਰ ਬਾਵਾ। ਕੁਲ ਆਨਕੇ ਚਰਨਾ ਦੇ ਵਿਚ ਢਠੀ ਦੇਗ ਸੁਖੇ ਦੀ ਹੋਈ ਤਿਆਰ ਬਾਵਾ। ਲਗੀ ਰਾਤ ਨੂੰ ਕਥਾ ਜੋ ਹੋਣ ਓਥੇ ਭੀੜ ਹੋਈ ਨਾ ਲਗੇ ਸ਼ੁਮਾਰ ਬਾਵਾ। ਬ੍ਰਹਮਣ ਆਯਾ ਬੇਟਾ ਬੂਟੇ ਰਾਮ ਵਾਲਾ ਮੂਲ ਚੰਦ ਜੀ ਬੈਠਾ ਵਿਚਕਾਰ ਬਾਵਾ। ਵਿਦਜਾ ਵਿਚ ਭਰ ਪੂਰ ਤੇ ਪੈਂਚ ਮੰਨਣ ਝੂਠ ਬੋਲਦਾ ਨਾ ਇਕ ਵਾਰ ਬਾਵਾ।ਕਥਾ ਹੋਈ ਦੇ ਮਗਰੋਂ ਪੈਂਚ ਆਇਆ ਕਾਂਸ਼ੀ ਰਾਮ ਮੰਦਰ ਵਿਚਕਾਰ ਬਾਵਾ। ਮੱਤਾ ਗਰਬ ਹੰਕਾਰ ਦੇ ਰੰਗ ਅੰਦਰ ਦਿਤੇ ਬਚਨ ਦੂਰ ਬਚਨ ਉਚਾਰ ਬਾਵਾ। ਸਾਧਾ ਨਹੀਂ ਉਡੀਕਿਆ ਮੂਝ ਤਾਂਈ ਦਿਤਾ ਖੌਫ ਤੈਂ ਮੇਰਾ ਵਿਸਾਰ ਬਾਵਾ। ਬਾਵੇ ਸ਼ਾਂਤੀਦੇ ਨਾਲ ਜਵਾਬ ਦਿਤਾ ਸੁਖੇ ਰੈਹਿਨ ਨਾ ਦਿਤੀ ਕੁਝ ਸਾਰ ਬਾਵਾ। ਸੁਖਾ ਪੀਨਾ ਤਾਂ ਡੇਰੇ ਤੋਂ ਬਾਹਰ ਪੀਓ ਦਿਤਾ ਸੇਠ ਨੇ ਮੁਖੋਂ ਉਚਾਰ ਬਾਵਾ। ਸੰਗਤ ਦੇਖ ਸਾਰੀ ਹਕਾ ਬਕਾ ਹੋਈ ਕਰੇ ਸ਼ਾਹ ਨੂੰ ਕੁਲ ਧਿਕਾਰ ਬਾਵਾ। ਮੂਲ ਚੰਦ ਬ੍ਰਹਮਣ ਅਗੋਂ ਬੋਲਿਆ ਹੈ ਕਾਂਸ਼ੀ ਰਾਮ ਨੂੰ ਛਾਯਾ ਗੁਬਾਰ ਬਾਵਾ। ਬਾਵੇ ਆਖਿਆ ਮਰੇਗਾ ਪੂਤ ਤੇਰਾ ਅਠਾਂ ਦਿਨਾ ਦੇ ਖਾਸ ਵਿਚਕਾਰ ਬਾਵਾ। ਹੋਵੇ ਕੰਨਿ ਆ ਵਿਧਵਾ ਠੀਕ ਤੇਰੀ ਦਿਤੇ ਸੁਖਨ ਮੈਂ ਸੱਚ ਉਚਾਰ ਬਾਵਾ। ਜੰਮੂ ਮਰਗਿਆ ਧੀ ਵੀ ਹੋਈ ਰੰਡੀ ਲਧੂ ਚਰਨਾ ਦੇ ਖੜਾ ਵਿਚਕਾਰ ਬਾਵਾ। ਕਾਂਸ਼ੀ ਰਾਮ ਫਿਰ ਤਾਂ ਆਕੇ

ਪਿਆ ਪੈਰੀਂ ਮਸ਼ਹੂਰ ਇਹ ਗਲ ਸੰਸਾਰ ਬਾਵਾ। ਆਖੇ ਰਖਲੈ ਅੰਸਮੈਂ ਸਰਨਡਿਗਾ ਮੇਰੀ ਜੜ ਨਾ ਦਿਓ ਉਖਾੜ ਬਾਵਾ। ਆਜਜ਼ ਹੋਏ ਕਾਂਸ਼ੀ ਰਾਮ ਖੜਾ ਅਗੇ ਸੰਗਤ ਕੁਲ ਫਿਰ ਦੇਖਣੇ ਹਾਰ ਬਾਵਾ। ਬਾਵੇ ਆਖਿਆ ਬਖਸ਼ਨ ਹਾਰ ਸੰਗਤ ਅੰਸ ਛਾਲੇ ਦੀ ਰਖੀ ਕਰਤਾਰ ਬਾਵਾ। ਜਾਹੇ ਲਧੂ ਦੀ ਅੰਸ ਨੂੰ ਰਖਿਆ ਮੈਂ ਸਰੂਪ ਦਾਸ ਦੀ ਗੱਦੀ ਮਸ਼ਹੂਰ ਬਾਵਾ। ਅਜ ਤਕ ਜੋ ਅੰਸ ਮੌਜੂਦ ਉਸਦੀ ਬੂਟੇ ਸਿੰਘ ਨੇ ਕੀਤਾ ਦੀਦਾਰ ਬਾਵਾ॥

## ਵਾਕ ਕਵੀ

ਕੁਝ ਕਵੀਆ ਸੋਚ ਕੇ ਆਖ ਅਗੇ ਰੋੜਾਂਵਾਲੀ ਕੀ ਹੋਈ ਵਿਚਾਰ ਹੈ ਜੀ। ਕਾਂਸ਼ੀ ਰਾਮ ਦਾ ਗੁਜਰਿਆ ਜਦੋਂ ਲੜਕਾ ਫੇਰ ਕੰਬਦਾ ਕੁਲ ਸੰਸਾਰ ਹੈ ਜੀ। ਮੋਮਨ ਹਿੰਦੂ ਬਾਹਮਨ ਝੋਰੀ ਵੇਦ ਭੰਗੀ ਚਲ ਆਇ ਚੰਡਾਲ ਚਮਾਰ ਹੈ ਜੀ। ਕੁਲ ਸ਼ੈਹਰ ਫਿਰ ਆਨ ਕੇ ਹੋਇਆ ਕੱਠਾ ਕੋਈ ਰਿਹਾ ਨਾਹੀਂ ਬਾਕੀ ਬਾਹਰ ਹੈ ਜੀ। ਹੱਥ ਜੋੜਕੇ ਕੰਬਦੇ ਆਂਵਦੇ ਨੇ ਕਰਦੇ ਬਾਵੇ ਦਾ ਆਨ ਦੀਦਾਰ ਹੈ ਜੀ। ਅਗੋਂ ਬਾਵਾ ਜੋ ਸਾਂਝਾ ਉਪਦੇਸ਼ ਦੇਂਦਾ ਸਤ ਧਰਮ ਦੀ ਦਸਦਾ ਕਾਰ ਹੈ ਜੀ। ਬਾਵਾ ਆਖਦਾ ਘਲਿਆ ਰੱਬ ਸਭ ਨੂੰ ਦੇ ਰੋਕੜਾਂ ਕਈ ਹਜਾਰ ਹੈ ਜੀ। ਭੁੱਲ ਘੁਕਿਆਂ ਵਾਂਗ ਬਰ ਬਾਦ ਕੀਤੇ ਭਾਰੀ ਕੀਮਤੀ ਲਾਲ ਜਵਾਹਰ ਹੈ ਜੀ। ਰਾਮ ਨਾਮ ਖਰੀਦਨਾਂ ਪਾਸ ਸੰਤਾਂ ਆਇਆ ਕਰਨ ਤੂੰ ਏਹ

ਵਪਾਰ ਹੈ ਜੀ। ਦਿਤੇ ਦਾਮ ਕਰਤਾਰ ਨੇ ਖਰੇ ਸਭ ਨੂੰ ਅਗੇ ਦੇਂਵਦੇ ਬੰਦੇ ਉਧਾਰ ਹੈ ਜੀ। ਵਿਆਜ ਲੋਭ ਪਿਛੇ ਮੂਲ ਡੋਬ ਬੈਂਹਦੇ ਦਾਮ ਮੁਕਿਆਂ ਆਂਵਦੀ ਹਾਰਹੈਜੀ।ਤਨ ਹੱਟੜੀ ਸੁਆਸ ਹੈ ਦਾਮ ਲੋਕੋ ਮੁਕੇ ਸੁਆਸ ਹੋਇਆ ਮੁਰਦਾਰ ਹੈ ਜੀ । ਸੁਆਸ ਹੁੰਦਿਆਂ ਮੁਲਕ ਦੀ ਸੈਲ ਕਰਦਾ ਕਈ ਦੇਖਦਾ ਸ਼ੈਹਰ ਬਜ਼ਾਰ ਹੈ ਜੀ । ਰੋਕੜ ਸੁਆਸ ਰੂਪੀ ਜਿਚਰ ਪਾਸ ਤੇਰੇ ਏਲੀ ਆਨ ਮਿਲਦੇ ਕਰ ਕਰ ਪਿਆਰ ਹੈ ਜੀ । ਦਿਲ ਰੂਪੀ ਸਮੁੰਦਰ ਦੇ ਵਿਚ ਫਿਰਦੇਜਲਨ ਖੁਦੀ ਗੁਮਾਨ ਸੰਸਾਰ ਹੈ ਜੀ । ਸੁਆਸ ਰੋਕੜ ਦੇ ਹੁੰਦਿਆਂ ਲਖ ਖੁਸ਼ੀਆਂ ਖਿੜੀ ਚਮਨ ਦੀ ਭਾਰੀ ਗੁਲਜ਼ਾਰ ਹੈਜੀ। ਬਾਵਾ ਆਖਦਾ ਸੁਨੋ ਤਮਾਮ ਲੋਕੋ ਮਿਠੇ ਲਗ ਦੇ ਵਿਸ਼ੇ ਵਿਕਾਰ ਹੈ ਜੀ। ਪੈਹਨੇਂ ਮਖਮਲਾਂ ਲਾਨਤਾਂ ਲਖ ਤੈਨੂੰ ਅਤੇ ਖਾ ਲਿਆ ਅੰਬ ਅਨਾਰ ਹੈਜੀ। ਸੁਆਸ ਬਿਨਸਿਆ ਆਗਿਆ ਮੌਤ ਲਾੜਾ ਚਕ ਚਲੇ ਕਹਾਰ ਨੇ ਚਾਰ ਹੈਜੀ।ਰਾਸ ਮੁਕ ਗਈ ਸਤ ਅਸਤ ਹੋਯਾ ਆਖਰ ਸਿਟ ਆਏ ਸ਼ੈਹਰੋਂ ਬਾਹਰ ਹੈ ਜੀ। ਪਾਣੀ ਠੰਢਾ ਪਰਾਉਂਠੇ ਕੌਣ ਦੇਵੇ ਹੋਸੀ ਆਨਕੇ ਸਖਤ ਲਾਚਾਰ ਹੈ ਜੀ। ਮੰਜਿਓਂ ਲਾਹਿਆ ਸੋਚਕੇ ਵੇਖ ਪੈਹਿਲਾਂ ਉਤੇਸਿੜੀ ਦੇ ਕੀਆ ਸਵਾਰ ਹੈ ਜੀ। ਰੋਕੜ ਮੁਕ ਗਈ ਸ਼ੈਹਰ ਨਾ ਰੈਹਨ ਦੇਂਦਾ ਚਿਟਾ ਕਪੜਾ ਕਬਰ ਤਿਆਰ ਹੈ ਜੀ। ਬਾਵੇ ਦੇ ਉਪਦੇਸ਼ ਫਿਰ ਆਪ ਕਹਿਆ ਏਥੋਂ ਜਾਂਵਣਾ ਸਾਨੂੰ

ਦਰਕਾਰ ਹੈ ਜੀ। ਛੋਟਾ ਮਹੰਤ ਗੁਲਾਬ ਦਾਸ ਨਾਮ ਜਿਨ ਕਾ ਪਏ ਪੇਓਰੀ ਵਿਚ ਬੀਮਾਰ ਹੈ ਜੀ। ਅਸਾਂ ਜਾਵਨਾ ਭਾਈ ਕੀ ਪੇਓਰੀ ਮੇਂ ਸਾਨੂੰ ਸਮਝ ਲਉ ਅਸੀਂ ਤਿਆਰ ਹੈ ਜੀ। ਬੂਟਾ ਸਿੰਘ ਕਹੇ ਨਾਮ ਨਿਸਾਨ ਮਿਟਿਆ ਬਾਰਾਂ ਪਥਰਾਂ ਤੋਂ ਕੀਤਾ ਪਾਰ ਹੈ ਜੀ।

ਬਾਵੇ ਨੇ ਜਾਨਾ ਭਾਈ ਕੀ ਪੇਓਰੀ॥

ਰੋਝਾਂ ਵਾਲ਼ੀ ਦੇ ਵਿਚੋਂ ਤਿਯਾਰ ਹੋਏ ਵਿਦਾ ਕਰਨ ਚਲੇ ਨਰ ਨਾਰ ਸੁਆਮੀ। ਕੁਲ ਆਖਦੇ ਆਪ ਨਾ ਜਾਓ ਬਾਵਾ ਏਥੇ ਰਹੁ ਤੇ ਦਿਓ ਦੀਦਾਰ ਸੁਆਮੀ। ਨਹੀਂ ਮਨ ਦੇ ਕਿਸ ਦੇ ਅਰਜ ਤਾਂਈ ਹੋਏ ਟੇਲ ਦੇ ਉਤੇ ਸੁਆਰ ਸੁਆਮੀ। ਤਾਰਾਂ ਖੜਕ ਅਬੋਹਰ ਮਲੋਟ ਗਈਆਂ ਰੇਲ ਅਜ ਦੀ ਆਏ ਮੁਰਾਰ ਸੁਆਮੀ। ਸਾਰਾ ਸ਼ੈਹਰ ਅਬੋਹਰ ਤਿਯਾਰ ਹੋਕੇ ਖੜੇ ਟੇਸ਼ਨ ਦੇ ਖਾਸ ਵਿਚਕਾਰ ਸੁਆਮੀ। ਅਬੋਹਰ ਟੇਸ਼ਨ ਦੇ ਉਤੇ ਘਮਸਾਨ ਭਾਰੀ ਪਏ ਉਡੀਕ ਦੇ ਸਿੰਘ ਸਰਦਾਰ ਸੁਆਮੀ।ਲੋਕ ਖੁਸੀ ਹੋਏ ਰੇਲ ਵੇਖਕੇ ਤੇ ਜਿਵੇਂ ਚੰਦ ਚਕੋਰ ਪਿਆਰ ਸੁਆਮੀ। ਮੱਥਾ ਰੇਲ ਨੂੰ ਟੇਕ ਦੀ ਕੁਲ ਖਲਕਤ ਅਤੇ ਗਡੀਆਂ ਦੇਖਣੇ ਹਾਰ ਸੁਆਮੀ। ਅਗੇ ਦੱਸਾਂ ਮੈਂ ਮਾਈਆਂ ਦਾ ਹਾਲ ਤੁਹਾਨੂੰ ਆਈਆਂ ਸਰਧਾ ਦੇ ਨਾਲ ਪਧਾਰ ਸੁਆਮੀ। ਕਈ ਲਿ-ਆਈਆਂ ਪਕਵਾਨ ਤੇਥਾਲ ਭਰਕੇ ਕਿਨ੍ਹਾਂ ਪਾਸਹੈ ਖੀਰ ਤਿਯਾਰ ਸੁਆਮੀ। ਕਈ ਸੇਵੀਆਂ ਚੂਰੀਆਂ ਪਕਾ

ਭੋਜਨ ਲਾਇਆ ਜਾਵੇ ਨਾ ਮੈਥੋਂ ਸ਼ੁਮਾਰ ਸੁਆਮੀ। ਕਈ ਪੁਰਸ਼ ਹੋ ਹੋ ਅਗੇ ਟੇਕ ਮਥਾ ਗਲ ਪਾਂਵਦੇ ਫੁਲਾਂ ਦੇ ਹਾਰ ਸੁਆਮੀ। ਕਈ ਲੈ ਪ੍ਰਸਾਦਿ ਤੇ ਟੇਕ ਮੱਥਾ ਕੁਲ ਖਲਕ ਨੇ ਕੀਤਾ ਦੀਦਾਰ ਸੁਆਮੀ। ਸੇਠ ਚੌਧਰੀ ਹੱਥਾਂ ਨੂੰ ਜੋੜ ਕੈਂਹਦੇ ਸਾਨੂੰ ਤਾਰ ਦੇਹੋ ਇਕ ਵਾਰ ਸੁਆਮੀ। ਕੋਈ ਰੋਜ਼ ਦੇਹੋ ਏਥੇ ਦਰਸ ਸਾਨੂੰ ਤਾਰਨ ਹਾਰ ਹੋ ਆਪ ਦਤਾਰ ਸੁਆਮੀ। ਸਭ ਨੂੰ ਕੈਹਣ ਮਹੰਤ ਬਿਮਾਰ ਓਥੇ ਜਾਨਾ ਅਸਾਂ ਨੂੰ ਓਥੇ ਦਰਕਾਰ ਸੁਆਮੀ। ਡਾਕ ਗੱਡੀ ਜੋ ਠੈਹਰ ਨਾ ਨਹੀਂ ਕਿਧਰੇ ਜਾਨਾ ਮਹੰਤਾਂ ਦੇ ਪਾਸ ਇਕ ਵਾਰ ਸੁਆਮੀ। ਗੱਡੀ ਝੱਟ ਤਿਯਾਰ ਹੋ ਟੁਰੀ ਓਥੋਂ ਮਲੋਟ ਵਿਚ ਵਰਤੀ ਇਹ ਕਾਰ ਸੁਆਮੀ। ਆਏ ਛਾਬੜੇ ਗਿਲ ਸਰ-ਦਾਰ ਸੰਧੂ ਮੱਥਾ ਬਾਵੇ ਨੂੰ ਟੇਕਣੇ ਹਾਰ ਸੁਆਮੀ। ਓਥੋਂ ਟੁਰੀ ਗੱਡੀ ਅਗੇ ਜਾਇ ਪਹੁੰਚੀ ਬਾਵਾ ਉਤਰਿਆ ਸਤ ਕਰਤਾਰ ਸੁਆਮੀ। ਜਾਇ ਮਹੰਤਾਂ ਨੂੰ ਨਮੋ ਨਰਾਇਣ ਕੀਤੀ ਮਹੰਤ ਦੇਖਕੇ ਹੋਏ ਬਲਿਹਾਰ ਸੁਆਮੀ। ਸੁਖਾਂ ਸੁਖ ਦਾ ਜੋ ਕਿਸ਼ਨ ਦਾਸ ਬਾਵਾ ਮੰਨੇ ਮੰਨਤਾਂ ਬਾਵਾ ਅਪਾਰ ਸੁਆਮੀ। ਮਈਆ ਕਰੀਂ ਰਾਜ਼ੀ ਤੂੰ ਮਹੰਤਾਂ ਤਾਂਈ ਦਰਸ਼ਨ ਕਰਾਂ ਮੈਂ ਜਾਇ ਹਰਦੁਆਰ ਸੁਆਮੀ। ਤੇਰਾ ਦਰਸ ਮਾਤਾ ਗੰਗਾ ਹੁਨੇ ਕਰਸਾਂ ਰਾਜ਼ੀ ਕਰੀਂ ਮਹੰਤ ਇਕ ਵਾਰ ਸੁਆਮੀ। ਕੀਤੀ ਕ੍ਰਿਪਾ ਮਾਤ ਗੰਗੇ ਵਲੋਂ ਕੋ ਰਾਜ਼ੀ ਹੋਏ ਮਹੰਤ ਇਕ ਵਾਰ ਸੁਆਮੀ। ਗੁਲਾਬ ਦਾਸ ਮਹੰਤ ਪ੍ਰਸੰਨ ਹੋਕੇ

ਕੈਂਹਦੇ ਨ੍ਹਾਓ ਰੀਗਾ ਤੀਰਥ ਜਾਹਰ ਸੁਆਮੀ । ਬੂਟੈ ਸਿੰਘਾ ਮਹਿਤਾਂ ਤੋਂ ਵਿਦਾ ਹੋਕੇ ਪਹੁੰਚੇ ਖਾਸ ਜੋ ਹਰੀ ਦੁਆਰ ਸੁਆਮੀ ॥

ਵਾਕ ਕਵੀ

ਹਰਦੁਆਰ ਮੈਂ ਪਹੁੰਚੇ ਕਿਸ਼ਨ ਮੂਰਤ ਹਰ ਕੀ ਪੌੜੀ ਤੇ ਕਰਨ ਇਸਨਾਨ ਬਾਵਾ। ਕਨ ਖੜੇ ਤੇ ਜਾਇਕੇ ਕਰਨ ਦਰਸਨ ਦੇਖਨ ਦੇਵੀ ਦਾ ਕਦੇ ਅਸਥਾਨ ਬਾਵਾ। ਪਹਾੜ ਉਤੇ ਜੋ ਦੇਵੀ ਉਗਰ ਵਸੇ ਜਾਇ ਚੜੇ ਜੋ ਸ਼ਿਕਰ ਮਕਾਨ ਬਾਵਾ। ਨੀਲ ਜਤੀ ਦਾ ਜਾਇ ਦੀਦਾਰ ਕਰਦੇ ਭੀਮ ਗੋਡੇ ਨੂੰ ਆਨਕੇ ਮਾਨ ਬਾਵਾ। ਨੀਲ ਧਾਰਾ ਤੋਂ ਫੇਰ ਜੋ ਪਾਰ ਜਾਂਦੇ ਪਹਾੜ ਉਤੇ ਹੈ ਚੰਡੀ ਬਲਵਾਨ ਬਾਵਾ। ਡਰਦੇ ਰਾਤ ਨੂੰ ਰੈਂਹਦੇ ਨਾ ਮੂਲ ਬਾਹਮਣ ਕੱਲੀ ਛੱਡਕੇ ਦੇਵੀ ਨੂੰ ਆਨ ਬਾਵਾ। ਸ਼ੇਰ ਚੀਤੇ ਬਘੇਲੇ ਬਿਅੰਤ ਫਿਰਦੇ ਕਡ ਲੈਣ ਜੋ ਬੰਦੇ ਦੀ ਜਾਨ ਬਾਵਾ। ਸੰਧਿਆ ਹੋਈ ਤਾਂ ਇਕ ਨਾ ਰਹੇ ਬੰਦਾ ਸੁਬਹਾ ਲੈਂਦਾ ਪੁਜਾਰੀ ਜਾ ਦਾਨ ਬਾਵਾ । ਕਿਸ਼ਨ ਦਾਸ ਦੇ ਚਿੱਤ ਦੇ ਵਿਚ ਆਈ ਰਾਤੀ ਛੱਡ ਜਾਵਨ ਬੇਈਮਾਨ ਬਾਵਾ। ਰਾਤੀ ਰੈਹਕੇ ਦੇਖੀਏ ਹਾਲ ਸਾਰਾ ਛੱਡ ਜਾਵਨਾ ਝੂਠ ਜਹਾਨ ਬਾਵਾ। ਦੇਹ ਨਿਤ ਨਹੀ ਮਰਨਾ ਠੀਕ ਮੈਨੇ ਏਥੇ ਰਹਿਕੇ ਭਜੋ ਭਗਵਾਨ ਬਾਵਾ । ਰਾਤ ਰਹੇ ਉਥੇ ਸਿਖਰ ਮੰਦਰ ਅੰਦਰ ਰਖਨ ਦੇਵੀ ਦੀ ਤਰਫ ਧਿ-ਆਨ ਬਾਵਾ। ਚੜੀ ਆਨ ਜੁਆਲਾ ਦੁਰਗਾ ਸ਼ੇਰ ਉਤੇ

ਹਨੂਮਾਨ ਭੀ ਮਗਰ ਬਲਵਾਨ ਬਾਵਾ। ਪਿਛੇ ਪਿਛੇ ਸਾਧੂ ਬੁਧ ਦਾਸ ਫਿਰਦਾ ਜਾਇ ਸ਼ੇਰ ਦੀ ਫੜਨ ਜੁਬਾਨ ਬਾਵਾ। ਐਸੇ ਦੇਖ ਅਸਚਰਜ ਦਰਬਾਨ ਹੋਇਆ ਬਾਵੇ ਆਖਿਆ ਮੈ ਹਰਾਨ ਬਾਵਾ। ਕਿਸ਼ਨ ਦਾਸ ਫਿਰਦਾ ਬੁਧਦਾਸ ਪਿਛੇ ਦਸ ਜਾਵਣਾ ਦੇਸ ਮਕਾਨ ਬਾਵਾ। ਨਾਥ ਸਿਧ ਤੂੰ ਰਾਮ ਰਹੀਮ ਮੈਨੂੰ ਗੰਗਾ ਮਕਾ ਤੂੰ ਮੇਰਾ ਅਸਥਾਨ ਬਾਵਾ। ਮੇਰੇ ਵਾਸਤੇ ਕਿਸ਼ਨ ਅਵਤਾਰ ਤੂੰ ਹੈਂ ਮੇਰੇ ਵਾਸਤੇ ਵਿਸ਼ਨ ਭਗਵਾਨ ਬਾਵਾ। ਰਖੀ ਲਾਜ ਦ੍ਰੋਪਤੀ ਭਗਤਨੀ ਦੀ ਤਾਰੀ ਪੂਤਨਾ ਚਾੜ ਬੇਬਾਨ ਬਾਵਾ। ਮੈ ਤਾਂ ਸਰਨ ਤੇਰੀ ਡਿੱਗਾ ਤਾਰ ਮੈਨੂੰ ਦੇਵੋ ਮੂਝ ਨੂੰ ਸੀਤ ਗਿਆਨ ਬਾਵਾ। ਤੂੰਹੀਂ ਸੰਤ ਵੈਰਕਤ ਅਨੰਤ ਮੂਰਤ ਮੱਥੇ ਤੁਧ ਦੇ ਧਰਮ ਨਿਸਾਨ ਬਾਵਾ। ਰੱਤੀ ਨਾਮ ਵਾਲੀ ਤੇਰੇ ਵਿਚ ਸਾਈਆਂ ਫਿਰੇਂ ਸ਼ੇਰ ਦੇ ਪਕੜ ਕੇ ਕਾਨ ਬਾਵਾ। ਦੁਰਗਾ ਨਾਲ ਤੇਰਾ ਮੇਲ ਦਿਸਦਾ ਹੈ ਦਿਓ ਪਰੀ ਤੈਥੋਂ ਮਿਹਰਬਾਨ ਬਾਵਾ। ਤਿੰਨ ਸੈਸੱਠ ਜੋਗਨ ਬਵੰਜਾ ਬੀਰ ਨਾਲੇ ਤੇਰੀ ਮੰਨਦੇ ਕੁਲ ਨੇ ਆਨ ਬਾਵਾ। ਚੌਰਾਸੀ ਸਿਧ ਨੌ ਨਾਥ ਤੇ ਸਤ ਦੁਰਗੇ ਕੀਤੀ ਕੁਲ ਦੀ ਤੈਨੇ ਪਛਾਨ ਬਾਵਾ। ਮੰਤ੍ਰ ਜੰਤ੍ਰ ਤੇ ਰਖ ਤਵੀਤ ਧਾਗੇ ਤੈਥੋਂ ਦੇਵ ਸਫੈਦਲੈ ਜਾਨ ਬਾਵਾ। ਮੰਨਨ ਭੂਤ ਪ੍ਰੇਤ ਚੁੜੇਲ ਤੈਨੂੰ ਕਾਲਾ ਦੇਵ ਮੰਨੇ ਤੇਰੀ ਕਾਨ ਬਾਵਾ। ਜਿਥੇ ਚਰਨ ਪਾਵੇਂ ਹੋਵੇ ਤੁਰਤ ਰਾਜੀ ਬਾਲ ਕੰਨਜਾ ਬੁਢਾ ਜਵਾਨ ਬਾਵਾ। ਛੱਡ ਜਾਂਵਦੇ ਦੇਵ ਪ੍ਰੇਤ ਕੀੜਾ ਤੁਹੀਂ ਦਿਸ

ਦਾ ਗੁਣਾਂ ਦੀ ਖਾਣ ਬਾਵਾ। ਸੁਬਹਾ ਹੋਣ ਦਾ ਵਕਤ ਜਾਂ ਆਨ ਹੋਇਆ ਦੇਵੀ ਸ਼ੇਰ ਆਪੋ ਆਪ ਜਾਨ ਬਾਵਾ। ਬੁਧ ਦਾਸ ਜੀ ਲਗਿਆ ਜਾਨ ਓਥੋਂ ਕਿਸ਼ਨ ਦਾਸ ਚਰਨੀ ਹੱਥ ਲਾਨ ਬਾਵਾ। ਆਖੇ ਛੱਡ ਕੇ ਮੈਨੂੰ ਨਾ ਜਾ ਨਾਬਾ ਕੈਹਨਾ ਕਿਸ਼ਨ ਦਾ ਗਏ ਨੀ ਮਾਨ ਬਾਵਾ। ਕਿਸ਼ਨ ਦਾਸ ਕੈਂਹਦਾ ਬੁਧਦਾਸ ਤਾਂਈ ਬਖਸ਼ ਵਿਦਿਯਾ ਦਾ ਮੈਨੂੰ ਦਾਨ ਬਾਵਾ।ਬੂਟੇ ਸਿੰਘ ਜੋ ਬਚਨ ਬੁਧ ਦਾਸ ਕੈਹਸਨ ਕਿਸ਼ਨ ਦਾਸ ਜੀ ਆਪ ਕਮਾਨ ਬਾਵਾ॥

### ਬਾਵਾ ਕਿਸ਼ਨ ਦਾਸ ਕਾ ਬੁਧ ਦਾਸ ਕੇ ਪੀਛੇ ਜਾਨਾ

ਬੁਧ ਦਾਸ ਸਾਧੂ ਅਗੇ ਲੱਗ ਟੁਰਿਆ ਮਗਰ ਮਗਰ ਜਾਂਦੇ ਕਿਸ਼ਨ ਦਾਸ ਸੁਆਮੀ। ਕਾਲੀ ਭੀਤ ਨੂੰ ਟੱਪ ਕੇ ਉਰੇ ਆਏ ਸੂਰਜ ਕੁੰਡ ਮੇਂ ਕੀਤਾਨੇ ਵਾਸ ਸੁਆਮੀ। ਨੀਲ ਕੰਠ ਮਹਾਂ ਦੇਵ ਤੇ ਬਿਲ ਮਹਾਂ ਦੇਉ ਦਰਸ਼ਨ ਕਰਦੇ ਜਾਇਕੇ ਖਾਸ ਸੁਆਮੀ। ਰਿਖੀ ਕੇਸ ਚਲੇ ਬੁਧ ਦਾਸ ਬਾਵਾ ਪਿਛੇ ਲੱਗ ਟੁਰੇ ਕਿਸ਼ਨ ਦਾਸ ਸੁਆਮੀ। ਮੰਦਰ ਸਤ ਨਰੈਣਦਾ ਰਾਹ ਉਤੇ ਪਹੁੰਚੇ ਜਾਇ ਓਥੇ ਦੋਵੇਂ ਖਾਸ ਸੁਆਮੀ। ਰਿਖੀਕੇਸ ਪਹੁੰਚੇ ਮੰਦਰ ਭਰਥ ਦੇ ਤੇ ਓਥੇ ਜਾਇ ਲੇਟੇ ਉਤੇ ਘਾਸ ਸੁਆਮੀ। ਰਿਖੀਕੇਸ ਨਾਹੀ ਠੈਹਰੇ ਦੇਰ ਬਹੁਤੀ ਲਛਮਨ ਝੂਲੇ ਦੇ ਪਹੁੰਚੇ ਨੇ ਪਾਸ ਸੁਆਮੀ। ਥਕ ਗਏ ਤੇ ਸੰਧਿਆ ਹੋਈ ਉਤੋਂ ਲਛਮਨ ਝੂਲੇ ਮੇਂ ਕੀਤਾ ਨਿਵਾਸ ਸੁਆਮੀ।

ਕ੍ਰਿਸ਼ਨ ਦਾਸ ਨੇ ਪਕੜੇ ਜੋ ਚਰਨ ਗੁਰ ਕੇ ਕਟ ਦੀਜੀਏ ਜਮਾਂ ਦੀ ਫਾਸ ਸੁਆਮੀ। ਕ੍ਰਿਸ਼ਨ ਦਾਸ ਆਖੇ ਤੂੰਹੈਂ ਰਾਮ ਮੂਰਤ ਮੈਂ ਤਾਂ ਭੀਲਨੀ ਨੇ ਰਖੀ ਆਸ ਸੁਆਮੀ । ਮੈਨੂੰ ਜਾਨ ਰਵਦਾਸ ਚੰਮਾਰ ਵਾਂਙੂੰ ਕਟ ਦੀਜੀਏ ਮੁਝ ਦੀ ਤਰਾਸ ਸੁਆਮੀ। ਭਾਂਵੇਂ ਮਾਰ ਤੇ ਛਡ ਮੈਂ ਸ਼ਰਨ ਡਿੱਗਾ ਬੋਟੀ ਬੋਟੀ ਕਟੋ ਮੇਰਾ ਮਾਸ ਸੁਆਮੀ । ਤੇਰਾ ਛਡਕੇ ਧਾਮ ਨਾ ਮੂਲ ਜਾਵਾਂ ਚਿਮਟੇ ਮਾਰਕੇ ਕੀਜੀਏ ਨਾਸ ਸੁਆਮੀ । ਤੂੰ ਹੈਂ ਰਾਮਚੰਦਰ ਮੈਂ ਅਹਿ-ਲਿਆ ਨੂੰ ਚਰਨ ਲਾਇਕੇ ਤਾਰੀਏ ਲਾਸ਼ ਸੁਆਮੀ। ਮੈਂ ਢਾਂਗ ਮਸੂਮ ਦੇ ਕਬਜ ਹੋਯਾ ਦਾਸਾ ਕੱਢ ਦੇ ਕੇ ਅੰਬਲਤਾਸ ਸੁਆਮੀ। ਮੈ ਅਜਾਨ ਤੂੰ ਜਾਨਦਾ ਸਾਰ ਸਾਰੀ ਮੇਰੇ ਕੰਮਲੇ ਦੀ ਤੂੰ ਹੈਂ ਰਾਸ ਸੁਆਮੀ। ਬਾਰ ਬਾਰ ਹੈ ਬੇਨਤੀ ਤਾਰ ਸੁਆਮੀ ਮੈਨੂੰ ਤੁਧਦਾ ਇਕ ਧਰਾਸ ਸੁਆਮੀ। ਨੂਟੇ ਸਿੰਘ ਜਾਂ ਬੇਨਤੀ ਕ੍ਰਿਸ਼ਨ ਕੀਤੀ ਬੋਲੇਅਗੋਂ ਜਿਉ ਗੋਲਾ ਅਕਾਸ ਸੁਆਮੀ।

### ਵਾਕ ਬਾਵੇ ਬੁਧ ਦਾਸ ਕਾ

ਬੁਧ ਦਾਸ ਸਾਧੂ ਅਗੋਂ ਕ੍ਰੋਧ ਕਰਕੇ ਚਿਮਟਾ ਚੱਕ ਕੇ ਝੱਟ ਉਲਾਰਦੇ ਨੀ। ਚਲਾ ਜਾਹ ਏਥੋਂ ਮਗਰ ਲਗਿਆ ਤੂੰ ਨਹੀਂ ਕਿਸੇ ਦੀ ਕਾਨ ਸਹਾਰਦੇ ਨੀ । ਮੇਰੇ ਪਾਸ ਨਾ ਦਰਬਨਾ ਦੌਲਤਾਂ ਨੀ ਨੇਤਰ ਲਾਲ ਕਰ ਅਗੋਂ ਨਿਕਾਰ ਦੇ ਨੀ। ਨਾ ਕੁਝ ਮੰਤ੍ਰ ਨਾ ਜੰਤ੍ਰ ਨਾ ਵਲ ਜਾਨਾਂ ਸਾਧੂ

ਦੁਖਾਂ ਦੇ ਰੋਜ਼ ਗੁਜ਼ਾਰਦੇਨੀ। ਪਏ ਉਜਾੜ ਅੰਦਰ ਅਸੀਂ ਵਾਸ ਕਰੀਏ ਨਹੀਂ ਸ਼ੈਹਰ ਨੂੰ ਕਦੇ ਪਧਾਰਦੇਨੀ । ਚਲਾ ਜਾਹ ਉਏ ਪਾਪੀਆ ਮੰਗਦਾ ਕੀ ਕਿਸ਼ਨ ਦਾਸ ਨੂੰ ਪਏ ਧੁਰਕਾਰਦੇਨੀ।ਕੁਛ ਨਹੀਂ ਸਾਡੇ ਵਿਚ ਸੱਚ ਕਹੀਏ ਖਪਰ ਤੂੰਬਾ ਵੀ ਫੋੜ ਕੇ ਮਾਰਦੇਨੀ। ਨਹੀਂ ਪੁਜਦਾ ਲੋਕਾਂ ਨੂੰ ਬੈਠਨਾ ਵੀ ਸਾਡੇ ਡੇਰੇ ਲਗਨ ਸ਼ੈਹਰੋਂ ਬਾਹਰਦੇਨੀ। ਬੁਧ ਦਾਸ ਟੁਰੇ ਕਿਸ਼ਨ ਦਾਸ ਮਗਰੇ ਪਿਛਾ ਛੱਡੇ ਨਾ ਓਹ ਨਾਂ ਤਾਰਦੇਨੀ। ਪੰਜ ਮੀਲ ਲਛਮਨ ਝੂਲਾ ਰਿਹਾ ਪਿਛੇ ਸਾਧੂ ਰੇਤ ਮੈਂ ਰੇਤ ਸਿਧਾਰਦੇ ਨੀ। ਹੋਏ ਛਪਨ ਨਾ ਪਤਾ ਕੁਛ ਲੱਗ ਸਕੇ ਕਿਸ਼ਨ ਦਾਸ ਵਿਚ ਬੈਠੇ ਉਜਾੜਦੇ ਨੀ। ਤਿੰਨ ਦਿਨ ਤਿੰਨ ਰਾਤਾਂ ਰਹੇ ਕੱਲੇ ਸੁਧ ਬੁਧ ਨਾ ਕੁਝ ਸ਼ੁਮਾਰ ਦੇ ਨੀ। ਚੌਥਾ ਦਿਵਸ ਆਯਾ ਬੁਧ ਦਾਸ ਆਏ ਕਿਸ਼ਨ ਦਾਸ ਜੀ ਸ਼ੁਕਰ ਗੁਜ਼ਾਰਦੇ ਨੀ । ਖਾਨਾ ਪੀਵਨਾ ਮੈਨੂੰ ਹਰਾਮ ਨਾਥਾ ਬੁਧ ਦਾਸ ਹੁਨ ਸੋਚ ਵਿਚਾਰਦੇ ਨੀ। ਬੁਧ ਦਾਸ ਨੇ ਆਖਿਆ ਬਸ ਬੱਚਾ ਕਿਸਨ ਦਾਸ ਦੇ ਦੁਖ ਨੂੰ ਟਾਰਦੇਨੀ।ਸਾਧੂ ਆਖਿਆ ਲਿਆ ਅਜਮਾ ਤੈਨੂੰਖਾਓਅੰਨ ਕਿਉਂ ਖ਼ੂਨ ਗੁਜਾਰਦੇਨੀ। ਦਸੋਂਵਿਦਜਾ ਤਾਂ ਅੰਨ ਖਾਵਸਾਂ ਮੈਂ ਕਿਸ਼ਨ ਦਾਸ ਜੀ ਅਗੋਂ ਉਚਾਰਦੇ ਨੀ। ਸਾਧੂ ਆਖਿਆ ਦੱਸ ਸਾਂ ਵਿਦਜਾ ਮੈਂ ਰਖਧਾਗਾ ਤਵੀਤ ਅਜਾਰਦੇਨੀ। ਰੋਗ ਸੋਗ ਤੇਰੇ ਹਥੋਂ ਦੂਰ ਹੋਸੀ ਜਿਉਂਨਾ ਸੁਧ ਜਿਉਂ ਹੱਥੋਂ ਸੁਨਾਰਦੇ ਨੀ। ਬੀਮਾਰ ਹੋਨ ਰਾਜ਼ੀ ਧੂਨੀ ਦਿਤ

ਆਂਈ ਬੁਧ ਦਾਸ ਜੀ ਪਏ ਪੁਕਾਰ ਦੇਨੀ। ਸਾਧੂ ਮੰਨਿਆ ਲਗੇ ਨੇ ਅੰਨ ਖਾਵਨ ਬੂਟਾਸਿੰਘ ਨਿਤਾਰਾ ਨਿਤਾਰਦੇਨੀ।

ਵਾਕ ਕਵੀ

ਬੁਧ ਦਾਸ ਤੇ ਕਿਸ਼ਨ ਜੇ ਦਾਸ ਦੋਨੋਂ ਭੋਜਨ ਰਲਕੇ ਲਗੇ ਨੇ ਖਾਨ ਲੋਕੋ। ਬੁਧ ਦਾਸ ਕੈਂਹਦਾ ਦਸਾਂ ਭੇਤਸਾਰਾ ਜਿੰਨ ਭੂਤ ਦਾ ਥਾਨ ਅਸਥਾਨ ਲੋਕੋ। ਅਖਾਂ ਮੀਟ ਓਏ ਬਚਿਆ ਰਾਤ ਆਵੇ ਭੂਤ ਦੇਖ ਜੇਹੜਾ ਖਾਨਾ ਖਾਨ ਲੋਕੋ। ਅਖਾਂ ਮੀਟੀਆਂ ਭੂਤ ਕੁਲ ਨਜਰ ਆਏ ਸੁਲੇਮਾਨ ਜੋ ਹੱਥ ਮਿਲਾਨ ਲੋਕੋ। ਦਸੀ ਵਿਦਜਾ ਬਾਵੇ ਨੇ ਕੁਲ ਜਿਤ ਨੀ ਜਿੰਨਾਂ ਭੂਤਾਂ ਨੂੰ ਸਦ ਬੁਲਾਨ ਲੋਕੋ। ਕਿਸ਼ਨ ਦਾਸ ਤਾਂਈ ਬੁਧ ਦਾਸ ਕੈਂਹਦਾ ਖਾਣਾ ਨਾੜੀਆਂ ਦਾ ਭੂਤ ਖਾਨ ਲੋਕੋ। ਕਿਸ਼ਨ ਦਾਸ ਪੜਕੇ ਮੰਤ੍ਰ ਭੂਤ ਸਦੇ ਗੁਰੂ ਭੇਤ ਨਾ ਕਦੇ ਛਪਾਨ ਲੋਕੋ। ਜਿੰਨ ਭੂਤ ਬੇਤਾਲ ਤੇ ਪ੍ਰੇਤ ਨੱਚਨ ਖਾਨਾ ਆਪਦਾ ਆਨ ਵਿਖਾਨ ਲੋਕੋ। ਕੋਈ ਖਾਂਵ ਦਾ ਆਵੇ ਕਲੇਜੜੇ ਨੂੰ ਕੋਈ ਰਤ ਪੀਂਦਾ ਬੇਈਮਾਨਲੋਕੋ। ਕੋਈ ਪਿੱਤਾ ਤੇ ਨਾੜੀਆਂ ਚੂੰਡਦਾਈ ਕੋਈ ਰੂਪ ਵਧਾ ਡਰਾਨ ਲੋਕੋ। ਦੂਜਾ ਫੂਕ ਲਾਯਾ ਕਿਸ਼ਨ ਦਾਸ ਬਾਵੇ ਭੂਤ ਪ੍ਰੇਤ ਗਏ ਆਪਨੇ ਥਾਨ ਲੋਕੋ। ਲਈ ਗੁਰੂ ਦੇ ਕੋਲੋਂ ਅਜ ਮਾ ਕਰਨੀ ਕਿਸਨ ਦਾਸ ਪੈਰੀਂ ਹੱਥਲਾਨ ਲੋਕੋ।ਬੁਧਦਾਸ ਕੈਂਹਦਾ ਕਿਸ਼ਨ ਦਾਸ ਤਾਂਈ ਤੈਨੂੰ ਆਪ ਤੋਂ ਕੀਤਾ ਬਲ ਵਾਨ ਲੋਕੋ। ਦਿਤੀ ਝੱਟ ਵਿਦਾਇਗੀ ਲਾਇ ਥਾਪੀ ਤੇਰੇ

ਹੱਥ ਤਮਾਮ ਕਲਿਯਾਨ ਲੋਕੋ। ਲੈਕੇ ਵਿਦਾ ਗੁਰੂ ਤੋਂ ਵਿਦਾ ਹੋਕੇ ਲਛਮਨ ਝੂਲੇ ਆ ਕਰਨ ਇਸਨਾਨ ਲੋਕੋ। ਲਛਮਨਝੂਲਿਓਂ ਰਿਖੀਜੇਕੇਸ ਆਏ ਹਟਕੇ ਮਾਤ ਗੰਗਾ ਉਤੇ ਆਨ ਲੋਕੋ।ਸਾਵਣ ਮਾਹ ਗੰਗਾ ਉਤੇ ਅੰਬ ਖਾਵਨ ਚੀਜਾਂ ਭੂਤਾਂ ਦੇ ਪਾਸੋਂ ਮੰਗਾਨ ਲੋਕੋ। ਮਾਤ ਗੰਗਾ ਮੈ ਨਿੱਤ ਇਸ਼ਨਾਨ ਕਰਦੇ ਧਿਆਨ ਪ੍ਰਭੂ ਦਾ ਇਕ ਲਗਾਨ ਲੋਕੋ। ਮਾਤ ਗੰਗਾ ਦੇ ਵਿਚ ਜੋ ਪੌੜੀਆਂ ਤੇ ਬੈਠੇ ਗੀਤ ਭਗਵਾਨ ਦੇ ਗਾਨ ਲੋਕੋ। ਬੂਟਾ ਸਿੰਘ ਹੁਨ ਖੋਲਸੀ ਹਾਲ ਸਾਰਾ ਸੇਵਕ ਪੈਰ ਫੜ ਦੂਖ ਮਿਟਾਨ ਲੋਕੋ॥

ਤਥਾ

ਮਾਤ ਗੰਗ ਉਤੇ ਕਿਸ਼ਨ ਦਾਸ ਬੈਠੇ ਧਰਨ ਹਰੀਦਾਸਦਾ ਧਿਆਨ ਲੋਕੋ।ਦੂਰ ਦੂਰ ਤੋਂ ਯਾਤ੍ਰੀ ਆਂਵਦੇਨੀ ਮਾਤ ਗੰਗ ਤੇ ਕਰਨ ਇਸ਼ਨਾਨ ਲੋਕੋ। ਕੋਈ ਪੂਰਬ ਪੰਜਾਬ ਤੇਸਿੰਧ ਵਲੋਂ ਕੋਈ ਚੀਨ ਬਰਮਾਂ ਵਿਚੋਂ ਜਾਨ ਲੋਕੋ। ਕੋਈ ਫੁਲ ਪਾਵਨ ਕੋਈ ਸੁਖ ਲਾਵਨ ਭੀੜ ਹੋ ਰਿਹਾ ਪਰਮ ਮਹਾਂਨ ਲੋਕੋ। ਮਾਤ ਗੰਗ ਉਤੇ ਭੀੜਾ ਸਦਾ ਰੈਂਹਦੀ ਕੁਲ ਜਾਨ ਦਾ ਏਹ ਜਹਾਨ ਲੋਕੋ। ਸ਼ੈਹਰ ਵਿਚ ਪੰਜਾਬ ਦੇ ਬੰਗਲਾ ਹੈ ਫਾਜ਼ਲਕਾ ਦਾ ਨਾਲ ਨੀਸਾਨ ਲੋਕੋ। ਬੁਧ ਸਿੰਘ ਨਾਰ ਗ ਧਰਮੀ ਵਸਦਾ ਸੀ ਸ਼ੈਹਰ ਬੰਗਲੇ ਵਿਚ ਮਕਾਨ ਲੋਕੋ। ਨੇਕ ਪੁਰਸ਼ ਦੀ ਨੇਕ ਉਲਾਦ ਹੁੰਦੀ ਲਿਖਿਆ ਵਿਚ ਹੈ ਵੇਦ ਪੁਰਾਣ ਲੋਕੋ। ਦੋਏ ਪੁਤ੍ਰ ਜਾਣੋ ਬੁਧ ਸਿੰਘ ਦੇ ਜੀ

ਕਰਾਂ ਉਨਹਾਂ ਦਾ ਕੁਝ ਬਿਆਨ ਲੋਕੋ।ਵਡਾ ਲਾਲ ਮੋਹਨਾ ਛੋਟਾ ਭਗਤ ਗੋਬਿੰਦ ਬੁਧ ਸਿੰਘ ਦੇ ਪੁਤ੍ਰ ਸਦਾਨ ਲੋਕੋ। ਵੀਰ ਦੋਵੇਂ ਏਹ ਜਾਨੀਏ ਪੀਠ ਵਾਲੇ ਹੈਨ ਦੋਵੇਂ ਏਹ ਗੁਣਾ ਦੀ ਖਾਨ ਲੋਕੋ। ਨੰਗੇ ਭੁਖੇ ਦੀ ਕਰਨ ਸਮਾਲ ਹਰਦਮ ਭੁਖੇ ਪਿਆਸੇ ਨੂੰ ਸੱਦ ਬੁਲਾਨ ਲੋਕੋ। ਗੋਬਿੰਦੇ ਰਾਮ ਦਾ ਦਸ ਸਾਂ ਹਾਲ ਸਾਰਾ ਭਗਤੀ ਵਿਚ ਜੋ ਪੈਰ ਟਕਾਨ ਲੋਕੋ। ਗੋਬਿੰਦਾ ਲਾਲ ਜਾਣੋ ਮੂਰਤ ਧਰਮਵਾਲੀ ਜਾਤ ਨਾਰਗਾਂ ਵਿਚ ਪ੍ਰਧਾਨ ਲੋਕੋ। ਹਟੀ ਕਰੇ ਬਜਾਜੀ ਦੀ ਭਗਤ ਪੂਰਾ ਸ਼ੈਹਰ ਬੰਗਲੇ ਵਿਚ ਦੁਕਾਨ ਲੋਕੋ।ਸਾਧੂ ਸੰਤ ਅਭਿਆਗਤ ਦਾ ਦਾਸ ਰੈਂਹਦਾ ਸੇਵਾ ਕਰਨ ਦੇ ਵਲ ਧਿਆਨ ਲੋਕੋ। ਗਰਮੀ ਵਿਚ ਲੁਆਂਵਦਾ ਪੌਂ ਜਲ ਦੀ ਪਿਆਸੇ ਪੀ ਅਸੀਸ ਬੁਲਾਨ ਲੋਕੋ। ਜਲ ਪਿਆਵਨੇ ਵਾਸਤੇ ਰਖੇ ਨੌਕਰ ਰੇੜ੍ਹੀ ਸ਼ੈਹਰ ਦੇ ਵਿਚ ਚਲਾਨ ਲੋਕੋ। ਗੱਲ ਆਮ ਮਸ਼ਹੂਰ ਨਾ ਲੁਕ ਕਾਈ ਪਾਨੀ ਰਾਤ ਨੂੰ ਜਾਇ ਪਿਲਾਨ ਲੋਕੋ। ਹਰ ਸਾਲ ਜਾਵੇ ਮਾਤ ਗੰਗ ਉਤੇ ਕਰੇ ਜਾਇਕੇ ਪੁੰਨ ਤੇ ਦਾਨ ਲੋਕੋ।ਗੋਬਿੰਦ ਲਾਲ ਤਿਯਾਰ ਹੋ ਗੰਗ ਚਲੇ ਖੁਸੀ ਖੁਸੀ ਦਾ ਕਰਨ ਇਸ਼ਨਾਨ ਲੋਕੋ। ਸਾਥੀ ਚਲੇ ਅਗਿਨਤ ਨਾ ਗਿਣੇ ਜਾਵਨ ਕਿਸ ਕਿਸ ਦਾ ਕਰਾਂ ਅਨੁਮਾਨ ਲੋਕੋ। ਨਾਗ ਪਾਲੀ ਮਾਛੀ ਰਾਮ ਨਾਲ ਚੱਲੇ ਰਾਝੇ ਰਾਮ ਦੀ ਅੰਸ ਕਹਾਨ ਲੋਕੋ। ਏਸ ਬੰਗਲੇ ਸ਼ੈਹਰ ਦਾ ਚੌਧਰੀ ਹੈ ਮਾਛੀ ਰਾਮ ਜੋ ਭਗਤ ਪ੍ਰਵਾਨ

ਲੈ ਕੇ ਟਿਕਟ ਖਾਸ ਹਰੀਦੁਆਰ ਦੀ ਬੈਠ ਪਲੇ ਵਿਚ ਰੇਲ ਦੇ ਬਿਸਤ੍ਰਾ ਲਾਨ ਲੋਕੋ। ਵਿਚ ਰੇਲ ਦੇ ਮਿਲੇ ਨੇ ਵੇਦ ਪਾਠੀ ਗੋਬਿੰਦ ਲਾਲ ਸੁਨਦਾ ਬੈਠ ਗਿਆਨ ਲੋਕੋ। ਵੇਦ ਪਾਠੀਆਂ ਦਿਤਾ ਉਪਦੇਸ਼ ਭਾਰੀ ਬਿਨਾ ਗੁਰੂ ਨਾ ਹੋਵੇ ਕਲਿਜਾਨ ਲੋਕੋ। ਸੁਨ ਉਪਦੇਸ ਗੁਬਿੰਦੇ ਦੇ ਚਿੱਤ ਆਈ ਗੁਰੂ ਲਭੀਏ ਚੰਗਾ ਸਿਆਨ ਲੋਕੋ। ਮਾਤ ਗੰਗ ਉਤੇ ਕੋਈ ਗੁਰੂ ਕਰੀਏ ਬਿਰਤੀ ਚਿਤ ਮੇਂ ਏਹੋ ਠੈਹਰਾਨ ਲੋਕੋ। ਬਿਨਾ ਮੁਰਸ਼ਦੋਂ ਰਾਹ ਨਾ ਹੱਥ ਆਵੇ ਲਿਖਿਆ ਖਾਸ ਹੈ ਵਿਚ ਕੁਰਾਨ ਲੋਕੋ। ਹਰੀਦੁਆਰ ਦਾ ਟੇਸ਼ਨ ਜੋ ਝੱਟ ਆਯਾ ਰੇਲ ਵਿਚੋਂ ਸਮਾਨ ਉਠਾਨ ਲੋਕੋ। ਟਿਕਟਾਂ ਬਾਬੂ ਨੂੰ ਦੇ ਕੇ ਟੁਰੇ ਸਾਰੇ ਮੁਖੋਂ ਮਈਆ ਦੀ ਜੈ ਬੁਲਾਨ ਲੋਕੋ। ਚੀਜ ਵਸਤ ਸਮ੍ਹਾਲਕੇ ਲੈ ਚਲੇ ਬਾਮਨ ਦੂਰੋਂ ਹੀ ਪਏ ਤਕਾਨ ਲੋਕੋ। ਕਹਾਂ ਕੀ ਵਾਸੀ ਪੁਛਾਂਵਦੇ ਖੜੇ ਪਾਂਡੇ ਹਰ ਇਕ ਤੋਂ ਪੁਛ ਪੁਛਾਨ ਲੋਕੋ। ਹਰਕੀ ਪੌੜੀ ਉਤੇ ਸਾਰੇ ਜਾਇ ਪਹੁੰਚੇ ਕਰਾਂ ਹੋਰ ਕੀ ਬਹੁਤ ਬਿਆਨ ਲੋਕੋ। ਕਿਸ਼ਨ ਦਾਸ ਜਿਥੇ ਬੈਠੇ ਨਾਂਵਦੇ ਨੀ ਕੁਲ ਜਾਂਵਦੇ ਓਸ ਅਸਥਾਨ ਲੋਕੋ। ਵੇਖ ਮੇਲ ਕਰਤਾਰ ਕਰਵਾਂਵਦਾਈ ਬੇਪ੍ਰਵਾਹ ਹੈ ਵਿਸ਼ਨ ਭਗਵਾਨ ਲੋਕੋ। ਆਸਾ ਸਭ ਦੀ ਕਰੇ ਓਹ ਆਪ ਪੂਰੀ ਮਨੋਂ ਧਾਰ ਦਾ ਜੋ ਇਨਸਾਨ ਲੋਕੋ। ਬੂਟਾ ਸਿੰਘ ਭਗਵਾਨ ਤੇ ਸਦਾ ਰਾਜੀ ਕੁਦਰਤ ਰਬ ਦੀ ਉਤੋਂ ਕੁਰਬਾਨ ਲੋਕੋ॥

## ਹਾਲ ਹਰਕੀ ਪਉੜੀ ਕਾ

ਗੋਬਿੰਦੇ ਲਾਲ ਹਰਕੀ ਪਉੜੀ ਸੰਤ ਡਿਠਾ ਗੁਰੂ ਚੋਰ ਵੀ ਤਾਰਨੇ ਹਾਰ ਬਾਵਾ। ਗੁਰ ਰੀਗਾ ਗੁਰ ਬਾਵਲਾ ਹੋਵੇ ਬਉਰਾ ਤੋ ਭੀ ਕਰੇ ਭੈ ਸਾਗਰੋਂ ਪਾਰ ਬਾਵਾ। ਸੇਵਕ ਰਖੇ ਯਕੀਨ ਨਾ ਮੂਲ ਡੋਲੇ ਜਾਵੇ ਸੁਰਾਂ ਕੀ ਪੁਰੀ ਮਝਾਰ ਬਾਵਾ। ਸ਼ੁਕਰਾ ਚਾਰਜ ਬਿਆਸ ਨੇ ਸਚਲਿਖਿਆ ਬਿਨਾਂ ਗੁਰੂ ਨਾ ਹੋਵੇ ਉਧਾਰ ਬਾਵਾ। ਨਾਲੇ ਮੇਰਾ ਸੰਕਲਪ ਮੈਂ ਗੁਰੂ ਧਾਰਾਂ ਰਾਮ ਮਿਲਾ ਕਰਾਂਵਨੇ ਹਾਰ ਬਾਵਾ। ਗੋਬਿੰਦੇ ਰਾਮ ਨੇ ਪੁਛਿਆ ਆਜਜੀ ਸੇ ਨਾਮ ਦਸੀਏ ਕ੍ਰਿਸ਼ਨ ਮੁਰਾਰ ਬਾਵਾ। ਬਾਵੇ ਆਖਿਆ ਨਾਮ ਤੂੰ ਬੁੱਝ ਲੀਤਾ ਕਰਾਂ ਹੋਰ ਕੀ ਮੈ ਇਜਹਾਰ ਬਾਵਾ। ਕਿਸ਼ਨ ਦਾਸ ਲੋਕੀ ਮੈਨੂੰ ਆਖਦੇ ਨੇ ਮੇਲਾ ਜਗ ਵਾਲਾ ਦਿਨ ਚਾਰ ਬਾਵਾ। ਗੋਬਿੰਦੇ ਰਾਮ ਨੇ ਆਖਿਆ ਗੁਰੂ ਤੂੰ ਹੈਂ ਮੈਨੂੰ ਪਹੁਲ ਦੇਓ ਇਕ ਵਾਰ ਬਾਵਾ। ਗੁਰੂ ਧਾਰਨਾ ਤੁਧ ਨੂੰ ਧਰਮ ਮੇਰਾ ਪੱਕਾ ਪ੍ਰਣ ਲਿਆ ਮੈਨੇ ਧਾਰ ਬਾਵਾ। ਮਾਤ ਗੰਗ ਉਤੇ ਗੁਰੂ ਧਾਰਨਾ ਸੀ ਆਸਾ ਕੀਤੀ ਹੈ ਪੂਰੀ ਕਰਤਾਰ ਬਾਵਾ। ਬੂਟੇ ਸਿੰਘਾ ਗੋਬਿੰਦੇਨੇ ਚਰਨ ਪਕੜੇ ਕਰਾਂ ਬਹੁਤ ਕੀ ਜਿਕਰ ਜਿਕਾਰ ਬਾਵਾ॥

## ਵਾਕ ਬਾਵਾ ਕਿਸ਼ਨ ਦਾਸ ਜੀ ਕਾ

ਬਾਵੇ ਆਖਿਆ ਗੁਰੂ ਮਹੰਤ ਕਰ ਤੂੰ ਮੰਗ ਖਾਵਨਾ ਮੈਂ ਫਕੀਰ ਪਿਯਾਰੇ। ਡੇਰੇ ਦਾਰ ਮਹੰਤ ਦੇ ਚਰਨ ਫੜ ਤੂੰ

ਮੈ ਤਾਂ ਆਪ ਬੈਠਾ ਦਲਗੀਰ ਪਜਾਰੇ। ਕਿਸੇ ਸੰਤ ਮਹੰਤ ਦਾ ਹੋਇ ਸਿਵਕ ਜੇਹੜਾ ਤਾਰ ਸੀ ਅੰਤ ਅਖੀਰ ਪਜਾਰੇ। ਮੈਂ ਤਾਂ ਨੰਗ ਮਲੰਗ ਗੁਨਾਹਾਂ ਵਾਲਾ ਗੁਰੂ ਧਾਰ ਤੂੰ ਜਾਇ ਅਮੀਰ ਪਿਯਾਰੇ। ਕੋਈ ਕਰੇ ਸੁਵਾਲ ਕੰਗਾਲ ਅਗੇ ਖਾਲੀ ਜਾਵੇ ਸਵਾਲੀ ਅਖੀਰ ਪਿਆਰੇ। ਮੈਨੂੰ ਵੈਲੀ ਨੂੰ ਆਇ ਸਤਾਵਣਾਇ ਬੰਨਿਆਂ ਪਾਪਾਂ ਦੇ ਮੈਂ ਜੰਜੀਰਪਿਆਰੇ। ਬੇ ਐਬ ਫਕੀਰ ਨੂੰ ਗੁਰੂ ਕਰੀਏ ਜੇਹੜਾ ਹੋਵੇ ਅਡੋਲ ਗੰਭੀਰ ਪਿਯਾਰੇ। ਬੂਟੇ ਸਿੰਘਾ ਗੁਰੂ ਕੋਈ ਧਾਰ ਪੂਰਾ ਵੱਲੀ ਸੇਖ ਜਾਂ ਭਾਲ ਕੋਈ ਪੀਰ ਪਿਆਰੇ॥

### ਅਰਜ ਗੋਬਿੰਦ ਲਾਲ ਕੀ

ਗੋਬਿੰਦਾ ਰਾਮ ਕੈਂਹਦਾ ਦਯਾ ਦ੍ਰਿਸ਼ਟ ਕਰਕੇ ਮੈਨੂੰ ਆਪ ਦਾ ਕੀਜੀਏ ਦਾਸ ਸੁਆਮੀ। ਮੇਰੇ ਵਾਸਤੇ ਰਬ ਰਹੀਮ ਤੂੰ ਹੈਂ ਰੋਗੀ ਵੈਦ ਬਾਝੋਂ ਨਾਹੀਂ ਰਾਸ ਸੁਆਮੀ। ਮੈਂ ਬੀਮਾਰ ਨੂੰ ਗਿਆਨ ਵਸੂਲ ਹੋਵੇ ਤੁਧ ਬਾਝਨਾ ਹੋਰ ਦੀ ਖਾਹਸ਼ ਸੁਆਮੀ। ਮਾਈ ਬਾਪ ਭਰਾ ਤੇ ਜੱਗ ਝੂਠਾ ਖਲਕ ਦਿਸਦੀ ਮੁਝ ਨੂੰ ਨਾਸ ਸੁਆਮੀ। ਆਬਹਿਯਾਤ ਠੰਢਾ ਤੇਰਾ ਦਰਸ ਬਾਵਾ ਦੁਨੀਆਂ ਗਈ ਮੈਨੂੰ ਨਰਕ ਭਾਸ ਸੁਆਮੀ। ਦੁਖੀ ਦਿਸਦਾ ਕੁਲ ਜਹਾਂਨ ਮੈਨੂੰ ਬਿਨਾ ਭਜਨ ਬਿਰਥਾ ਜਾਂਦੇ ਸੁਆਸ ਸੁਆਮੀ। ਪਸੂ ਮਰੇ ਤਾਂ ਆਂਵਦਾ ਕੰਮ ਬਹੁਤੇ ਬੰਦੇ ਮਰੇ ਦਾ ਕੰਮ ਨਾ ਮਾਸ ਸੁਆ-ਮੀ। ਜਾਨ ਬੁਝਕੇ ਦੇਓ ਨਾ ਹਾਰ ਮੈਨੂੰ ਮੇਰੀ ਕਟਦੇ ਜਮਾਂ

ਦੀ ਫਾਸ ਸੁਆਮੀ। ਆਪ ਦਿਓ ਉਪਦੇਸ਼ ਕਮਾਵਸਾਂ ਮੈਂ ਬਾਰ ਬਾਰ ਹੈ ਮੇਰੀ ਅਰਦਾਸ ਸੁਆਮੀ । ਦਯਾ ਦ੍ਰਿਸ਼ਟ ਕੀਜੋ ਮੇਰੇ ਇਸਟ ਬਾਵਾ ਚਰਨਾ ਤੇਰੇਆਂ ਵਿਚ ਹੈ ਲਾਸ਼ ਸੁਆਮੀ। ਬਾਰ ਬਾਰ ਜਾਂ ਬੇਨਤੀ ਭਗਤ ਕੀਤੀ ਮੰਨ ਗਏ ਤੇ ਦਿਤਾ ਧਰਾਸ ਸੁਆਮੀ। ਬੂਟੇ ਸਿੰਘਾ ਉਪਦੇਸ਼ ਲਈ ਤਯਾਰ ਹੋਏ ਕੀਤੇ ਕੰਮ ਕੁਲ ਭਗਤ ਦੇ ਰਾਸ ਸੁਆਮੀ ॥

## ਬਾਵੇ ਕਾ ਉਪਦੇਸ਼ ਦੇਕੇ ਨਾਲ ਆਵਨਾ ਬੰਗਲੇ ਫਾਜ਼ਲਕਾ ਮੇਂ

ਬਾਵੇ ਦੇ ਉਪਦੇਸ਼ ਜੋ ਕੀਤਾ ਚੇਲਾ ਗੰਗਾ ਮਾਈ ਸਾਖੀ ਹੋਈ ਨਾਲ ਭਾਈ। ਗੁਰ ਮੰਤ੍ਰ ਤੇ ਪਾਹੁਲ ਦੇ ਸਿੱਖ ਕੀਤਾ ਕੀਤਾ ਨਜ਼ਰ ਦੇ ਨਾਲ ਨਿਹਾਲ ਭਾਈ। ਦਸ ਰੋਜ਼ ਓਥੇ ਕਠੇ ਰਹੇ ਸਾਰੇ ਫੇਰ ਟੁਰਨ ਦੀ ਕੀਤੀ ਨੇ ਚਾਲ ਭਾਈ। ਗੋਬਿੰਦਾ ਰਾਮ ਕੈਂਹਦਾ ਚਲੋ ਨਾਲ ਸਤਗੁਰ ਅਸੀਂ ਤੁਮਰੇ ਬਾਲ ਗੁਪਾਲ ਭਾਈ । ਨਾਲ ਲੈ ਆਏ ਕਿਸ਼ਨ ਦਾਸ ਤਾਂਈ ਬੈਠੇ ਬੰਗਲੇ ਆਣ ਦਿਆਲ ਭਾਈ। ਰੇਲੋਂ ਲਹੇ ਸਿੱਧੇ ਸ਼ੈਹਰੋਂ ਬਾਹਰ ਆਏ ਡੇਰਾ ਸਿਵੇਆਂ ਵੱਲ ਲਿਆ ਭਾਲ ਭਾਈ। ਜਿਥੇ ਜਾਵਨਾ ਓਨ੍ਹੂ ਵਿਸਾ-ਰੀਏ ਨਾ ਰਹੇ ਮੌਤ ਦਾ ਸਦਾ ਖਿਆਲ ਭਾਈ। ਟੇਕ ਏਕ ਕਰਤਾਰ ਦੀ ਰਖੀਏ ਜੀ ਜੇਹੜਾ ਕੁਲ ਦੀ ਕਰੇ ਪ੍ਰਿਤ ਪਾਲ ਭਾਈ। ਡੇਰੇ ਵਿਚ ਬੈਠੇ ਕਿਸ਼ਨ ਦਾਸ ਬਾਵਾ ਦਿਤੇ

ਛਡ ਨੈ ਕੁਲ ਜੰਜਾਲ ਭਾਈ। ਭੀੜਾ ਡੇਰੇ ਦੇ ਵਿਚ ਬਿਅੰਤ ਰੈਂਹਦੀ ਖਲਕ ਆਨ ਕੇ ਕਰੇ ਸਵਾਲ ਭਾਈ। ਕੋਈ ਧਨ ਮੰਗੇ ਕੋਈ ਪੁਤ੍ਰ ਮੰਗੇ ਕੋਈ ਮੰਗਦਾ ਰੋਟੀ ਤੇ ਦਾਲ ਭਾਈ। ਡੇਰਾ ਹੈ ਦਰਵਾਜੇ ਮੁਲਤਾਨ ਉਤੇ ਸਿਰਕੀ ਮੁੰਵ ਦੇ ਵੇਰ ਨੇ ਨਾਲ ਭਾਈ। ਰਾਜ ਪੂਤ ਰਠੌੜ ਮਸ਼ਹੂਰ ਵਸਨ ਵਸੇ ਗੁਰੂ ਦਾ ਏਹ ਬਜਾਰ ਭਾਈ। ਬਿਲਵੰਤ ਗਿਰ ਦਾ ਡੇਰਾ ਹੈ ਨਾਲ ਲੋਕੋ ਦੇਵੀ ਫੜਕੇ ਖੜੀ ਹੈ ਢਾਲ ਭਾਈ। ਰਾਮ ਲਾਲ ਡਕੌਂਤ ਦਾ ਕੋਲ ਮੰਦ੍ਰ ਗੁਗੇ ਪੀਰ ਦੀ ਮੜੀ ਸਮਾਲ ਭਾਈ। ਧਰਮਸਾਲ ਕੋਲੇ ਜੀਵਾ ਰਾਮ ਵਾਲੀ ਪਾਣੀ ਪੀ ਕੇ ਹੋਈਏ ਨਿਹਾਲ ਭਾਈ। ਦੇਵੀ ਵਸਦੀ ਕਿਸ਼ਨ ਦੇ ਪਾਸ ਹਰਦਮ ਹਨੂੰਮਾਨ ਦਾ ਰੰਗ ਗੁਲਾਲ ਭਾਈ। ਕੋਈ ਆਂਵਦੇ ਤੇ ਕੋਈ ਜਾਂਵਦੇ ਨੇ ਸ਼ਾਹੂਕਾਰ ਗਰੀਬ ਕੰਗਾਲ ਭਾਈ। ਜਿੰਦੇ ਕਾਸ ਦਾ ਦਸ ਤੂੰ ਮਾਨ ਕਰਦੀ ਕਾਲ ਆਨ ਕੇ ਕਰੇ ਹਲਾਲ ਭਾਈ। ਇਕ ਪਲ ਦਾ ਕੁਝ ਵਸਾ ਨਾਹੀਂ ਝੂਠਾ ਭਜਿਆ ਫਿਰੇ ਦਲਾਲ ਭਾਈ। ਬੂਟੇ ਸਿੰਘਾ ਏਹ ਖੇਲ ਹੈ ਸੁਪਨੇ ਦਾ ਸੁਪਨਾ ਆਨ ਕੇ ਕਰੇਗਾ ਕਾਲ ਭਾਈ॥

## ਹਾਲ ਸ਼ੈਹਰ ਬੰਗਲੇ ਫਾਜ਼ਲਕਾ ਦਾ

ਦੇਸ ਸਮਝ ਪੰਜਾਬ ਤਮਾਮ ਕੈਂਹਦੇ ਜਿਥੇ ਬੰਗਲਾ ਵਸਨੇ ਹਾਰ ਲੋਕੋ। ਸ਼ੈਹਰ ਬੰਗਲਾ ਸਿਫਤ ਦੇ ਠੀਕ ਲਾਇਕ ਜਿਸਨੂੰ ਜਾਨਦਾ ਕੁਲ ਸੰਸਾਰ ਲੋਕੋ। ਅਲਵਰ ਸਾਹਿਬ ਨੇ ਬੱਧਾ ਏਹ ਸ਼ੈਹਰ ਹਥੀਂ ਨਕਸ਼ਾ ਕਟਿਆ ਸੋਚ

ਵਿਚਾਰ ਲੋਕੋ। ਫਾਜ਼ਲਕਿਆਂ ਦੀ ਲਈ ਜਮੀਨ ਸਾਰੀ ਨਾਮ ਫਾਜ਼ਲਕਾ ਬੋਲਨੇ ਹਾਰ ਲੋਕੋ। ਫਾਜ਼ਲ ਅਲੀ ਨੂੰ ਆਖਿਆ ਅਲਵਰ ਸਾਹਿਬ ਮੰਗ ਅਜ ਜੋ ਤੈਨੂੰ ਦ੍ਰਕਾਰ ਲੋਕੋ।ਤੇਰੀ ਲੈ ਜਮੀਨ ਮੈਂ ਸ਼ੈਹਰ ਬੱਧਾ ਮੰਗਮੰਗ ਮੈਂ ਦੇਨ ਨੂੰ ਤਿਯਾਰ ਲੋਕੋ।ਫਾਜ਼ਲ ਸ਼ਾਹ ਕੈਂਹਦਾਹੋਰਲੋੜ ਨਾਹੀਂ ਨਾਮ ਮੇਰਾ ਵਿਚ ਚੱਲੇ ਸੰਸਾਰਲੋਕੋ। ਨਾਮ ਵਾਸਤੇ ਲਿਆ ਨਾ ਇਕਪੈਸਾ ਵੰਗਲਾਫਾਜ਼ਲਕਾਹੋਯਾ ਜੇ ਜ਼ਾਹਰ ਲੋਕੋ। ਪੁਸ਼ਤਾਂ ਪੁਸ਼ਤ ਏਹ ਨਾਮ ਹੁਣ ਰਹੇ ਕਾਇਮ ਕੋਈ ਨਹੀਂਹਟਾਂਵਨੇ ਹਾਰ ਲੋਕੋ। ਭਰਨ ਮਾਰੀਆਂ ਕਦੇ ਮਸੂਲ ਨਾਹੀਂਫਾਜ਼ਲ ਸ਼ਾਹ ਦਾ ਏਹ ਤਕਰਾਰਲੋਕੋ।ਜਿਲਾਸ਼ੈਹਰ ਫੀਰੋਜ਼ ਪੁਰ ਲਗਦਾਏ ਮੇਰੀ ਗੱਲ ਤੇ ਕਰੋ ਇਤਬਾਰ ਲੋਕੋ। ਕਈ ਮੈਹਲ ਤੇ ਬੈਠਕਾਂ ਸੋਭ ਰਹੀਆਂ ਵਿਚ ਬੈਠ ਦੇ ਨੀ ਸ਼ਾਹੂਕਾਰ ਲੋਕੋ। ਹੱਟਾਂ ਸੋਹਨੀਆਂ ਕਮ੍ਰੇ ਸਜਾਏ ਲੋਕਾਂ ਕੁਛ ਧਨ ਦਾ ਨਹੀਂ ਸ਼ੁਮਾਰ ਲੋਕੋ। ਸੋਭਨ ਸੀਸੇ ਬਿਲੌਰ ਤੇ ਝਾੜ ਬੂਟੇ ਕਰੋ ਸ਼ੈਹਰ ਦਾ ਜਾਇ ਦੀਦਾਰ ਲੋਕੋ। ਕਈ ਉਚੇ ਚੁਬਾਰੇ ਨੇ ਬਹੁਤ ਭਾਰੇ ਸਜੇ ਹੋਏ ਨੇ ਕਈ ਪ੍ਰਕਾਰ ਲੋਕੋ। ਖੂਹੇ ਸ਼ੈਹਰ ਦੇ ਵਿਚ ਜੇ ਕਈਚਲਨ ਪਾਨੀ ਨਾਲੀਆਂ ਦਾ ਕਰਨ ਬਾਹਰ ਲੋਕੋ। ਸ਼ੈਹਰ ਵਿਚ ਦੁਰਗੰਧੀ ਨਾ ਨਜਰ ਆਵੇ ਲੋਕੀ ਸਾਫ ਰਖਨ ਘਰ ਬਾਰ ਲੋਕੋ। ਖੂਹੇ ਛਤ੍ਰੀ ਦਾਰ ਨੇ ਮੌਕਿਆਂ ਤੇ ਗੈਸ ਲਗੇ ਨੇ ਵਿਚ ਬਜਾਰ ਲੋਕੋ। ਕਈਆਂ ਜੜੇ ਫਲੂਸ ਨੇ ਨਾਲ

ਛਤਾਂ ਦੇਵਨ ਬਿਜਲੀ ਵਾਂਗ ਚਮਕਾਰ ਲੋਕੋ। ਹਟੀ ਨਾਲ ਹਟੀ ਸੋਭੇ ਸ਼ੈਹਰ ਅੰਦਰ ਸੋਹਨੇ ਵਸਦੇ ਚਾਰ ਬਜ਼ਾਰ ਲੋਕੋ। ਦੂਰ ਦੂਰ ਤੋਂ ਆਂਵਦੀ ਊਨ ਏਥੇ ਬਹੁਤਾ ਊਨ ਦਾ ਏਥੇ ਬਪਾਰ ਲੋਕੋ। ਊਨ ਵਾਲਾ ਦਿਸਾਵਰ ਏਹ ਬੰਗਲਾ ਜੋ ਮਸ਼ਹੂਰ ਏਹ ਗੱਲ ਸਿਸਾਰ ਲੋਕੋ। ਗੱਠਾਂ ਊਨ ਦੀਆਂ ਜਾਣ ਵਲੈਤ ਭਾਈ ਗਾਹਕ ਦੂਰ ਦਾ ਟਿਕੇ ਅਪਾਰ ਲੋਕੋ। ਸੂਬਾ ਸ਼ਾਮ ਜੋ ਊਨ ਬਜ਼ਾਰ ਜਾਈਏ ਢੇਰ ਲਗੇ ਨੇ ਬੇਸ਼ੁਮਾਰ ਲੋਕੋ। ਘਾਟਾ ਪਾਵੇ ਤਾਂ ਡੋਬਦੀ ਮੂਲ ਸਾਰਾ ਨਫਾ ਦੇਵੇ ਤਾਂ ਲਾਵੇ ਬਹਾਰ ਲੋਕੋ। ਚੌਤਰਫਾਂ ਖੂਹੇ ਹੀ ਖੂਹੇ ਪਏ ਗੂੰਜਦੇ ਨੀ ਗਰਨ ਗਰਨ ਹੀ ਵਗੇ ਨਸਾਰ ਲੋਕੋ। ਚਾਰੋਂ ਤਰਫ ਹੀ ਬਾਗ ਨਾ ਅੰਤ ਆਵੇ ਖਿੜੇ ਫੂਲ ਨੇ ਅੰਬ ਅਨਾਰ ਲੋਕੋ। ਪੈਣ ਬਾਗੀ ਫੁਹਾਰਾ ਤੇ ਫੁਲਨ ਜੰਮੂ ਖਲਾ ਮੋਤੀਆ ਮੁਖ ਖਿਲਾਰ ਲੋਕੋ। ਕਈ ਭਾਂਤ ਫੁਲ-ਵਾੜੀਆਂ ਸੋਭ ਰਹੀਆਂ ਰੰਗ ਰੰਗ ਦੇ ਫੂਲ ਅਪਾਰ ਲੋਕੋ। ਚੰਬਾ ਗੈਂਡਾ ਤੇ ਕੇਵੜਾ ਗੁਲਾਬਾਸੀ ਮਰੂਆ ਮੈਹਕਿਆ ਨਾਲ ਦੀਵਾਰ ਲੋਕੋ। ਖਟੇ ਮਿਠੇ ਸੰਤਰੇ ਨੌਰੰਗੀਆਂ ਜੋ ਆੜੂ ਦਾੜੂ ਨੇ ਅਪਰ ਅਪਾਰ ਲੋਕੋ। ਗੁਲਾਬ ਅਤੇ ਚੰਬੇਲੀ ਹੈ ਖਿੜੀ ਬਹੁਤੀ ਗਮਲੇ ਫੁਲਾਂ ਦੇ ਭਰੇ ਹਜ਼ਾਰ ਲੋਕੋ। ਦੁਆਲੇ ਸ਼ੈਹਰ ਦੇ ਬਾਗ ਹੀ ਬਾਗ ਦਿਸਨ ਮਾਲਕ ਸ਼ੈਹਰ ਦੀ ਖਾਸ ਸਰਕਾਰ ਲੋਕੋ। ਮਸ਼ਹੂਰ ਜ਼ਾਤਾਂ ਬੰਗਲੇ ਵਸਦੀਆਂ ਨੇ ਕਰਾਂ ਜਿਨਾਂ ਦਾ ਜ਼ਿਕਰ ਜ਼ਿਕਾਰ

ਲੋਕੋ । ਅਗਰਵਾਲ ਪੈੜੀਵਾਲ ਬਾਨੀਏ ਜੋ ਇਮਾਰਤ ਜਿਨਾ ਦੀ ਨਕਸ ਨਿਗਾਰ ਲੋਕੋ । ਸ਼ਿਕਾਰਪੂਰੀਏ ਤੇ ਜੰਗਲੀ ਬਾਨੀਏ ਭੀ ਵਸਨ ਸ਼ੈਹਰ ਦੇ ਵਿਚ ਹਜਾਰਲੋਕੋ। ਹੂਜੇ ਦੂਗ ਤੇ ਛਾਬੜੇ ਦਾਬੜੇ ਜੋ ਨਾਗ ਪਾਲ ਭੁਸਰੀ ਸ਼ਾਹੂ ਕਾਰਲੋਕੋ।ਰਾਜਦੇ ਗੁਗਲਾਨੀ ਤੇ ਕੁਕੜਾਂਦਾ ਮੈਥੋਂ ਲਗਦਾ ਨਹੀ ਸ਼ੁਮਾਰ ਲੋਕੋ। ਭਠੇਜੇ ਡੋਡੇ ਤੇ ਸੇਤੀਏ ਝਾਂਭ ਵਸਨ ਰਸੇ ਵਟ ਫੁਟੇਲੇ ਚਿਤਾਰ ਲੋਕੋ । ਤਨੇਜੇ ਖੁੰਗਰ ਤੇ ਚਾਵਲੇ ਜਾਨ ਨਾਰਗ ਮੁਖੀ ਮੁਖੀ ਮੈਂ ਦਸਨੇ ਹਾਰ ਲੋਕੋ। ਮਿਢੇ ਅਤੇ ਕਟਾਰੀਏ ਰੰਗ ਬੁਲੇ ਮੋਟੀ ਜਾਤ ਨੂੰ ਲਿਆ ਨਿਤਾਰ ਲੋਕੋ।ਮੋਗੇ ਸੇਠੀ ਸਚਦੇ ਤੇ ਧਿੰਗੜੇ ਜੋ ਉਤਰਾਧ ਬੰਸ ਮੈਂ ਮੁਖੀ ਏਹ ਚਾਰ ਲੋਕੋ।ਜਾਤਾਂ ਸ਼ੈਹਰਦੇ ਵਿੱਚ ਏਹ ਐਸਵੇਲੇ ਮੁਖੀ ਮੰਨੀਏ ਆਪ ਵਿਚਾਰ ਲੋਕੋ। ਮੁਖੀ ਮੁਖੀ ਏਹ ਜਾਤਾਂ ਮੈਂ ਦਸੀਆਂ ਨੇ ਲੱਗੇ ਕੁਲ ਦਾ ਨਹੀਂ ਸ਼ੁਮਾਰ ਲੋਕੋ।ਅਜ ਦਸਾਂ ਮੈਂ ਕਲਦਾ ਪਤਾ ਨਾਹੀਂ ਕਲ ਕਰੇ ਕੀ ਖਬਰੇਕਰਤਾਰ ਲੋਕੋ।ਸਾਰੇ ਸ਼ੈਹਰਦਾ ਕਿਵੇਂ ਸ਼ੁਮਾਰ ਲਾਵਾਂ ਪਾਯਾ ਜਾਵੇ ਨਾਹੀ ਪਾਰਾਵਾਰਲੋਕੋ।ਟਾਂਗੇ ਬਘੀਆਂ ਵਾਲਾ ਨਾ ਅੰਤ ਆਵੇ ਪਾਯਾ ਸ਼ੈਹਰ ਦੇ ਵਿਚ ਘੁਮਕਾਰ ਲੋਕੋ। ਯੱਕੇ ਬਘੀਆਂ ਮੋਟਰ ਤੇ ਸੇਠ ਚੜਦੇ ਸੈਲ ਬਾਧੇ ਦੀ ਕਰਨ ਹੋ ਤਿਯਾਰ ਲੋਕੋ । ਜਨਮ ਭੂਮ ਮੇਰੀ ਸ਼ੈਹਰ ਬੰਗਲਾ ਹੈ ਜੀਉਨਾ ਜਜ਼ਾ ਤੇ ਦਿਵਸ ਕੁਲ ਚਾਰ ਲੋਕੋ। ਸਤ ਸ਼ੈਹਰਦੇ ਵਿਚ ਨੇ ਧਰਮ ਸਾਲਾਂ ਸਮੇ ਸੇਧਿਆਂ ਸੁਭਾ

ਘੁਮਕਾਰ ਲੋਕੋ। ਹੋਵੇ ਮੰਦੂਾਂ ਵਿਚ ਵੀ ਆਰਤੀ ਜੇ ਜਗਾ ਜਗਾ ਮੈਂ ਭਜਨ ਕਰਤਾਰ ਲੋਕੋ। ਕਿਸੇ ਨਾਲ ਨਾ ਵੈਰ ਤੇ ਕਪਟ ਰੱਖਾਂ ਮੇਰਾ ਸਭ ਦੇ ਨਾਲ ਪਿਆਰ ਲੋਕੋ। ਧਰਮਸਾਲਾ ਹੈ ਸ਼ੈਹਰ ਦੇ ਵਿਚ ਮੇਰੀ ਸੁਭਾ ਸੰਧਿਆ ਜੁੜੇ ਨਰ ਨਾਰ ਲੋਕੋ। ਕੋਈ ਆਂਵਦੇ ਤੇ ਕੋਈ ਜਾਂਵਦੇ ਨੇ ਸੰਗਤ ਜੁੜਦੀ ਬੇ ਸ਼ੁਮਾਰ ਲੋਕੋ। ਬੂਹੇ ਸੱਤ ਤੇ ਕਮਰਾ ਖੂਬ ਸੋਭੇ ਖੁਲਨ ਗੁਰੂ ਗ੍ਰੰਥ ਵਿਚਕਾਰ ਲੋਕੋ। ਸਤ ਵਿਚ ਅਲਮਾਰੀਆਂ ਤਿੰਨ ਗਾਡਰ ਰੋਸ਼ਨਦਾਨ ਰਖਾਏ ਮੈਂ ਚਾਰ ਲੋਕੋ। ਛੱਤ ਪੀਠ ਵਾਲੀ ਫੱਟੀਦਾਰ ਪੁਆਈ ਕੁੰਡੇ ਛੱਤਦੇ ਖਾਸ ਵਿਚਕਾਰਲੋਕੋ।ਦੂਰ ਦੂਰ ਤੇ ਪਾਠ ਮੈਂ ਕਰਨ ਜਾਵਾਂ ਵਾਕਫ ਮੁਝ ਦੇ ਕਈ ਸੂਦਾਰ ਲੋਕੋ।ਜੈਲ ਦਾਰ ਅਦਾਲਤਾਂ ਕਰਨ ਵਾਲੇ ਮੈਂਬਰ ਜਾਂਣਦੇ ਨੇ ਸੂਬੇਦਾਰ ਲੋਕੋ। ਨਾਮ ਪਿੰਡ ਨਾ ਗਿਨਣ ਦੀ ਲੋੜ ਮੈਨੂੰ ਗਿਣਾ ਕੀ ਅਨਗਿਣਤ ਅਪਾਰ ਲੋਕੋ।ਬੂਟਾ ਸਿੰਘ ਲੋਕੀ ਮੈਨੂੰ ਆਖ ਦੇ ਨੇ ਐਬੀ ਭਾਗੀ ਮੈਂ ਤਾਂ ਗੁਣਾਗਾਰ ਲੋਕੋ। ਮੇਰੇ ਨਾਲ ਦਾ ਪਾਪੀ ਨਾ ਵਿਚ ਦੁਨੀਆਂ ਢੂੰਢ ਭਾਲ ਲੌ ਕੁਲ ਸੰਸਾਰ ਲੋਕੋ। ਐਬ ਕਰਦਿਆਂ ਗੁਜਰ ਗਈ ਉਮਰ ਮੇਰੀ ਕੀਤਾ ਨੇਕ ਨਾ ਕੁਝ ਵਿਹਾਰ ਲੋਕੋ। ਮੇਰੇ ਜੇਹਾ ਬੇਈਮਾਨ ਨਾ ਹੋਰ ਕੋਈ ਵਿਚ ਦੇਸ ਦੇ ਮੈਂ ਬਦਕਾਰ ਲੋਕੋ। ਭਜਨ ਕਰਨ ਵਾਲਾ ਮੇਰੇ ਲਗੇ ਮਥੇ ਮੰਗਾਂ ਦੂਜੇ ਦਾ ਨਹੀਂ ਦੀਦਾਰ ਲੋਕੋ। ਪਰਸਰਾਮ

ਹੈ ਛਾਬੜਾ ਭਗਤ ਹਰਕਾ ਪਾਠ ਸੁਨ ਦਾ ਨਾਲ ਪਿਆਰ ਲੋਕੋ। ਦਸੌਂਦੀ ਰਾਮ ਹੈ ਸ਼ੈਹਰ ਮੇਂ ਭਗਤ ਪੂਰਾ ਆਹਲੂ ਵਾਲੀਆ ਜਾਤ ਵਿਚਾਰ ਲੋਕੋ। ਬਿਨਾ ਭਜਨ ਦੇ ਹੋਰ ਨਾ ਗੱਲ ਕਰਦਾ ਸਦਾ ਜਪੇ ਕਰਤਾਰ ਦਤਾਰ ਲੋਕੋ। ਡੋਗਰ ਦਾਸ ਖਜਾਨ ਚੰਦ ਭਗਤ ਹਰਕੇ ਕੁਕੜ ਜਾਤ ਦੇ ਧਰਮੀ ਦਤਾਰ ਲੋਕੋ। ਗੁਰੇ ਮਲ ਦਾ ਪੁਤਰ ਤੇ ਭਗਤ ਪ੍ਰਭ ਕਾ ਭਗਤ ਐਸਾ ਨ ਹੋਰ ਸੰਸਾਰ ਲੋਕੋ। ਘਨੱਯਾ ਲਾਲ ਜੋ ਚੁਘ ਕੁਰਬਾਨ ਮੈਥੋਂ ਸੀਸ ਦੇਨ ਨੂੰ ਰਹੇ ਤਿਆਰ ਲੋਕੋ।ਲਾਲ ਚੰਦ ਨਰੈਣ ਦਾਸ ਜਾਤ ਕੁਕੜ ਰਖਨ ਮੁਝ ਦੇ ਨਾਲ ਹਿਤਕਾਰ ਲੋਕੋ। ਮੋਹਰ ਚੰਦ ਜੋ ਅਰਜ਼ੀ ਨਵੀਸ ਭਾਰੀ ਭਗਤ ਰਬ ਦਾ ਚਿਤ ਉਦਾਰਲੋਕੋ। ਮੋਹਰ ਚੰਦ ਦੇ ਨਾਲ ਹੈ ਦਿਲੀ ਪ੍ਰੀਤੀ ਪੂਰਾ ਰਖ ਦਾ ਹੈ ਹਿਤਕਾਰ ਲੋਕੋ। ਅਰਜ਼ੀ ਨਵੀਸ ਨਾਂ ਏਸ ਦੇ ਤੁਲ ਕੋਈ ਕੀਤਾ ਸਚ ਦਾ ਜਿਕਰ ਜਿਕਾਰ ਲੋਕੋ। ਜੈਮਲ ਰਾਮ ਕਮਰਾ ਸੁਨੇ ਪਾਠ ਪ੍ਰੇਮੀ ਸਾਧ ਸੰਤ ਦਾ ਆਗਿਆਕਾਰ ਲੋਕੋ। ਬਾਂਕਾ ਰਾਮ ਜੋ ਝਾਂਭ ਵੈਰਾਗ ਰਖੇ ਡੋਰੀ ਰਬ ਤੇ ਰਖਨੇ ਹਾਰ ਲੋਕੋ। ਜਮਨਾ ਦਾਸ ਜੋ ਚੁਘ ਪ੍ਰੇਮ ਰਖੇ ਤਨ ਮਨ ਹੈ ਵਾਰਨੇ ਹਾਰ ਲੋਕੋ। ਹਾਕਮਰਾਇ ਹੂਜਾ ਸੁਣਦਾ ਪਾਠ ਮੈਥੋਂ ਨਵੀਂ ਹੱਟੀ ਦੇ ਵਿਚ ਬਜਾਰ ਲੋਕੋ। ਭਾਰੀ ਰਖੇ ਭਰੋਸਾ ਗੁਰੂ ਗ੍ਰੰਥ ਉਤੇ ਪੈਹਲੇ ਸਭ ਤੋਂ ਪੂਜਨੇਹਾਰ ਲੋਕੋ। ਹੰਸਰਾਜ ਹੂਜਾ ਸਖੀ ਸਾਧ ਭਾਰੀ

ਨਿਆਮਤ ਰਾਇ ਦਾ ਜਾਣ ਕੁਮਾਰ ਲੋਕੋ। ਨਟੈਣ ਦਾਸ ਫੁਟੇਲਾ ਸੁਖਮਨੀ ਪੜ੍ਹਦਾ ਲੱਜਜਾ ਰੱਬ ਹੈ ਰਖਣੇ ਹਾਰ ਲੋਕੋ। ਗੋਬਿੰਦ ਲਾਲ ਸਚਦੇ ਉਤਰਾਧ ਬੰਸੀ ਦਾਨਾ ਪੁਰਸ਼ ਹੈ ਭਗਤ ਕਰਤਾਰ ਲੋਕੋ। ਬਹਾਦਰ ਚੰਦ ਸਚਦੇ ਉਤਰਾਧ ਬੰਸੀ ਪਿਆਰੇ ਲਾਲ ਦਾ ਜਾਣ ਕੁਮਾਰ ਲੋਕੋ। ਗੰਗਾ ਰਾਮ ਖੁੰਗਰ ਗੁਰੂ ਗ੍ਰੰਥ ਸਾਹਿਬ ਸੁਭਾ ਨ੍ਹਾਇਕੇ ਕਰੇ ਦੀਦਾਰ ਲੋਕੋ। ਨਿਤਨੇਮ ਮਹਾਰਾਜ ਦਾ ਕਰੇ ਦਰ ਸ਼ਨ ਨਹੀ ਨੇਮ ਘੁਸਾਵਣੇਹਾਰ ਲੋਕੋ। ਬਿਹਾਰੀ ਲਾਲ ਅਤੇ ਘੇਰੂ ਲਾਲ ਜਾਣੋ ਗੰਗਾਰਾਮ ਦੇ ਦੋਏ ਕੁਮਾਰ ਲੋਕੋ। ਨਿਆਮਤ ਰਾਇ ਰੱਸੇਵਟ ਜਾਨ ਧਰਮੀ ਤੇਗ ਧਰਮ ਦੀ ਮਾਰਨੇਹਾਰ ਲੋਕੋ। ਹੁਕਮਚੰਦ ਜੋ ਨਾਗਪਾਲ ਖੁਸ਼ੀ ਰਹਿੰਦਾ ਮਥੇ ਹੱਸਕੇ ਲਗਣੇਹਾਰ ਲੋਕੋ। ਮੋਹਰੀ ਰਾਮ ਵਡੇਰਾ ਸਿਉ ਰਾਮ ਗ੍ਰੋਮਰ ਪਾਠ ਮੈਥੋਂ ਕ- ਰਾਂਵਣੇ ਹਾਰ ਲੋਕੋ। ਸਾਲ ਵਿਚ ਇਕ ਇਨਾਂ ਦਾ ਭੋਗ ਪਾਵਾਂ ਪੜ੍ਹਾਂ ਪ੍ਰੇਮ ਤੇ ਪ੍ਰੀਤੀ ਨੂੰ ਧਾਰ ਲੋਕੋ। ਪਾਠ ਵਾਸਤੇ ਆਵੇ ਕੋਈ ਧਨਵੰਤਾ ਕਰਾਂ ਝਟ ਮੈਂ ਓਹਨੂੰ ਇਨਕਾਰ ਲੋਕੋ। ਨੰਬਰਦਾਰ ਜ਼ੈਲਦਾਰ ਕਈ ਪਿੰਡਾਂ ਵਾਲੇ ਕਰਦੇ ਰੈਹਨ ਮੇਰੀ ਇੰਤਜਾਰ ਲੋਕੋ। ਕਿਸੇਕਿਸੇ ਦੇ ਜਾਇ ਮੈਂ ਪਾਠ ਕਰਦਾ ਨਹੀਂ ਕੁਛ ਮੇਰੇ ਅਖਤਿ ਆਰ ਲੋਕੋ।

ਬੂਲ ਚੰਦ ਔਨਰੇਰੀ ਤੇ ਰਾਇ ਸਾਹਿਬ ਝੂਠ ਸਚ ਨੂੰ ਲਏ

ਬਿਚਾਰ ਲੋਕੋ। ਤਪ ਸ਼ੈਹਰ ਦੇ ਵਿਚ ਹੈ ਬਹੁਤ ਭਾਰਾ ਸਾਧ ਸੰਤ ਦੇ ਨਾਲ ਪਿਆਰ ਲੋਕੋ । ਦੁਸ਼ਟ ਪੁਰਸ਼ ਨੂੰ ਦੇਵੇ ਸਜ਼ਾ ਭਾਰੀ ਸਾਧੂ ਸੰਤ ਦੇ ਨਾਲ ਹਿਤਕਾਰ ਲੋਕੋ। ਕਰੇ ਅਦਾਲਤ ਤੇ ਸ਼ੈਹਰ ਮੇਂ ਮੁਖੀ ਭਾਰੀ ਕਰਾਂ ਹੋਰ ਨਾ ਜ਼ਿਕਰ ਜ਼ਿਕਾਰ ਲੋਕੋ।ਬੁਰਾ ਬੋਲਨੇ ਜੇਡਾ ਨਾ ਪਾਪ ਭਾਰੀ ਭਲਾ ਮੁਝ ਨੂੰ ਦਿਸੇ ਸੰਸਾਰ ਲੋਕੋ। ਮੋਹਰੀ ਲਾਲ ਚੁਘ ਜਾਨੀਏ ਧਰਮ ਮੂਰਤ ਦਿਤੀ ਸਖਤੀ ਜਿਸ ਵਿਸਾਰ ਲੋਕੋ। ਬੁਰਾ ਬੋਲਨਾ ਮੂੰਹ ਤੋਂ ਜਾਨਦਾ ਨਾ ਨਾਹੀਂ ਕਿਸੇ ਸਤਾਂਵਨੇ ਹਾਰ ਲੋਕੋ। ਗਰੀਬ ਗੁਰਬੇ ਉਤੇ ਨਾ ਅੱਤ ਚੱਕੇ ਕੈਹਰ ਨਹੀ ਗੁਜਾਰਨੇ ਹਾਰ ਲੋਕੋ । ਜੁਲਮ ਵਾਲੀਆਂ ਦੀ ਕੂੜੀ ਪਾਤਸ਼ਾਹੀ ਬੇੜੀ ਕਾਗਜ਼ਾਂ ਵਾਲੀ ਨਾ ਪਾਰ ਲੋਕੋ। ਬਹਾਦਰ ਚੰਦ ਜੋ ਛਾਬੜਾ ਜਾਨ ਮੈਂਬਰ ਸਿਰ ਪੈਚਾਂ ਦੇ ਪੈਂਚ ਬਿਚਾਰ ਲੋਕੋ। ਕਰਮ ਚੰਦ ਜੋ ਛਾਬੜਾ ਰਈਸ ਭਾਰੀ ਕਈਆਂ ਪਿੰਡਾਂ ਦਾ ਜਾਣ ਸ੍ਰਦਾਰ ਲੋਕੋ । ਜਿਥੇ ਮਿਲੇ ਬੁਲਾਂਵਦਾ ਨਾਲ ਇਜ਼ਤ ਵਲ ਛੱਲ ਨਾ ਕੁਝ ਹੰਕਾਰ ਲੋਕੋ। ਧੰਨ ਦੌਲਤ ਦਾ ਮੱਦ ਨਾ ਮੂਲ ਕਰਦਾ ਕਵਰਾਜ ਵੀ ਹੋਯਾ ਬਲਹਾਰ ਲੋਕੋ। ਕਰਮ ਚੰਦ ਪ੍ਰੇਮੀ ਨਾਗਪਾਲ ਮੈਂਬਰ ਗੁਰੂ ਸਾਹਿਬ ਦਾ ਆਗਿਆ ਕਾਰ ਲੋਕੋ। ਉਸਨਾਕ ਰਾਮ ਸੇਠੀ ਨਿੰਤ ਨੇਮ ਆਵੇ ਗੁਰੂ ਗ੍ਰੰਥ ਦਾ ਕਰੇ ਦੀਦਾਰ ਲੋਕੋ। ਉਤਰਾਧੂ ਵੰਸ ਸੱਚਦੇ ਤੇ ਭਗਤ ਹਰਕੇ ਗੁਰੀਆ ਰਾਇ ਲੈਨਾ ਦਿੱਤਧਾਰ ਲੋਕੋ।ਬਾਘਾਰਾਮ

ਗੁਰੀਆ ਮਲ ਭਾਈ ਸਕੇ ਲਾਖਾਂ ਪਤੀ ਏਹ ਲੈਣੇਵਿਚਾਰ ਲੋਕੋ। ਭਗਤ ਰਾਮ ਹਕੀਮ ਤੇ ਜਾਤ ਮੋਂਗੇ ਮੰਨਿਆ ਪੁਰਸ਼ ਹੈ ਵਿਚ ਸੰਸਾਰ ਲੋਕੋ। ਗਲ਼ੀ ਵਿਚ ਏਹ ਵਸਦੇ ਧਿਆਨ ਰਖਨ ਦੁਖ ਸੁਖ ਦੀ ਲੈਂਦੇ ਨੇ ਸਾਰ ਲੋਕੋ। ਵੈਰ ਕਿਸੇ ਦੇ ਨਾਲ ਮੈਂ ਰਖਨਾ ਕੀ ਛੱਡ ਜਾਵਨਾ ਕੁਲ ਸੰਸਾਰ ਲੋਕੋ।ਕੋਈਕਰੇ ਬੁਰਾਈ ਤਾਂ ਰੱਬ ਸਾਂਭੇ ਸਾਡੀ ਰੱਬਦੇ ਅਗੇ ਪੁਕਾਰ ਲੋਕੋ। ਮਯਾ ਰਾਮ ਰਾਜ ਦੇ ਵੀ ਰੰਗਲਾ ਹੈਮੋਹਰ ਸਿੰਘ ਗੁਗਲਾਨੀ ਵੀ ਜਾਹਰ ਲੋਕੋ। ਭੋਜਾ ਰਾਮ ਭਠੇਜਾ ਈਸਰ ਦਾਸਮਿਢਾ ਕਰਮ ਚੰਦ ਭਠੇਜਾ ਵੀ ਮਾਹਰਲੋਕੋ। ਨਾਨਕ ਚੰਦ ਸੇਠੀ ਉਤਰਾਧ ਬੰਸੀ ਭਲਾ ਲੋਕ ਹੈ ਭਗਤ ਕਰਤਾਰ ਲੋਕੋ। ਲਾਲਚੰਦ ਗਿਲੋਤ੍ਰਾ ਉਤਰਾਧੀ ਮਸ਼ਹੂਰ ਹੈ ਸੇਠ ਸੰਸਾਰ ਲੋਕੋ। ਪੜ੍ਹਿਆਂ ਮੁਝ ਤੋਂ ਗੁਰਮੁਖੀ ਵਿਦਜਾ ਹੈ ਮੰਨੇ ਮੁਝ ਨੂੰ ਸੋਚ ਵਿਚਾਰ ਲੋਕੋ। ਬਾਗਾਰਾਮ ਗੁਗਲਾਂਣੀ ਰੀਭੀਰ ਭਾਰੀ ਨਾਮ ਜਪਦਾ ਬੈਠ ਕਰਤਾਰ ਲੋਕੋ। ਬਾਗਾ ਰਾਮ ਤਨੇਜਾ ਗੰਗਾਜਲ ਬਨੀਯਾ ਮੁਖੀ ਲੈਣੇ ਦਲਾਲ ਵੀਚਾਰ ਲੋਕੋ। ਸੁੰਦਰ ਲਾਲ ਮਿਢਾ ਫਤਹਿ ਚੰਦ ਡੋਡਾ ਈਸਰ ਦਾਸ ਜੋ ਚੁਘ ਬਿਚਾਰ ਲੋਕੋ। ਸਾਰਾ ਸ਼ੈਹਰ ਗਿਨੀਜਨੋ ਰਿਹਾ ਮੈਥੋਂ ਕਿਸ ਕਿਸ ਨੂੰ ਕਰਾਂ ਮੈਂ ਜਾਹਰ ਲੋਕੋ। ਸੋਹਨਾ ਰਾਮ ਖੁੰਗਰ ਮੇਰੇ ਪ੍ਰੇਮ ਵਾਲਾ ਉਸਦਾ ਨਾਮ ਦੇ ਨਾਲ ਪਿਆਰ ਲੋਕੋ।

ਚੌਧਰੀ ਰਾਮ ਮੁਟਨੇਜੇ ਨੇ ਜਾਤ ਜਿਨਕੀ ਭਗਤੀ ਰਬ

ਰਬ ਦੀ ਕਰਨ ਚਿਤ ਧਾਰ ਲੋਕੋ। ਪੰ ਕੀ ਹੈ ਖਾਸ ਜੋ
ਪਿੰਡ ਇਨਕਾ ਗੁਰੂ ਗ੍ਰੰਥ ਦੇ ਪੂਜਨੇਹਾਰ ਲੋਕੋ। ਕਈ
ਬਾਰ ਜੇ ਚੌਧਰੀ ਸ਼ਾਹ ਆਯਾ ਪਾਠ ਵਾਸਤੇ ਕੀਤੀ ਪੁਕਾਰ
ਲੋਕੋ। ਅੰਨ ਜਲ ਨਾ ਮੁਝ ਦਾ ਸੀ ਓਥੇ ਏਸ ਲਈ ਮੈਂ
ਕੀਤੀ ਇਨਕਾਰ ਲੋਕੋ। ਮੋਹਕਮ ਚੰਦ ਜੋ ਨਾਗਪਾਲ
ਸ਼ਹਿਰ ਅੰਦਰ ਪਾਠ ਲਈ ਉਸ ਕੀਤਾ ਤਕਰਾਰ ਲੋਕੋ।
ਪਾਠ ਕਰੋ ਸਾਡੇ ਤੁਸੀ ਘਰੀਂ ਆਕੇ ਪਾਠ ਸੁਣਨ ਨੂੰ
ਅਸੀ ਤਿਆਰ ਲੋਕੋ। ਦਾਨਾ ਪਾਨੀ ਸਾਡਾ ਨਹੀ ਸੀ ਘਰੇ
ਉਨਕੇ ਤਾਂਹੀ ਮੁਝ ਨੇ ਕੀਤੀ ਇਨਕਾਰ ਲੋਕੋ।
ਗੁਰਮੁਖ ਸਿੰਘ ਜ਼ੈਲਦਾਰ ਜੋ ਨੀਲਿਆਂ ਵਾਲੀ ਮੰਨਿਆਂ
ਹੋਇਆ ਹੈ ਵਿਚ ਸੰਸਾਰ ਲੋਕੋ। ਮਜਿਸਟਰੇਟ
ਅਦਾਲਤ ਓਹ ਕਰੇ ਸਚੀ ਰਿਆਸਤ ਬਖਸ਼ਿਆ ਬਹੁਤ
ਅੱਖਤਿਆਰ ਲੋਕੋ। ਰਿਆਸਤ ਬਹਾਵਲ ਪੁਰ ਵਿਚ ਮਸ਼
ਹੂਰਹੈ ਜੀ ਭਾਰੀਮੁਝਦੇ ਨਾਲਹਿਤਕਾਰਲੋਕੋ।ਕਿਸ਼ਨਸਿੰਘ
ਬਹਾਵ ਵਾਲੇ ਵਿਚ ਵਾ ਚੌਹਾਂ ਪਿੰਡਾਂ ਦਾ ਓਹ ਸਰਦਾਰ
ਲੋਕੋ। ਅੱਵਲ ਖ਼ੁਰਾਨੇ ਸਰਦਾਰ ਹਰਨਾਮ ਸਿੰਘ ਹੈ ਮੇਹਰ
ਬਾਨ ਰਹਿੰਦਾ ਜ਼ੈਲਦਾਰ ਲੋਕੋ।ਸ਼ਿਵ ਸ਼ਾਮ ਸਿੰਘ ਝੂਬੇ ਦੇ
ਠੀਕ ਮਾਲਕ ਮਜਿਸਟ੍ਰੇਟੀ ਦੇ ਪੂਰੇ ਅਖਤਿਆਰ ਲੋਕੋ।
ਮਲਕੀਤ ਛਡਕੇ ਹੋਏ ਪ੍ਰਲੋਕ ਵਾਸੀ ਮੇਰਾ ਉਨਾਂ ਦੇ ਨਾਲ
ਭੀ ਪਯਾਰ ਲੋਕੋ। ਬਿਸ਼ਨ ਸਿੰਘ ਜ਼ੈਲਦਾਰ ਬਹੁ ਪ੍ਰੇਮ
ਕਰਦੇ ਸੁਚਾ ਸਿੰਘ ਦੀ ਢਾਬ ਨਿਹਾਰ ਲੋਕੋ। ਕੋਪੂੰ ਬੇੜੇ

ਜੋ ਬ੍ਰਹਮਾ ਤੇ ਚੀਨ ਵਾਸੀ ਰਾਮ ਸਿੰਘ ਕਰਨੈਲ ਵਿਚਾਰ ਲੋਕੋ। ਲੋਰਾਲਾਈ ਮੇਂ ਚੀਫ ਕਮਾਂਡ ਅਫਸਰ ਨਾਮ ਜਿਨਾਂ ਦਾ ਸਿੰਘ ਕਰਤਾਰ ਲੋਕੋ । ਫਤੇ ਦੀਨ ਭੰਡਾਰਾ ਮਜਿਸਟਰੇਟ ਪੂਰਾ ਤਸਬੀ ਹਥ ਤੇ ਮੌਲਾ ਗੁਫਾਰ ਲੋਕੋ। ਪੰਜ ਵਕਤ ਨਿਮਾਜ ਜ਼ਰੂਰਨੀ ਤੇ ਯਾਦ ਰਖੇ ਓਹ ਪਰਵਰਦਗਾਰ ਲੋਕੋ। ਮਿਤਰਾਂ ਵਾਂਗ ਓਹ ਮੇਰਾ ਧਯਾਨ ਰਖੇ ਸਾਡੀ ਉਨਹਾਂ ਦੀ ਸਾਂਝੀ ਦੀਵਾਰ ਲੋਕੋ। ਜਦ ਆਂਵਦੇ ਮਿਲਦੇ ਨੇ ਪ੍ਰੇਮ ਕਰਕੇ ਹੁੰਦੀ ਭਲਿਆਂ ਦੀ ਜਿਵੇਂ ਕਾਰ ਲੋਕੋ। ਬੰਦਗੀ ਵਾਲਿਆਂ ਤੋਂ ਬਲਿਹਾਰ ਜਾਵਾਂ ਜੇਹੜੇ ਸਾਂਈਦੇ ਰਹਿਨ ਅਧਾਰ ਲੋਕੋ॥ ਚੰਦਾ ਰਾਮ ਨਾਗਪਾਲ ਮਲੂਕ ਖੇੜੇ ਅਬੋਹਰਵਿਚੋਂ ਜੋ ਕੋਸਪੰਜ ਚਾਰ ਲੋਕੋ।ਸਾਧੂ ਸੰਤਦੇ ਨਾਲ ਸੂ ਮੇਲ ਪੂਰਾ ਸਾਧੂ ਸੰਤ ਦੀ ਸੇਵ ਨੂੰ ਤਿਆਰ ਲੋਕੋ। ਸਵੇਰੇ ਨਾਲ ਪ੍ਰੇਮ ਦੇ ਪਾਠ ਸੁਣਦਾ ਪਾਠ ਕੀਤਾ ਮੈਂ ਓਥੇ ਵਿਚਾਰ ਲੋਕੋ। ਚਾਰ ਦਿਨਾਂ ਦੇ ਜੀਵਨੇ ਕਾਰਨੇ ਮੈਂ ਦੇਵਾਂ ਸਜਨਾਂ ਨਹੀ ਵਿਸਾਰ ਲੋਕੋ। ਗੁਰਮੁਖਸਿੰਘ ਨੰਬਰਦਾਰ ਵਿਚ ਆਵੇ ਵਸਨ ਮੁਦਤ ਦੇ ਲਓ ਬਿਚਾਰ ਲੋਕੋ। ਸਾਡੇ ਦਾਦੇ ਤੋਂ ਲੈਕੇ ਪ੍ਰੇਮ ਰਖਨ ਮੇਰੇ ਪਿਤਾ ਦੇ ਨਾਲ ਸੀ ਪਿਆਰ ਲੋਕੋ। ਮੈਨੂੰ ਵੇਖਕੇ ਪਰਮ ਅਨੰਦ ਹੁੰਦੇ ਪੂਰਾ ਮੁਝ ਦੇ ਨਾਲ ਹਿਤਕਾਰ ਲੋਕੋ। ਦਾਨੀ ਲੋਕ ਤੇ ਦਯਾ ਦੇ ਕਰਨ ਵਾਲਾ ਆਏ ਸੁਆਲੀ ਦਾ ਕਰੇ ਸਤਕਾਰ ਲੋਕੋ। ਬਾਂਡੀਵਾਲੇ ਦਾ ਨੰਬਰਦਾਰ ਪ੍ਰੇਮ

ਰਖੇ ਨਾਮ ਨਰੈਣ ਸਿੰਘ ਜਾਨ ਸਰਦਾਰ ਲੋਕੋ। ਰਾਮਪੁਰੇ ਦਾ ਨੰਬਰਦਾਰ ਕਿਸ਼ਨ ਸਿੰਘ ਜੀ ਪਾਠ ਸੁਨਕੇ ਹੋਯਾ ਬਲਿਹਾਰ ਲੋਕੋ। ਛੋਟੇ ਛੋਟੇ ਨੰਬਰਦਾਰਾਂ ਦੇ ਨਾਮ ਦਸਾਂ ਗਿਣਤੀ ਗਿਣੀ ਨਾਂ ਜਾਇ ਅਪਾਰ ਲੋਕੋ।

ਮੇਹਰਬਾਨ ਕਰਤਾਰ ਦੀ ਲੋੜ ਮੈਨੂੰ ਜਿਧੇ ਵੱਸ ਹੈ ਕੁਲ ਸੰਸਾਰ ਲੋਕੋ। ਦੁਨੀਆ ਮੰਗਤੀ ਕੁਲ ਹੈ ਨਜਰ ਆਈ ਵਲੀ ਪੀਰ ਫਕੀਰ ਅਵਤਾਰ ਲੋਕੋ। ਸ਼ੈਹਨ ਸ਼ਾਹ ਤਕ ਮੰਗੜਾ ਨਜ਼ਰ ਆਇਆ ਡਿਠੇ ਮੰਗਤੇ ਸ਼ਾਹ ਸਰਦਾਰ ਲੋਕੋ। ਭਿਖਕ ਸਮਝਿਆ ਰਾਜਿਆਂ ਰਾਣਿਆਂਨੂੰ ਸਭੇ ਮੰਗਤੇ ਰਾਜ ਦਰਬਾਰ ਲੋਕੋ। ਮੈਨੂੰ ਮਹਾਂ ਕੰਗਾਲ ਕੁਲ ਨਜ਼ਰ ਆਵਨ ਮੇਰੀ ਦ੍ਰਿਸ਼ਟ ਇਕ ਵਲ ਕਰਤਾਰ ਲੋਕੋ। ਸਭ ਜਾਚਕ ਓਸ ਇਕ ਨਿਰੰ-ਕਾਰ ਦੇ ਨੀ ਦੇਵਨਹਾਰ ਦਾਤਾਰ ਬਿਚਾਰ ਲੋਕੋ। ਮੁਝ ਤੁਝ ਨਾਂ ਕਿਸੇ ਏਹ ਰੋਜ ਰੈਹਸੀ ਦੇਹੀ ਸੜਕੇ ਹੋਵਸੀ ਛਾਰ ਲੋਕੋ।

ਕੁਝ ਰਾਜ ਦਰਬਾਰ ਵੀ ਦਸ ਦੇਵਾਂ ਲਗਨ ਸਤ ਕਚੈਹ ਰੀਆਂ ਜਾਹਰ ਲੋਕੋ। ਭਗਤ ਲੋਕ ਮੇਰੇ ਪਾਸ ਰੋਜ ਆਵਨ ਲੈਂਦੇ ਦੁਖ ਤੇ ਸੁਖ ਦੀ ਸਾਰ ਲੋਕੋ। ਸਰੂਪ ਦਾਸ ਦੇ ਜਾਨ ਤੂੰ ਸਿਖ ਬਹੁਤੇ ਕੁਲ ਗੁਰੂ ਦੇ ਮੰਨਨੇ ਹਾਰ ਲੋਕੋ। ਸੱਤ ਹੋਣ ਅਦਾਲਤਾਂ ਸ਼ੈਹਰ ਅੰਦਰ ਡਿਪਟੀ ਸਭ ਦੇ ਉਤੇ ਸੁਕਾਰ ਲੋਕੋ। ਛੋਟਾ ਸੈਹਬ ਤੇ ਜੱਜ ਦੀਵਾਨੀ ਸੁਣਦਾ

ਚੌਥਾ ਹਾਕਮ ਤਸੀਲ ਹੈ ਦਾਰ ਲੋਕੋ। ਤਸੀਲ ਦਾਰ ਨਾਇਬ ਥਾਨੇਦਾਰ ਵਸੇ ਮੁਜਸਟ੍ਰੇਟ ਭੀ ਕਰਨ ਵੀਚਾਰ ਲੋਕੋਦੇਵੀ ਦਿਤਾ ਰਾਇ ਹਾਕਮ ਹਜ਼ੂਰ ਸਿੰਘ ਜੀ ਸੱਚ ਝੂਠ ਨੂੰ ਗਏ ਨਿਤਾਰ ਲੋਕੋ। ਹਜ਼ੂਰ ਸਿੰਘ ਦੀ ਕਰਾਂ ਕੀ ਉਸਤਤੀ ਨੂੰ ਜੀਹਦਾ ਹੁਕਮ ਨਾ ਮੇਟੇ ਸਰਕਾਰ ਲੋਕੋ। ਰਾਜਾ ਸ਼ੈਹਰ ਦਾ ਸੂਬਾ ਸੀ ਦੇਸ ਦਾ ਓਹ ਉਸ ਦੇ ਜੇਹਾ ਨਾ ਹੋਰ ਸਰਦਾਰ ਲੋਕੋ। ਕਈ ਤਰਾਂ ਦੇ ਪੁੰਨ ਤੇ ਦਾਨ ਕਰਦਾ ਭੋਜਨ ਦੇਣ ਨੂੰ ਹਰਦਮ ਤਿਆਰ ਲੋਕੋ। ਵਿਧਵਾ ਇਸਤ੍ਰੀ ਦੀ ਸਦਾ ਸਾਰ ਲੈਂਦਾ ਸਾਧੂ ਸੰਤ ਦਾ ਆਗਿਆਕਾਰ ਲੋਕੋ। ਬੂਟਾ ਸਿੰਘ ਹੁਣ ਖੋਲਸੀ ਹਾਲ ਸਾਰਾ ਨੇਕੀ ਕੀਤੀ ਜਿਸ ਵਿਚ ਸੰਸਾਰ ਲੋਕੋ॥

ਵਾਕ ਕਵੀ

ਹਜ਼ੂਰ ਸਿੰਘ ਸਰਦਾਰ ਨੂੰ ਜਗਤ ਜਾਣੇ ਚੁੱਘ ਜਾਤ ਤੇ ਬਲੀ ਮਹਾਨ ਲੋਕੋ। ਕਈ ਮੈਹਲ ਅਟਾਰੀਆਂ ਬਾਗ ਜਿਨਕੇ ਦੱਸੀ ਜਾਵੇ ਨਾ ਧਰਮੀ ਦੀ ਸ਼ਾਨ ਲੋਕੋ। ਊਠ ਬਘੀਆਂ ਘੋੜੇ ਤੇ ਗਾਂਈ ਮਝੀਂ ਲਾਇ ਸਕੇ ਨਾ ਜੀਭ ਬਿਆਨ ਲੋਕੋ। ਕਈ ਪਿੰਡਾਂ ਦਾ ਮਾਲਕ ਤੇ ਚੌਧਰੀ ਜੇ ਸਾਨੀ ਇਸਦਾ ਦਿਸੇ ਨਾ ਆਨ ਲੋਕੋ। ਬੋਲ ਤੋਲ ਜਤੀ ਸਤਿਆਵਾਂਨ ਪੂਰਾ ਧਨੀ ਲੋਕ ਭਾਰੀ ਭਾਗਵਾਨ ਲੋਕੋ। ਔਨਰੇਰੀ ਮਜਿਸਟਰੇਟ ਵੀ ਅਵਲ ਦਰਜਾ ਕਰੇ ਨਿਆਉਂ ਨਾ ਪਾਵੇ ਤੁਫਾਨ ਲੋਕੋ। ਵਾਇਸ ਪ੍ਰੈਜ਼ੀਡੰਟ ਕੂਲ ਸੰਸਾਰ

ਜਾਣੇ ਦਫਤਰ ਖੋਲ ਪੜ੍ਹ ਵੇਖ, ਬਿਆਨ ਲੋਕੋ।ਹਜੂਰਸਿੰਘ ਸਰਦਾਰਦਾ ਤੇਜ ਐਸਾ ਝਲ ਸਕੇ ਨਾ ਕੋਈ ਇਨਸਾਨ ਲੋਕੋ। ਕੋਈ ਸਾਮਣੇ ਬੈਠ ਨਾ ਗਲ ਕਰਦਾ ਰੋਹਬ ਭਾਰੀ ਸੀ ਵਿਚ ਜਹਾਨ ਲੋਕੋ। ਜੇ ਕੋਈ ਕਰੇ ਸਵਾਲ ਨੂੰ ਆਸ ਕਰਕੇ ਪੂਰਾ ਕਰਦਾਂ ਨਾਲ ਧਿਆਨ ਲੋਕੋ। ਗੈਰ ਹਕ ਤੇ ਲਤ ਨਾ ਮਾਰਦਾ ਸੀ ਸਾਥੀ ਸਮਝਦਾ ਧਰਮ ਈਮਾਨ ਲੋਕੋ। ਗਰੀਬ ਪੁਰਸ਼ ਉਤੇ ਦਯਾ ਸਦਾ ਕਰਦਾ ਕੰਨ ਲਾਇ ਸੁਨਦਾ ਹਰਦੇ ਬਿਆਨ ਲੋਕੋ। ਫਰਿਆਦੀ ਆਨ ਕੇ ਕਰੇ ਫਰਿਆਦ ਕੋਈ ਝੋਲੀ ਉਸਦੀ ਹੱਕ ਪੁਆਨਲੋਕੋ। ਕੜਾਹੇ ਭਰਕੇ ਉਬਲਦੇ ਰੈਹਨ ਛੋਲੇ ਵਰਤਾਵੇ ਸ਼ਾਮ ਨੂੰ ਵਿਚ ਦੁਕਾਨ ਲੋਕੋ। ਅਸੀਸਾਂ ਦੇਨ ਵਾਲੇ ਬੂਹੇ ਖੜੇ ਰਹਿੰਦੇ ਦੇਂਦਾ ਕੁਲ ਗਰੀਬ ਨੂੰ ਦਾਨ ਲੋਕੋ। ਹਰ ਸਾਲ ਮੇਂ ਯੱਗ ਰਈਸ ਕਰਦਾ ਮਾਲਪੂੜੇ ਤੇ ਖੁਆਵੇ ਪਕਵਾਨ ਲੋਕੋ। ਅਖੰਡ ਪਾਠ ਮੈਂ ਇਨਾਂ ਦੇ ਜਾਇ ਕੀਤਾ ਸਮਾ ਗੁਜਰਿਆ ਸਦੀ ਅਨੁਮਾਨ ਲੋਕੋ। ਅਖੰਡ ਪਾਠ ਸੁਣਦਾ ਪਿੰਡ ਕਰਨੀ ਧੇੜੇ ਹਰ ਜਾ ਮੇਂ ਧਰਮ ਚਲਾਨ ਲੋਕੋ। ਹਰ ਪਿੰਡ ਦੇ ਵਿਚ ਸਰਦਾਰ ਸਾਹਿਬ ਰਾਹਿ ਰਬ ਸਾਂਭੇ ਮਿਹਮਾਨ ਲੋਕੋ। ਗਰਾਮ ਗਰਾਮ ਅੰਦਰ ਨੌਕਰ ਖੂਬ ਰਖੇ ਰਾਹੀਆਂ ਪਾਂਧੀਆਂ ਰੋਟੀ ਖੁਲਾਨ ਲੋਕੋ। ਇਸਦੇ ਪਿੰਡਾਂ ਦੇ ਵਿਚੋਂ ਕੁਲ ਰਜ ਜਾਵਨ ਸੁਆਲੀ ਮੰਗਤੇ ਰਜਕੇ ਖਾਨ ਲੋਕੋ। ਹਜੂਰ ਸਿੰਘ ਦੇ ਦੋਏ ਕੁਮਾਰ ਜਾਣੋ ਦਰਬਾਰਾ

ਸਿੰਘਸੀ ਬਲੀ ਬਲਵਾਨ ਲੋਕੋ । ਮੋਹਰੀ ਲਾਲ ਦਾ ਸੈਹਣ ਸੁਭਾਉ ਚੰਗਾ ਸਤੋ ਗੁਣੀ ਤੇ ਭਗਤ ਭਗਵਾਨ ਲੋਕੋ। ਬੂਟਾ ਸਿੰਘ ਨੇ ਲਿਖਿਆ ਸੋਧਕੇ ਤੇ ਜਿਨ੍ਹੂੰ ਜਾਨ ਦਾ ਕੁਲ ਜਹਾਨ ਲੋਕੋ ॥

### ਹਜੂਰ ਸਿੰਘ ਕਾ ਬਾਵੇ ਕੋ ਮਿਲਨ ਆਵਣਾ

ਹਜੂਰ ਸਿੰਘ ਨੇ ਸੁਣਿਆ ਫਕੀਰ ਆਯਾ ਕਰਨੀ ਵਾ-ਲੜਾ ਫਕਰ ਅਪਾਰ ਭਾਈ। ਉਸਤਤ ਕਰਦੇ ਲੋਕ ਨਾ ਰਜਦੇ ਨੇ ਕਰਾਂ ਚਲ ਮੈਂ ਆਪ ਦੀਦਾਰ ਭਾਈ । ਹਜੂਰ ਸਿੰਘ ਆਵੇ ਬੈਠ ਉਠਜਾਵੇ ਹੋਵੇ ਗਲ ਨਾਂ ਕਦੇ ਗੁਫਤਾਰ ਭਾਈ। ਇਕ ਰੋਜ ਇਸ਼ਨਾਨ ਕਰ ਫਕਰ ਬੈਠੇ ਮੁਖੋਂ ਉਚਰੇ ਸ੍ਰੀ ਕਰਤਾਰ ਭਾਈ। ਹਜੂਰ ਸਿੰਘ ਜੀ ਆਖਦੇ ਨਿਤ ਆਵਾਂ ਦਸੋ ਰਬ ਵਾਲੀ ਕੋਈ ਕਾਰ ਭਾਈ । ਕਈ ਹੋਰ ਭੀ ਆਂਵਦੇ ਕਰਨ ਦਰਸਨ ਦਰਸਨ ਤੁਧਦਾ ਵਾਂਗ ਅਵਤਾਰ ਭਾਈ । ਹਜੂਰ ਸਿੰਘ ਦੇ ਉਤੇ ਪ੍ਰਸੰਨ ਹੋਕੇ ਲਗੇ ਸਤ ਅਸਤ ਬਿਚਾਰ ਭਾਈ । ਬੋਲੇ ਆਪ ਬਾਵਾ ਕਿਸ਼ਨਦਾਸ ਸਾਧੂ ਜਪੋ ਬੈਠ ਕਰਤਾਰ ਮੁਰਾਰ ਭਾਈ। ਗਲਾਂ ਝੂਠੀਆਂ ਤੇ ਜਗਤ ਕੂਲ ਝੂਠਾ ਸਚਾ ਆਪਹੈ ਇਕ ਨਿਰੰਕਾਰ ਭਾਈ॥ ਨਾਮ ਠਾਮ ਨਾਂ ਜਾਤ ਤੇ ਵਰਨ ਰੈਹਸੀ ਰਿਸ਼ੀ ਮੁਨੀ ਨਾ ਰੈਹਨ ਅਵਤਾਰ ਭਾਈ। ਦਿਨ ਰੈਨ ਤੇ ਮਾਹ ਨਾ 'ਬਰਸ ਰੈਹਸਨ ਸੁਭਾ ਸ਼ਾਮ ਨਾ ਰੈਹਨ ਤਕਰਾਰ ਭਾਈ । ਸੂਰਜ ਚੰਦ ਨਾ ਰਹਿਣਗੇ ਪੌਣ ਪਾਣੀ

ਸ੍ਰਿਸ਼ਟੀ ਰਹੇ ਨਾ ਰਹੇ ਅਕਾਰ ਭਾਈ। ਜੋ ਦਿਸਦਾ ਕੁਲ ਹੀ ਬਿਨਸ ਜਾਸੀ ਸਚਾ ਆਪ ਹੈ ਇਕ ਗੁਫਤਾਰ ਭਾਈ। ਕਈ ਆਂਵਦੇ ਤੇ ਕਈ ਜਾਂਵਦੇ ਨੇ ਸੌਦਾ ਤੋਲਦੇ ਏਸ ਬਜਾਰ ਭਾਈ। ਸ਼ਾਸਤ੍ਰ ਰੈਹਨ ਨਾ ਬੇਦ ਕਤੇਬ ਰੈਹਸਨ ਪੜਨ ਵਾਲੇ ਭੀ ਹੋਨ ਫਰਾਰ ਭਾਈ। ਧਰਮ ਗੋਤ ਨਾ ਜਾਤ ਤੇ ਜਨਮ ਰੈਹਸਨ ਛਤ੍ਰੀ ਬਾਮਨ ਨਾਂ ਰੈਹਣ ਚਮਾਰ ਭਾਈ। ਸਚਾ ਸੌਦਾ ਤੂੰ ਤੋਲ ਹਜੂਰ ਸਿੰਘਾ ਸੁਬਾ ਉਠਕੇ ਰਬ ਚਿਤਾਰ ਭਾਈ। ਏਹ ਜਗ ਸਰਾਂ ਮੁਸਾਫਰਾਂ ਦੀ ਰਾਹੀਆ ਕਰੀਂ ਨਾ ਝੂਠਾ ਵਪਾਰ ਭਾਈ। ਜਦੋਂ ਆਵਸੀ ਜਗ ਤੇ ਮਹਾਂ ਪਰਲੈ ਨਸ਼ਟ ਹੋਂਵਦਾ ਕੁਲ ਸੰਸਾਰ ਭਾਈ। ਬੂਟਾ ਸਿੰਘ ਕੈਂਹਦਾ ਬਾਝੋਂ ਬੰਦਗੀ ਦੇ ਫਿਰੇਂ ਔਝੜੀਂ ਮੂੜ ਗਵਾਰ ਭਾਈ॥

### ਸੂਦਾਰ ਹਜੂਰ ਸਿੰਘ ਕਾ ਰੋਜਾਨਾ ਦਰਸ਼ਨ ਕਰਨਾ ਔਰ ਪ੍ਰਸ਼ਨ ਕਰਣਾ!

ਕਿਸ਼ਨ ਦਾਸ ਦੇ ਪਾਸ ਹਰ ਰੋਜ ਆਵਨ ਹਜੂਰ ਸਿੰਘ ਜੋ ਆਪ ਸੂਦਾਰ ਬਾਵਾ। ਸਰਧਾ ਧਾਰਕੇ ਗਿਆਨ ਧਿਆਨ ਪੁਛਨ ਜਿਵੇਂ ਭਲਿਆਂ ਦੀ ਹੁੰਦੀ ਕਾਰ ਬਾਵਾ। ਕਿਸ਼ਨ ਦਾਸ ਨੂੰ ਕੈਹਨ ਹਜੂਰ ਸਿੰਘ ਜੀ ਕੋਈ ਦਸ ਦੇ ਗਿਆਨ ਦੀ ਸਾਰ ਬਾਵਾ। ਕਿਵੇਂ ਪਾਂਵਦਾ ਪਦਵੀ ਮੋਕਸ਼ ਵਾਲੀ ਚਿੱਤ ਭੂਤਨਾ ਜਾਵੇ ਜਿਉਂ ਠਾਹਰ ਬਾਵਾ। ਪੰਜ

ਤਤ ਤੇ ਇੰਦ੍ਰੇ ਦਸ ਕੈਂਹਦੇ ਹਾਲ ਇਹਨਾਂ ਦਾ ਦਸ ਉਚਾਰ ਬਾਵਾ। ਪੰਝੀ ਖਾਸ ਪ੍ਰਕਿਰਤੀਯਾਂ ਕੈਂਹਨ ਬਾਹਮਨ ਸਾਰਾ ਹਾਲ ਤੂੰ ਦਸ ਵਿਚਾਰ ਬਾਵਾ। ਛੰਦੇ ਦੇਹੀ ਦਾ ਕੁਲ ਹਿਸਾਬ ਆਖੋ ਮੇਰੇ ਭਰਮ ਨੂੰ ਦੇਹੋ ਨਿਵਾਰ ਬਾਵਾ। ਕਰੋ ਦਯਾ ਦੀ ਦ੍ਰਿਸ਼ਟ ਹੋ ਆਪ ਸਾਧੂ ਸੰਤ ਜਗ ਮੇਂ ਰੂਪ ਕਰਤਾਰ ਬਾਵਾ। ਸਰਧਾ ਮੁਝ ਦੀ ਸਾਧੂਆਂ ਸਾਰਿਆਂ ਤੇ ਮੇਰਾ ਸਾਧੂਆਂ ਨਾਲ ਪਿਆਰ ਬਾਵਾ। ਬੂਟਾ ਸਿੰਘ ਕਹੇ ਸ਼ੇਵਕ ਹੁਣ ਪੁਛਦਾ ਇਦੇ ਉਪਦੇਸ਼ ਤੇ ਭਰਮ ਨਿਵਾਰ ਬਾਵਾ।

ਉਤ੍ਰ ਬਾਵਾ ਕਿਸ਼ਨ ਦਾਸ ਕਾ ਹਜੂਰ ਸਿੰਘ ਪ੍ਰਤੀ

ਹਜੂਰ ਸਿੰਘ ਨੂੰ ਬਾਵਾ ਜੀ ਕੈਹਨ ਲਗੇ ਦਸਾਂ ਕੁਲ ਮੈਂ ਦੇਹੀ ਦਾ ਹਾਲ ਸੇਠਾ। ਕਰਾਂ ਕੁਲ ਮੈਂ ਭਰਮ ਨਵਿਰਤ ਤੇਰਾ ਆਖਾਂ ਮੈਂ ਮਨੁਸ਼ ਦਾ ਹਾਲ ਸੇਠਾ। ਅਗ ਮਿਟੀ ਤੇ ਪੌਣ ਅਕਾਸ ਪਾਣੀ ਪੰਜ ਤਤ ਰੈਂਹਦੇ ਪੁਤਲੇ ਨਾਲ ਸੇਠਾ। ਤੱਤਾਂ ਪੰਜਾ ਦੀਆਂ ਪੰਝੀ ਪ੍ਰਕਿਰਤੀਆਂ ਜੇ ਜਿਨਾ ਨਾਲ ਏਹ ਫਿਰੇ ਬੇਹਾਲ ਸੇਠਾ। ਪੰਜ ਚੋਰ ਮਨੁਸ਼ ਨੂੰ ਲੁਟ ਦੇਨੇ ਜਿਨਾ ਪਕੜ ਕੇ ਕੀਤਾ ਨਿਢਾਲ ਸੇਠਾ। ਚੋਰਾਂ ਨਾਲ ਰਲਿਆ ਏਸ ਖਟਨਾ ਕੀ ਕਾਮ ਕ੍ਰੋਧ ਮੋਹ ਲੋਭ ਚੰਡਾਲ ਸੇਠਾ। ਸਬਦ ਰੂਪ ਰਸ ਗੰਧ ਸਪਰਸ ਪਾਂਚੋਂ ਰੈਹਨ ਠੀਕ ਏਹ ਪੁਰਸ਼ ਦੇ ਨਾਲ ਸੇਠਾ। ਰਜੋ ਤਮੋ ਤੇ ਸਤੋ ਪਸਾਰ ਕੀਤਾ ਕੁਲ ਜਗਤ ਨੂੰ ਪਾਯਾ ਜੰਜਾਲ ਸੇਠਾ। ਕਾਮ ਰਤ ਮੁੜਕਾ ਥੁੱਕ ਪਿਤ ਪੰਜੇ ਪਾਣੀ ਜਾਣ ਤੂੰ ਏਹਨਾ ਦਾ

ਮਾਲ ਸੋਠਾ। ਭੁਖ ਪਿਆਸ ਆਲਸ ਰੂਪ ਨੀਂਦਰ ਜੇਹੜੀ ਕਰਦੀ ਅਗ ਏਹ ਕੰਮ ਕਮਾਲ ਸੋਠਾ। ਹੱਡ ਚੰਮ ਤੇ ਖਾਲ ਤੇ ਬਾਲ ਨਾੜੀ ਧਰਤੀ ਪੰਜਾਂ ਨੂੰ ਕਰੇ ਨਿਹਾਲ ਸੋਠਾ। ਦਸੋ ਇੰਦ੍ਰੇ ਆਪ ਕਰਤਾਰ ਸਾਜੇ ਕਰ ਹੋਰ ਜੋ ਤੇਰਾ ਸਵਾਲ ਸੋਠਾ। ਨੇਤ੍ਰ ਰਸਨਾ ਨਾਸਕਾ ਤ੍ਰਚਾ ਸ੍ਰਵਣ ਸੋਝੀ ਪੰਜਾਂ ਨੂੰ ਜਾਨ ਤ੍ਰੈਕਾਲ ਸੋਠਾ। ਹੱਥ ਵਾਕ ਲਿੰਙ ਗੁਦਾ ਤੇ ਪੈਰ ਪੰਜੇ ਬੀਜ ਬੀਜ ਦੇ ਏਹ ਸੰਭਾਲ ਸੋਠਾ। ਦਸੋ ਦੇਵਤੇ ਅਗੇ ਉਚਾਰ ਆਖਾਂ ਜਿਨਾ ਘਾਲ ਘਾਲੀ ਦੇਹੀ ਨਾਲ ਸੋਠਾ। ਪੌਣ ਵਰਗ ਸੂਰਜ ਬਰਨ ਰੀਧ ਪੰਜੇ ਗਿਆਨ ਇੰਦ੍ਰੇ ਲਓ ਸਮਾਲ ਸੋਠਾ। ਬ੍ਰਹਮਾਂ ਬਿਸ਼ਨ ਇੰਦ੍ਰ ਯਮਰਾਜ ਅਗਨੀ ਦੇਵ ਨੇਤ ਦਾ ਜਾਨ ਏਹ ਥਾਲ ਸੋਠਾ। ਏਹਨਾ ਦਸਾਂ ਅੰਦਰ ਮਨ ਟੈਹਲਦਾ ਏ ਦਸ ਦੁਆਰ ਏਹ ਪੰਜ ਭੁਚਾਲ ਸੋਠਾ। ਕਿਸ਼ਨ ਦਾਸ ਜੀ ਕੈਹਨ ਹਜ਼ੂਰ ਸਿੰਘ ਨੂੰ ਪਰੇ ਸਭ ਤੋਂ ਇਕ ਅਕਾਲ ਸੋਠਾ। ਰੋਜ਼ੀ ਜਿਸਮ ਨੂੰ ਸ਼ਿਕਮ ਦੇ ਵਿਚ ਦੇਂਦਾ ਧਰਨੀਧਰ ਭਗਵਾਨ ਦਿਯਾਲ ਸੋਠਾ। ਅੱਗ ਅੱਗ ਦੇ ਨਾਲ ਜਾ ਮੇਲ ਕਰਦੀ ਪੌਣ ਪੌਣ ਦੀ ਕਰੇ ਪੜਤਾਲ ਸੋਠਾ। ਪਾਣੀ ਪਾਣੀ ਦੇ ਨਾਲ ਸਮਾਇ ਜਾਂਦਾ ਅਕਾਸ ਜਾਏ ਅਕਾਸ ਦੀ ਚਾਲ ਸੋਠਾ। ਮਿਟੀ ਮਿਟੀ ਮੇਂ ਜਾਏ ਪ੍ਰਕਾਸ਼ ਕਰਦੀ ਕਾਲ ਸਕਦਾ ਨਾ ਕੋਈ ਟਾਲ ਸੋਠਾ। ਮਾਈ ਭੈਣ ਭਰਾ ਤੇ ਸਾਕ ਨਾਤਾ ਝੂਠੇ ਕੁਲ ਸੰਸਾਰ ਦੇ ਜਾਲ ਸੋਠਾ। ਮੈਹਲ

ਮੰਡਪ ਨਾ ਰੈਹਣ ਗੇ ਰਚਨ ਵਾਲੇ ਖੁਸ਼ੀ ਹੋਂਵਦਾ ਵੇਖ ਪਲਾਲ ਸੇਠਾ। ਬੂਟਾ ਸਿੰਘ ਕੈਂਹਦਾ ਮੂੰਹੋ ਰਾਮ ਕੈਹ ਲੈ ਛਈਂ ਆਪਨੇ ਆਪ ਨੂੰ ਭਾਲ ਸੇਠਾ॥

ਵਾਕ ਬਾਵਾ ਜੀ

ਸੁਨ ਉਪਦੇਸ਼ ਹਜੂਰ ਸਿੰਘ ਧਰਮ ਮੂਰਤ ਅਸੀ ਤੁਧ ਨੂੰ ਪਏ ਸਮਝਾਂਵਨੇ ਹਾਂ। ਜਲ ਦੀ ਭੀਤ ਤੇ ਪਵਨ ਦਾ ਜਾਨ ਥੰਭਾ ਰਕਤ ਬੂੰਦ ਕਾ ਗਾਰਾ ਬਤਾਂਵਨੇ ਹਾਂ। ਹਾਡ ਮਾਸ ਤੇ ਨਾੜੀਦਾ ਜਾਨ ਪਿੰਜਰ ਵਿਚ ਏਲਦਾ ਪੰਛੀ ਸੁਨਾਂ ਵੰਨੇ ਹਾਂ। ਮੇਰ ਤੇਰ ਪਰਾਹੁਣੇ ਕੇਹੀ ਕਰਨੀ ਰੈਣ ਕਟਕੇ ਗ਼ਾਹੀ ਉਠਾਂਵਨੇ ਹਾਂ। ਪੰਖੀ ਛੱਡਕੇ ਉਡਸੀ ਚੋਲਨੇ ਨੂੰ ਰੈਹਨਾ ਕਿਸੇ ਨਾ ਏਹ ਅਲਾਂਵਨੇ ਹਾਂ। ਕਈ ਛੱਡ ਮੁਸਾ ਫਰ ਨੇ ਟੁਰੇ ਐਥੋਂ ਸੋਦਾ ਸਚ ਦਾ ਨਹੀਂ ਕਮਾਂਵਨੇ ਹਾਂ। ਨਦੀ ਉਤੇ ਕੀ ਰੁਖੜਾ ਠੈਰ ਸੱਕੇ ਕਚੇ ਘੜੇ ਵਿਚ ਜਲ ਠੈਹਰਾਂਵਨੇ ਹਾਂ। ਨਹੀ ਕੁਝ ਵਿਸਾਹ ਇਕ ਪਲਕ ਦਾ ਹੈ ਮੰਡਪ ਮੈਹਲ ਪਏ ਕਈ ਬਨਾਵਨੇ ਹਾਂ। ਸਾਢੇ ਤਿੰਨ ਹਥ ਜਗਾ ਮੇਂ ਵਾਸ ਹੋਣਾ ਦੁਨੀਆਂ ਬਾਗ ਏਹ ਪੰਖੀ ਉਡਾ ਵਨੇ ਹਾਂ। ਜਰੇ ਅਤੇ ਜਵਾਹਰ ਨਾ ਨਾਲ ਜਾਵਣ ਮਾਲਕ ਕੂੜ ਦੇ ਪਏ ਸਦਾਵਨੇ ਹਾਂ। ਲੁਟ ਰਾਮ ਦੇ ਨਾਮਦੀ ਨਹੀ ਕੀਤੀ ਲੂਟਨ ਕੌਡੀਆਂ ਨੂੰ ਭੁਜੇ ਜਾਵਨੇ ਹਾਂ। ਕਈ ਛਡ ਬਜਾਰ ਨੂੰ ਗਏ ਬਣੀਏ ਇਸ ਚਿਤ ਨੂੰ ਨਹੀ ਸਮਝਾਵ ਨੇ ਹਾਂ। ਕਰ ਕੂਚ ਵਪਾਰੀ ਨੇ ਟੁਰੇ ਏਥੋਂ ਅਜੇ ਤਕ

ਧਿਆਨ ਨਾਂ ਲਾਵਨੇ ਹਾਂ । ਸਾਥੀ ਤੁਧ ਦੇ ਨਾਲ ਦੇ ਉਠ ਚਲੇ ਵਾਰੀ ਨਾਲ ਨਾਂ ਕਿਸੇ ਅਟਕਾਵਨੇ ਹਾਂ। ਹਜੂਰ ਸਿੰਘ ਨੂੰ ਬਾਵਾ ਜੀ ਕੈਹਨ ਸੋਠਾ ਜੜਾਂ ਵਢਕੇ ਛਾਯਾ ਨੂੰ ਚਾਵਨੇ ਹਾਂ। ਬੂਟਾ ਸਿੰਘ ਕਹੇ ਸੁਪਨੇ ਨੂੰ ਜਾਨ ਸਚਾ ਹੀਰਾ ਜਨਮ ਅਮੋਲ ਗੁਆਵਨੇ ਹਾਂ ॥

### ਵਾਕ ਸੂਦਾਰ ਹਜੂਰ ਸਿੰਘ ਜੀ

ਹਜੂਰ ਸਿੰਘ ਨੇ ਆਖਿਆ ਧੰਨ ਬਾਵਾ ਕਦਮ ਪਾਯਾ ਜੇ ਆਪ ਦਿਆਲ ਹੋਕੇ । ਜੋਗੀ ਨਹੀ ਮੈਂ ਜਾਨਿਆ ਦੇਵਤੇ ਹੋ ਦੁਨੀਆ ਤਾਰੀ ਏ ਆਪ ਨਿਹਾਲ ਹੋਕੇ। ਬੇ ਉਲਾਦਿਆਂ ਦੇਣ ਉਲਾਦ ਆਇਓਂ ਤੇਰੇ ਬੈਨ ਜਜੋਂ ਬੋਲੇ ਗੋਪਾਲ ਹੋਕੇ। ਝੂਠਾ ਜਾਨਿਆ ਤੁਸਾਂ ਪਦਾਰਥਾਂ ਨੂੰ ਖੁਸ਼ੀ ਰਖਨੀ ਮਨੋ ਕ੍ਰਿਪਾਲ ਹੋਕੇ। ਕਰਾਮਾਤ ਬਾਵਾ ਤੇਰੇ ਵਿਚ ਦਿਸੇ ਰੈਹਨਾਂ ਸਭ ਦੇ ਉਤੇ ਖੁਸ਼ਹਾਲ ਹੋਕੇ। ਮੇਰੇ ਉਤੇ ਵੀ ਦਯਾ ਦੀ ਦ੍ਰਿਸ਼ਟ ਕਰਨੀ ਅੰਗ ਸੰਗ ਰੈਹਨਾ ਮੇਰੇ ਨਾਲ ਹੋਕੇ। ਸੇਵਾ ਕਰਨੀ ਗ੍ਰਿਸਤੀ ਦਾ ਧਰਮ ਹੁੰਦਾ ਮਾਈ ਬਾਲਕਾਂ ਪਾਲੇ ਪ੍ਰਿਤਪਾਲ ਹੋਕੇ। ਮਾਨਸ ਜਨਮ ਕੋ ਪਾਇ ਨਾ ਸਾਧ ਸੇਵੇ ਮਰੇ ਠੀਕ ਬੇਹਾਲ ਚੰਡਾਲ ਹੋਕੇ। ਜਿਚਰ ਜੀਵਸਾਂ ਕਰਾਂ ਮੈਂ ਸੇਵ ਤੇਰੀ ਸੇਵਾ ਸੰਤਾਂ ਦੀ ਕਰਾਂ ਕਮਾਲ ਹੋਕੇ। ਰਸਤ ਪਾਣੀ ਦਾ ਪੂਰਾ ਪ੍ਰਬੰਧ ਕੀਤਾ ਹਜੂਰ ਸਿੰਘ ਨੇ ਮਨੋਂ ਨਿਹਾਲ ਹੋਕੇ। ਦੋਨੋ ਵਕਤ ਰਸੋਈ ਜਰੂਰ ਭੇਜੇ ਸੇਵਾ ਕਰਦਾ

ਰੰਗ ਗੁਲਾਲ ਹੋਕੇ। ਬੂਟਾ ਸਿੰਘ ਕਹੇ ਸੇਵਾ ਬਿਅੰਤ ਕੀਤੀ ਪਰਖ ਕੀਤੀ ਸੂ ਲਾਲ ਦੀ ਲਾਲ ਹੋਕੇ।

ਵਾਕ ਕਵੀ

ਸਫਲ ਕੀਤੀ ਨੇ ਸੇਵਾ ਹਜ਼ੂਰ ਸਿੰਘ ਦੀ ਕਈ ਭਾਂਤ ਦੇ ਲਾਏ ਨੇ ਫਲ ਸਾਂਈ। ਦੁਧ ਪੁਤ ਤੇ ਦੇਹ ਅਰੋਗ ਦਿਤੀ ਧਨ ਦਿਤਾ ਬੇਅੰਤ ਅਟੱਲ ਸਾਂਈ। ਧਰਮੀ ਪੁਰਸ਼ ਨੂੰ ਫਲ ਜਰੂਰ ਲਗਣ ਲਿਖਿਆ ਵੇਖ ਤੂੰ ਵੇਦ ਮੇਂ ਚਲ ਸਾਂਈ। ਨੇਕੀ ਨੇਕ ਦੀ ਕਰੇ ਸੰਸਾਰ ਸਾਰਾ ਮਸ਼ਹੂਰ ਏਹ ਜਗ ਤੇ ਗਲ ਸਾਂਈ। ਮਾਨਧਾਤ ਰਾਜਾ ਹੋਯਾ ਚ਼ਕਰ ਵਰਤੀ ਉਸਦੇ ਜੇਹਾ ਨਾ ਕਿਸੇ ਮੇਂ ਬਲ ਸਾਂਈ। ਕੁਲ ਦੇਸ ਤੇ ਓਸਦਾ ਹੁਕਮ ਚਲੇ ਰੋਕ ਲੈਂਦਾ ਸਮੁੰਦਰ ਦਾ ਜਲ ਸਾਂਈ। ਸਤ ਜਾਣ ਪਟਰਾਂਣੀਆਂ ਘਰੇ ਜਿਨਕੇ ਬੈਠਾ ਆਪ ਨੂੰ ਮੰਨ ਅਚਲ ਸਾਂਈ। ਸੱਤਾਂ ਮੈਹਲਾਂ ਮੇਂ ਹੁਕਮ ਤਿੰਸ ਰਾਵ ਕੀਤਾ ਕਰੋ ਭੋਜਨ ਇਹ ਮੇਰੀ ਹੈ ਗਲ ਸਾਂਈ। ਕਰੋ ਝਬਦੇ ਦੇਰ ਨਾ ਕੋਈ ਲਾਵੇ ਰਾਜੇ ਸਖਤ ਦਿਤਾ ਹੁਕਮ ਘਲ ਸਾਂਈ। ਆਪੋ ਆਪ ਰਸੋਈਆਂ ਲਿਆਓ ਜਲਦੀ ਹੋਰ ਕੰਮ ਨੂੰ ਦੀਜੀਏ ਠਲ ਸਾਂਈ। ਬੰਦਾ ਹੋਰ ਚਾਹੇ ਸਾਂਈ ਹੋਰ ਕਰਦਾ ਮੇਰੇ ਰਬ ਦੀ ਵਖਰੀ ਗਲ ਸਾਂਈ। ਜਿਧੀ ਹੋਈ ਰਸੋਈ ਸੁਆਦ ਵਾਲੀ ਉਸ ਦੇ ਕੰਚਨ ਦੇ ਕਰ਼ਾਂ ਮਹਲ ਸਾਂਈ। ਪਈਆਂ ਰਾਣੀਆਂ ਭੋਜਨ ਬਨਾਨ ਓਥੇ ਸੁਤ਼ਾ ਰਾਜਾ ਜੇ ਪਲ ਦੀ ਪਲ ਸਾਂਈ।

ਗਿਆ ਸੁਆਸ ਨਾਂ ਪਰਤਕੇ ਫੇਰ ਆਯਾ ਪਿਆ ਮੈਹਲਾਂ ਦੇ ਵਿਚ ਬਰਥਲ ਸਾਂਈ। ਛਡ ਚੇਲਨਾ ਰਾਜਾ ਪ੍ਰਲੋਕ ਗਿਆ ਠੰਢਾ ਹੋਯਾ ਸਰੀਰ ਜਿਉਂ ਜਲ ਸਾਂਈ। ਭੋਜਨ ਪਕਿਆ ਦਸ ਹੁਣ ਕੌਣ ਖਾਵੇ ਖਾਣ ਵਾਲਾ ਨਾ ਪਰ-ਤਿਆ ਵੱਲ ਸਾਂਈ। ਪਈਆਂ ਰਾਣੀਆਂ ਕੁਲ ਕੁਰਲਾਪ ਪਾਵਣ ਬੈਠੀਆਂ ਕੂਲ ਨੇ ਸਿੜੀ ਨੂੰ ਮੱਲ ਸਾਂਈ। ਆਸਾ ਮਨਸਾ ਤ੍ਰਿਸਨਾ ਵੌਥੀ ਬੁਧੀ ਖ੍ਰਮਾਰੀ ਪੰਜਵੀਂ ਦੇ ਵੈਣ ਵਲ ਸਾਂਈ। ਕੁਸੰਗੀ ਅਤੇ ਕੁਚੱਜੀ ਇਹ ਸੱਤ ਨਾਰਾਂ ਭੋਗ ਭੋਗਦਾ ਸੁਆਸ ਹੈ ਹਲ ਸਾਂਈ। ਮਨ ਰਾਜਾ ਤੇ ਸਤ ਇਹ ਰਾਣੀਆਂ ਨੇ ਫਿਰੇ ਸੁਆਦਾਂ ਵਲ ਮੂੜ ਇਹ ਖੱਲ ਸਾਂਈ। ਖਾਲ ਬਾਲ ਤਮਾਮ ਤੂੰ ਜਾਨ ਰਯਤ ਦਿਲ ਸਮੁੰਦਰ ਨੂੰ ਲਈਂ ਤੂੰ ਠੱਲ ਸਾਂਈ। ਕਰੇ ਆਪਣੇ ਆਪ ਦੀ ਭਾਲ ਪੈਹਲੇ ਕੂਲ ਛਡਕੇ ਵੱਲ ਤੇ ਛੱਲ ਸਾਂਈ। ਇਕ ਰੋਜ ਅਚਾਨਕੀ ਕਾਲ ਮਾਰੇ ਢੱਕੀ ਦਾਨਿਆਂ ਨੂੰ ਲੈਣਾਂ ਦਲ ਸਾਂਈ। ਚੰਦ ਰੋਜ਼ ਦਾ ਮੇਲ ਸੰਸਾਰ ਉਤੇ ਛਡ ਗਏ ਰਾਜਾ ਰਾਣੀ ਨਲ ਸਾਂਈ। ਆਸ਼ਾ ਰਖਦਾ ਪਰਬਤਾਂ ਜੇਡੀਆਂ ਜੋ ਦਿਨ ਵੇਖੇ ਨਾ ਗਿਆ ਹੈ ਢਲ ਸਾਂਈ। ਛਡੀ ਜਾਂਵਦੇ ਦੇਸ ਵਲੈਤ ਵਾਲੀ ਸੁੰਞੇ ਰਹਿਣਗੇ ਰੰਗ ਮਹੱਲ ਸਾਂਈ। ਜਾਣੀਂ ਅੰਤ ਨੂੰ ਘਟ ਨਜੀਰ ਲੋਕੋ ਵਿਚੋਂ ਨੇਤਰਾਂ ਚਲਸੀ ਜਲ ਸਾਂਈ। ਦੰਦ ਘਸ ਗਏ ਖਾਵੋਂ ਜਵਾਬ ਦਿਤਾ ਸੀਸਾ ਵੇਖ ਤੂੰ

ਵਾਲਾਂ ਦੀ ਵਲ ਸਾਂਈ । ਵੇਖ ਕਾਲਿਓਂ ਹੋਏ ਸਫੈਦ ਤੇਰੇ ਅਜੇ ਬਹੇਂ ਹਵੇਲੀਆਂ ਮੱਲ ਸਾਂਈ ॥ ਛੱਡ ਚੋਲਨਾ ਭੌਰ ਜਾਂ ਪੰਧ ਪੈਸੀ ਫੇਰ ਰਖਨਾ ਕਿਸੇ ਨਾ ਪਲ ਸਾਂਈ। ਅਜ ਫਿਰੇਂ ਤੂੰ ਸਾਂਮਦਾ ਦੌਲਤਾਂ ਨੂੰ ਪਤਾ ਨਹੀਂ ਕੀ ਹੋਵਨਾ ਕੱਲ ਸਾਂਈ। ਆ ਵਾਸਤਾ ਰੱਬ ਦਾ ਭਜਨ ਕਰ ਲੈ ਦਿਲ ਮੇਂ ਰਹੇ ਨਾ ਅੰਤ ਨੂੰ ਸੱਲ ਸਾਂਈ। ਬੂਟਾ ਸਿੰਘ ਵੀ ਕੂਕ ਕੇ ਸੱਚ ਕੈਂਹਦਾ ਇਕ ਦਿਨ ਮਿਟੀ ਮੇਂ ਜਾਵਨਾਂ ਰਲ ਸਾਂਈ॥ ਤਥਾ

ਹਜ਼ੂਰ ਸਿੰਘ ਸੂਦਾਰ ਨਿੱਤ ਕਰੇ ਸੇਵਾ ਭੋਜਨ ਭੇਜਦਾ ਛਤੀ ਪਕਵਾਨ ਲੋਕੋ। ਦੁਧ ਭੇਜ ਦਾ ਰਾਤ ਨੂੰ ਕਾੜ੍ਹਕੇ ਤੇ ਸੁਭਾ ਵਕਤ ਜੋ ਕੱਚਾ ਪੁਚਾਨ ਲੋਕੋ। ਜਿਤਨੇ ਆਂਵਦੇ ਸਾਧ ਫਕੀਰ ਡੇਰੇ ਭੋਜਨ ਘਲ ਦਾ ਸਾਧੂ ਜੋ ਖਾਨ ਲੋਕੋ। ਆਠੋ ਜਾਮ ਕਰਤਾਰ ਦਤਾਰ ਜਪਦਾ ਵਿਚ ਭਜਨ ਦੇ ਰਹੇ ਗਲਤਾਨ ਲੋਕੋ। ਟੁੰਡੇ ਸ਼ਸਤ੍ਰਨੂੰ ਪਕੜ ਕੀ ਯੁਧ ਕਰਨਾ ਲੰਗੜੇ ਚੜ੍ਹ ਪਹਾੜ੍ਹ ਕੀ ਜਾਨ ਲੋਕੋ। ਬੋਲੇ ਜਾਵਨਾ ਕਥਾ ਕੀ ਸੁਨਣ ਕਾਰਣ ਗੂੰਗੇ ਰਾਗ ਨੂੰ ਕਦੇ ਨਾ ਗਾਨ ਲੋਕੋ। ਅੰਧੇ ਵੇਖਨਾ ਦਸ ਕੀ ਹੀਰਿਆਂ ਨੂੰ ਸ਼ੇਰ ਬਾਜ਼ ਕੀ ਘਾਸ ਨੂੰ ਖਾਨ ਲੋਕੋ। ਮਾਯਾ ਵਿਚ ਗਲਤਾਨ ਸੋ ਜਾਨ ਬੋਲਾ ਜਿਨੇ ਛੱਡਜਾ ਭਜਨ ਭਗਵਾਨ ਲੋਕੋ । ਟੁੰਡਾ ਸੋ ਜਿਸ ਦਾਨ ਨਾ ਕਦੇ ਕੀਤਾ ਹੋਨਾ ਵਿਚ ਪ੍ਰਲੋਕ ਨਸ਼ਾਨ ਲੋਕੋ। ਲੰਗੜਾ ਸੋ ਜੋ ਨਹੀਂ ਸਤ ਸੰਗ ਕਰਦਾ

ਜਾਂਦਾ ਕਦੇ ਨਾ ਧਰਮ ਅਸਥਾਨ ਲੋਕੋ । ਗੁੰਗਾ ਸੋ ਜੋ ਨਹੀ ਗੁਰਦੇਵ ਧਾਰੇ ਮੰਨਨ ਕਰੇਨਾ ਵੇਦਭਗਵਾਨ ਲੋਕੋ। ਅੰਧਾ ਸੋ ਜੋ ਖਸਮ ਤੋਂ ਫਿਰੇ ਘੁਥਾ ਲਾਵੇ ਨਾਮ ਦੀ ਵਲ ਨਾ ਧਿਆਨ ਲੋਕੋ। ਰਸਨਾ ਜਪੇ ਨਾ ਨਾਮ ਮਹਾਰਾਜ ਵਾਲਾ ਤਿਲ ਤਿਲ ਕਰ ਕਟੋ ਜ਼ੁਬਾਨ ਲੋਕੋ। ਕੰਨ ਸੁਨਨ ਨਾ ਕਥਾ ਹਰਨਾਮ ਵਾਲੀ ਸਿਕਾ ਢਾਲ ਦੇਓ ਵਿਚ ਮਹਾਂਨ ਲੋਕੋ। ਹਜ਼ੂਰ ਸਿੰਘ ਨੇ ਸੇਵਾ ਬੇਅੰਤ ਕੀਤੀ ਲਾਇ ਸਕੇ ਨਾ ਜੀਭ ਬਿਆਨ ਲੋਕੋ । ਹਜ਼ੂਰ ਸਿੰਘ ਸੁਦਾਰ ਨੇ ਤੇਗ ਮਾਰੀ ਸਾਥੀ ਸਮਝਿਆ ਧਰਮ ਈਮਾਨ ਲੋਕੋ । ਟਿਕਟਾਂ ਸਾਧੂਆਂ ਨੂੰ ਲੈਕੇ ਆਪ ਦੇਂਦਾ ਵਿਚ ਰੇਲ ਦੇ ਕਰੇ ਰਵਾਨ ਲੋਕੋ। ਅਸੀਸਾਂ ਦੇਂਵਦੇ ਤੀਰਥੀਂ ਜਾਇਵੜਦੇ ਹਜ਼ੂਰ ਸਿੰਘ ਦਾ ਜਸ ਜਹਾਨ ਲੋਕੋ । ਹਜ਼ੂਰ ਸਿੰਘ ਦੇ ਹਾਲ ਨੂੰ ਬੰਦ ਕਰੀਏ ਕਰੀਏ ਹੋਰਦੇ ਨਾਲ਼ ਗਿਆਨ ਲੋਕੋ। ਬੂਟਾ ਸਿੰਘ ਕੈਂਹਦਾ ਧਰਮੀ ਜੀਂਵਦੇ ਨੇ ਹੋਏ ਨਾਮ ਤੋਂ ਜੇਹੜੇ ਕੁਰਬਾਨ ਲੋਕੋ॥

### ਵਾਕ ਕਵੀ

ਸੁੰਦਰ ਲਾਲ ਮਸ਼ਹੂਰ ਹੈ ਛਾਬੜਾ ਜੋ ਮੂਰਤ ਧਰਮ ਦੀ ਵਿਚ ਜਹਾਨ ਭਾਈ । ਕਈਆਂ ਪਿੰਡਾਂ ਦਾ ਵਾਲੀ ਤੇ ਚੌਧਰੀ ਸੀ ਹਰ ਇਕ ਸ਼ੈਹਰ ਮੇਂ ਜਿਦੀ ਦੁਕਾਨ ਭਾਈ। ਅਬੋਰ ਬੰਗਲਾ ਮੁਕਤਸਰ ਤੇ ਗਿਦੜਵਾਹਾ ਮੁਨੀਮ ਸ਼ੈਹਰਾਂ ਮੇਂ ਕੰਮ ਭੁਗਤਾਨ ਭਾਈ। ਕੁਛ ਰੋਕੜ ਦਾ ਅੰਤ

ਹਿਸਾਬ ਨਾਹੀ ਪਏ ਪੇਟੀਆਂ ਦੇ ਵਿਚ ਪਾਨ; ਭਾਈ। ਨਹੀਂ ਗਿਨੇ ਜਾਂਦੇ ਪਏ ਤੋਲਦੇ ਨੀ ਥੈਲੀ ਪਕੜਕੇ ਕਈ ਉਲਟਾਨ ਭਾਈ। ਰਖੇ ਕਈ ਗੁਮਾਸ਼ਤੇ ਵਿਚ ਸ਼ੈਹਰਾਂ ਹੱਟੀ ਆੜਤ ਦੀ ਪਏ ਚਲਾਨ ਭਾਈ। ਮਲੋਟ ਛਾਬੜਿਆਂ ਵਾਲਾ ਸੰਸਾਰ ਕੈਂਹਦਾ ਥਾਨਾ ਵਿਚ ਮਲੋਟ ਦੇ ਜਾਨ ਭਾਈ। ਡਿਠੇ ਨਹੀਂ ਮੈਂ ਸੁਨੇ ਨੇ ਨਾਲ ਕੰਨਾਂ ਸੁੰਦਰ ਲਾਲ ਦੇ ਕਈ ਮਕਾਨ ਭਾਈ। ਦੋਛੱਤੇ ਚੁਬਾਰੇ ਤੇ ਬੈਠਕਾਂ ਨੇ ਪਸੂਆਂ ਵਾਸਤੇ ਛੱਤੇ ਦਲਾਨ ਭਾਈ। ਬੁਰਜ ਅਤੇ ਅਟਾਰੀਆਂ ਜੜੇ ਸੀਸੇ ਦੂਰੋਂ ਵੇਖੀਏ ਪਏ ਸੁਹਾਨ ਭਾਈ। ਉਠ ਡਾਚੀਆਂ ਘੋੜੀਆਂ ਬਘੀਆਂ ਜੇ ਬਲਦ ਖੜੇ ਜੇ ਕਈ ਬਲਵਾਨ ਭਾਈ। ਗਊਆਂ ਮਝੀਆਂ ਲੱਗੇ ਸੁਮਾਰ ਨਾਹੀਂ ਲੋਕ ਵੇਖਕੇ ਹੋਣ ਹਰਾਨ ਭਾਈ। ਘੋੜੇ ਸੁੰਦਰ ਜਿਉਂ ਅਰਬ ਇਰਾਨ ਵਿਚੋਂ ਚਲਨ ਤੇਜ ਰਫਤਾਰ ਮਹਾਨ ਭਾਈ। ਹਾਤਾ ਘੋੜਿਆਂ ਵਾਸਤੇ ਵਖਰਾ ਜੇ ਸੁੰਦਰ ਕਾਠੀਆਂ ਸਾਜ ਸਮਾਨ ਭਾਈ। ਮੁਲ ਕਾਠੀ ਦਾ ਹੋਵੇ ਹਜਾਰ ਜੇਕਰ ਕੀਮਤ ਘੋੜੇ ਦੀ ਕਰਾਂ ਕੀ ਬਿਜਾਨ ਭਾਈ। ਰਖੇ ਨੌਕਰ ਨੇ ਪਸੂਆਂ ਦੇ ਸਾਂਭਨੇ ਨੂੰ ਪਸੂ ਸੁਖੀ ਜੋ ਰੋਜ ਪਏ ਨਾਨ ਭਾਈ। ਸੁੰਦਰ ਲਾਲ ਨੇ ਬਾਗ ਸਵਾਰ ਲੁ ਆਯਾ ਮਾਲੀ ਛਾਂਗਕੇ ਰਖਦਾ ਟਾਨ ਭਾਈ। ਵੜੀਏ ਜੇ-ਕਰਾਂ ਜਾਇਕੇ ਬਾਗ ਅੰਦਰ ਕੋਈ ਬਾਸ ਨਾ ਏਹਦੇ ਸਮਾਨ ਭਾਈ। ਲਾਹੌਰ ਕੋਇਟੇ ਵਿਚ ਵੀ ਬਾਗ ਬਹੁਤੇ ਤੁਲ ਏਸ

ਦੇ ਹੋਰ ਨਾ ਆਨ ਭਾਈ। ਛੜਕ ਬਾਗ ਦੇ ਨਾਲ ਦੀ ਚਲ ਦੀ ਜੇ ਰਾਹੀ ਆਨਕੇ ਕਰਨ ਅਰਮਾਨ ਭਾਈ। ਰਖੇ ਸਾਦਾ ਲਿਬਾਸ ਨਾ ਮੜਕ ਕੋਈ ਸਾਧੂ ਸੰਤ ਦਾ ਰਖੇ ਧਿਆਨ ਭਾਈ। ਕਥਾ ਸੁਨੇ ਗੁਰੂ ਗ੍ਰੰਥ ਦੀ ਪ੍ਰੇਮ ਲਾਕੇ ਮੰਨੇ ਠੀਕ ਜੋ ਵੇਦ ਭਗਵਾਨ ਭਾਈ। ਮਹੰਤ ਸੰਤ ਨੇ ਉਤਰ ਦੇ ਬੂਹੇ ਇਨਕੇ ਧੰਨ ਇਹਨਾ ਦਾ ਥਾਨ ਅਸਥਾਨ ਭਾਈ। ਜਿਥੇ ਸਾਧ ਅਭਯਾਗਤ ਦੀ ਨਹੀਂ ਸੇਵਾ ਸੋਈ ਜਾਨੀਏ ਭੂਮ ਮਸਾਨ ਭਾਈ। ਜਤੀ ਸਤੀ ਧਨਾਢ ਗੰਭੀਰ ਪੂਰਾਂ ਦਾਨੀ ਲੋਗ ਭਾਰੀ ਭਾਗਵਾਨ ਭਾਈ। ਸ਼ੈਹਰ ਵਿਚ ਜਿਤਨੇਸਾਧੂ ਸੰਤ ਹੋਵਨ ਹਰ ਇਕ ਨੂੰ ਦੇਂਵਦਾ ਦਾਂਨ ਭਾਈ। ਵਿਚ ਉਜਾੜ ਦੇ ਖੂਹੇ ਲੁਆਏ ਇਸਨੇ ਪਿਆਸੇ ਪੀਕੇ ਖੁਸ਼ੀ ਹੋ ਜਾਨ ਭਾਈ। ਕਈਆਂ ਛੇਤ੍ਰਾਂ ਵਿਚ ਜਾ ਦਾਨ ਕਰਦਾ ਦੇਂਦਾ ਕਰਕੇ ਜਾਨ ਪਛਾਨ ਭਾਈ। ਸਵਾਲੀ ਮੰਗ ਤਾ ਕਦੇ ਨਾ ਜਾਵੇ ਖਾਲੀ ਭੁਖੇ ਪਿਆਸਿਆਂ ਲਈ ਸੀ ਖਾਨ ਭਾਈ। ਕਈ ਰਖੇ ਮੁਜਾਰੇ ਜਮੀਨ ਵਾਵਣ ਤੇਜ ਸ਼ਾਹ ਦਾ ਵਾਂਗਰਾਂ ਭਾਨ ਭਾਈ। ਸੁੰਦਰ ਲਾਲ ਦਾ ਰੂਪ ਸਰੂਪ ਸੁੰਦਰ ਲੰਮਾਂ ਕੱਦ ਤੇ ਭਾਰੀ ਜੁਆਨ ਭਾਈ। ਮਾਰੇ ਧਰਮ ਦੀ ਤੇਗ ਨਾ ਫਰਕ ਕਰਦਾ ਸਿਰ ਧਰਮ ਤੋਂ ਕਰੇ ਕੁਰਬਾਨ ਭਾਈ। ਜੀਵਨ ਧਰਮ ਦੇ ਬਾਝ ਹਰਾਮ ਹੁੰਦਾ ਲਿਖਿਆ ਵੇਖਲੈ ਵਿਚ ਕੁਰਾਨ ਭਾਈ। ਆਜਜ ਅਤੇ ਯਤੀਮ ਦੁਖਯਾਰਿਆਂ ਦਾ ਦਰਦ ਵੰਡਦਾ ਹੋਇ ਮੇਹਰ

ਥਾਨ ਭਾਈ। ਗਊਸ਼ਾਲਾ ਮੈਂ ਭੇਜਦਾ ਐਨ ਬਹੁਤਾ ਸਾਂਭੇ ਬੁਢੇ ਵੀ ਬੈਲ ਹਵਾਨ ਭਾਈ। ਟਿਕਟਾਂ ਸਾਧੂਆਂ ਨੂੰ ਲੈਕੇ ਆਪ ਦੇਂਦਾ ਸਾਧੂ ਤੀਰਥੀਂ ਕਰਨ ਇਸਨਾਨ ਭਾਈ। ਜੈ ਜੈ ਕਾਰ ਸੰਸਾਰ ਤੇ ਹੋਈ ਸਾਹਿ ਇਸ ਜਿਲੇ ਮੇਂ ਸ਼ਾਹ ਪ੍ਰਵਾਨ ਭਾਈ। ਸੁੰਦਰ ਲਾਲ ਦੇ ਪੰਜ ਕੁਮਾਰ ਜਾਣੋ ਗੋਪੀ ਰਾਮ ਜੋ ਵਡੇ ਸਦਾਨ ਭਾਈ। ਬਹਾਦਰ ਚੰਦ ਸੁਦਾਗਰ ਚੰਦ ਬੂਲ ਚੰਦ ਜੀ ਨਿਆਮਤ ਰਾਇ ਨੂੰ ਪੰਜਵਾਂ ਜਾਨ ਭਾਈ। ਬਹਾਦਰ ਚੰਦ ਜੋ ਬੰਗਲੇ ਵਿਚ ਰੈਂਦਾ ਕੁਛ ਓਸ ਦਾ ਕਰਾਂਗੇ ਬਿਆਨ ਭਾਈ। ਚਾਰ ਪੈਹਰ ਜੂ ਧੰਧੇ ਨੂੰ ਪਿਟਨਾਏ ਆਖਰ ਵਾਸ ਹੈ ਭੂਮ ਮਸਾਨ ਭਾਈ। ਬੂਟਾ ਸਿੰਘ ਕੈਂਦਾ ਸਿਮਰੋ ਰੱਬ ਸੱਚਾ ਜਿਸਦੇ ਸਿਮਰਿਆਂ ਹੋਵੇ ਕਲਜਾਨ ਭਾਈ॥

ਤਥਾ

ਬਹਾਦਰ ਚੰਦ ਮੈਂਬਰ ਵਿਚ ਸ਼ੈਹਰ ਵਸੇ ਭਲਾਲੋਕ ਤੇ ਸਖੀ ਦਤਾਰ ਬਾਵਾ। ਪਿਤਾ ਆਪਨੇ ਦੀ ਚੱਲੇ ਚਾਲ ਉਤੇ ਸਾਧ ਸੰਤ ਦਾ ਆਗਿਆ ਕਾਰ ਬਾਵਾ। ਕਿਸ਼ਨ ਦਾਸ ਨੂੰ ਰੋਜ ਏਹ ਮਿਲਨ ਜਾਵੇ ਲਿਆ ਨੇਤਰੀਂ ਮੈਨੇ ਨਿਹਾਰ ਬਾਵਾ। ਸੇਵਾ ਕਰਨ ਨੂੰ ਰਹੇ ਤਿਯਾਰ ਹਰ ਦਮ ਨਹੀਂ ਮਨੋ ਭੁਲਾਵਨੇ ਹਾਰ ਬਾਵਾ। ਦੁਖ ਸੁਖ ਦੀ ਲਵੇ ਸਮਾਲ ਜਾਕੇ ਸਾਧੂ ਸੰਤ ਦੇ ਪੂਜਨੇ ਹਾਰ ਬਾਵਾ। ਕਈ ਸਾਲ ਗੁਜਰੇ ਸੇਵਾ ਕਰਦਿਆਂ ਨੂੰ ਭਾਣਾ ਰੱਬ ਦਾ ਅਪਰ

ਅਪਾਰ ਬਾਵਾ। ਤਿੰਨ ਸਾਲ ਪਿਛੋਂ ਰੌਲਾ ਮੈਂਬਰਾਂ ਨੂੰ
ਅਖਾਂ ਨਾਲ ਡਿਠਾ ਦੋਏ ਵਾਰ ਬਾਵਾ। ਮੋਹਰੀ ਲਾਲ ਤੇ
ਕਰਮ ਚੰਦ ਸਾਕ ਸੱਕੇ ਆਪਸ ਵਿਚ ਬੈਂਹਦੇ ਰੌਲਾ ਮਾਰ
ਬਾਵਾ। ਰੌਲਾ ਮੈਂਬਰੀ ਦਾ ਜਦੋਂ ਪੈਣ ਲੱਗਾ ਚਿਤ ਸ਼ਾਹ
ਵਾਲਾ ਅਵਾਜਾਰ ਬਾਵਾ। ਹੋਯਾ ਚਿਤ ਉਦਾਸ ਤੇ ਫਿਕਰ
ਭਾਰੀ ਚਿੰਤਾ ਸੌਣਨੂੰ ਦਿਤਾ ਵਿਸਾਰ ਬਾਵਾ। ਖਾਣਾ ਸੋਵਨਾ
ਕੰਮ ਨਾ ਕਾਰ ਸੁਝੇ ਇਜ਼ਤ ਰਖੇ ਮੇਰੀ ਸਿਰਜਨ ਹਾਰ
ਬਾਵਾ। ਬਹਾਦਰ ਚੰਦਨੂੰ ਸੋਚ ਵਿਚਾਰ ਏਹੋ ਇਜ਼ਤ ਬਾਝ
ਹੈ ਬੰਦਾ ਖੁਆਰ ਬਾਵਾ। ਜਿਸ ਮਰਦ ਦੀ ਆਨ ਕੇ ਹੋਵੇ
ਹਾਨੀ ਉਸ ਦਾ ਜੀਵਨਾ ਵਾਂਗ ਮੁਰਦਾਰ ਬਾਵਾ। ਸ਼ੈਹਰ
ਬੰਗਲੇ ਦਾ ਮੈਂਬਰ ਹਟਾਂ ਜੇਕਰ ਹਾਨੀ ਹੋਵਸੀ ਵਿਚ
ਸੰਸਾਰ ਬਾਵਾ। ਨਾਮ ਪਿਤਾ ਦੇ ਨੂੰ ਵਟਾ ਲਗ ਜਾਸੀ
ਆਦੀ ਸ਼ਾਹ ਕੁਲ ਜਗਤ ਤੇ ਜ਼ਾਹਰ ਬਾਵਾ। ਮਰਨਾ
ਜੀਵਨਾ ਹਾਨ ਤੇ ਲਾਭ ਲੋਕੋ ਕੁਲ ਰੱਬਦੇ ਹੈਨ ਅਖਤਿ
ਯਾਰ ਬਾਵਾ। ਧੰਨ ਵੰਤਿਆਂ ਕਰੇ ਕੰਗਾਲ ਹਰ ਜੀ ਬੜਾ
ਬੇਅੰਤ ਹੈ ਸ੍ਰੀ ਕਰਤਾਰ ਬਾਵਾ। ਨਿਰਧਨ ਨੂੰ ਸ਼ਾਹਬਨਾਨ
ਲੱਗਾ ਇਕ ਪਲਕ ਦੀ ਲਾਵੇ ਨਾ ਵਾਰ ਬਾਵਾ।
ਧਰਮ ਪੁਰਸ਼ ਦਾ ਹੁੰਦਾ ਉਪਾਉ ਕਰਨਾ ਫਲਦੇਵਣੇਹਾਰ
ਦਤਾਰ ਬਾਵਾ। ਬੂਟਾ ਸਿੰਘ ਕੈਂਹਦਾ ਕਿਉਂ ਨਹੀ ਸੋਚ ਦਾ
ਤੂੰ ਸਮਾ ਕੀਮਤੀ ਕੀਤਾ ਬੇਕਾਰ ਬਾਵਾ॥

## ਬਹਾਦਰ ਚੰਦ ਕਾ ਸੋਚ ਮੇਂ ਕ੍ਰਿਸ਼ਨ ਦਾਸ ਕੋ ਮਿਲਨੇ ਜਾਨਾ

ਬਹਾਦਰ ਚੰਦ ਨੇ ਬੈਠ ਵਿਚਾਰ ਕੀਤੀ ਕਿਸ਼ਨ ਦਾਸ ਦੇ ਨਾਲ ਪਿਆਰ ਮੇਰਾ। ਭਲਾ ਦਸੇ ਕੋਈ ਵਿਧੀ ਜੋ ਜਾਪ ਵਾਲੀ ਕੰਮ ਸੁਧਰ ਸੀ ਨਾਲ ਹਿਤਕਾਰ ਮੇਰਾ। ਸੋਚਾਂ ਸੋਚ ਦਾ ਜਾਂਵਦਾ ਪਾਸ ਬਾਵੇ ਕਰੋ ਅਜ ਤੁਸੀ ਸਤਕਾਰ ਮੇਰਾ। ਡੇਰੇ ਵਿਚ ਜਾ ਸੀਸ ਝੁਕਾਇ ਬੈਠਾ ਦੁਖ ਦੀਜੀਏ ਆਪ ਨਿਵਾਰ ਮੇਰਾ। ਭਗਵਾ ਭੇਖ ਤੇ ਆਪ ਹੋ ਨਾਗ ਕਾਲੇ ਚਿਤ ਜਾਣੀਏ ਵਿਚ ਵਿਚਾਰ ਮੇਰਾ। ਬੇੜਾ ਵਿਚ ਸਮੁੰਦ੍ਰ ਦੇ ਡੋਲਦਾਏ ਕ੍ਰਿਪਾ ਧਾਰਕੇ ਕੀਜੀਏ ਪਾਰ ਮੇਰਾ। ਜੇਕਰ ਜਗਤ ਦੇ ਵਿਚ ਨਾ ਲਾਜ ਰਖੋ ਕੀ ਕਰੋ ਪ੍ਰਲੋਕ ਉਧਾਰ ਮੇਰਾ। ਛੱਡ ਜਗਤ ਦੀ ਆਸ ਸੁਆਲ ਕੀਤਾ ਕਰੋ ਸੁਆਲ ਪੂਰਾ ਕ੍ਰਿਪਾ ਧਾਰ ਮੇਰਾ।ਲੋਕ ਕਰਨ ਖੁਸ਼ਾਮਤਾਂ ਗਰਜ ਪਿਛੇ ਗਰਜ ਪੂਰੀ ਕਰਸੀ ਸਿਰਜਨਹਾਰ ਮੇਰਾ।ਛੱਡਦਿਤੀ ਹੈ ਕਾਨ ਜਹਾਨ ਵਾਲੀ ਕਾਨ ਰੱਬ ਦੀ ਜੇਹੜਾ ਦਤਾਰ ਮੇਰਾ। ਯਾ ਕਾਨ ਹੈ ਸਾਧੂਆਂ ਪੂਰਿਆਂ ਦੀ ਜਿਨਾ ਰਮਜ ਸੇ ਸਮਝਿਆ ਯਾਰ ਮੇਰਾ। ਨਹੀਂ ਕਰਾਂ ਖੁਸ਼ਾਮਤਾਂ ਮੂਲ ਜਾਕੇ ਕਰਸੀ ਕੰਮ ਓਹ ਪ੍ਰਵਦਿਗਾਰ ਮੇਰਾ। ਸਾਧੂਧੰਨ ਜੋ ਜਪਨ ਕਰਤਾਰਤਾਂਈਜਾਵੇਉਨਹਾਂ ਤੋਂ ਰਬਬਲਹਾਰਮੇਰਾ॥ ਜੇਹੜੇ ਰਾਧਕਾਂ ਦਾ ਰੂਪ ਧਾਰ ਬੈਠੇ ਜਿਨਾਂ ਸਮਝਿਆ ਕ੍ਰਿਸ਼ਨ ਮੁਰਾਰ ਮੇਰਾ। ਨਹੀ ਕਰਨ ਪਰਵਾਹ ਓਹ

ਰੂਪ ਜਹਰ ਕਰਨਾ ਮਸਕਰੀ ਤੇਰੀ ਸਲਾਹ ਬਾਵਾ। ਕਾਨ ਗੋਪੀਆਂ ਨਾਲ ਬਿਲਾਸ ਜੈਸੇ ਤੇਰੀ ਮੂਢ ਦੀ ਓਹੀ ਅਦਾ ਬਾਵਾ। ਬਹਾਦਰ ਚੰਦ ਨੇ ਏਤਨੀ ਗਲ ਆਖੀ ਕਿਸ਼ਨ ਦਾਸ ਨੇ ਕੀਤੀ ਸਲਾਹ ਬਾਵਾ। ਬੂਟਾ ਸਿੰਘ ਕੈਂਹਦੇ ਕਾਰਜ ਰਾਸ ਉਨਕੇ ਜਿਨ ਪਰ ਸਾਧ ਕੀ ਮੇਹਰ ਨਿਗਾਹ ਬਾਵਾ॥

ਉਪਦੇਸ਼ ਬਾਵੇ ਕਿਸ਼ਨ ਦਾਸ ਨੇ
ਦੇਨਾ ਬਹਾਦਰ ਚੰਦ ਛਾਬੜੇ ਕੋ॥

ਕਿਸ਼ਨ ਦਾਸ ਜੀ ਦੇਨ ਉਪਦੇਸ਼ ਲਗੇ ਬਹਾਦਰਚੰਦ ਸੁਨਦਾ ਧਰਕੇ ਧਿਆਨ ਭਾਈ। ਕੁੰਭ ਬਾਝ ਨਾ ਜਲ ਨੇ ਠੈਹਰਨਾਇ ਬਿਨਾ ਭਜਨ ਬਿਰਥਾ ਜਨਮ ਜਾਨ ਭਾਈ। ਜਾਰਊ ਤਿਸੇ ਜੋ ਰਾਮ ਨਾ ਸਿਮਰਦਾਈ ਬਿਨਾ ਭਜਨ ਦੇ ਵਾਂਗ ਹੈਵਾਨ ਭਾਈ। ਮੇਘ ਬਾਝ ਜਿਉਂ ਖੇਤੀਆਂ ਜਾਨ ਐਵੇਂ ਘੁੰਡੀ ਬਾਝ ਕੀ ਗੰਠ ਚੜ੍ਹਾਨ ਭਾਈ। ਮਾਲਾ ਸੂਤਰ ਦੇ ਬਾਝ ਪ੍ਰੋਪਨਾ ਕੀ ਗੁਰਾਂ ਬਾਝ ਨਾ ਹੋਵੇ ਗਿਆਨਭਾਈ। ਮਾਤ ਪਿਤਾ ਬਿਨ ਬਾਲ ਨਾ ਹੋਣ ਪੈਦਾ ਜੀਲ ਬਾਝ ਰੱਬਾ ਬਨਾ ਜਾਨ ਭਾਈ। ਸਾਬਨ ਬਾਝ ਨਾ ਬਸਤਰ ਸੁਫੈਦ ਹੁੰਦੇ ਮਛੀ ਜਲ ਬਿਨਾ ਦੇਂਵਦੀ ਪ੍ਰਾਣ ਭਾਈ। ਰੈਣ ਸੋਭ ਦੀ ਚੰਦ੍ਰਮਾਂ ਬਾਝ ਨਾਹੀਂ ਜਗਨ ਤੇਲ ਬਿਨ ਨਾ ਸ਼ਮਾਂ ਦਾਨ ਭਾਈ। ਜਿਹਵਾ ਰੋਗਨੇ ਮੱਛ ਖੁਆਰ ਕੀਤੇ ਕੁੰਡੀ ਸੰਘ ਦੇ ਵਿਚ ਫਸਾਨ ਭਾਈ। ਪੈਰ ਧਰੇ ਤੇ ਸਾਸ ਤੂੰ ਲਵੇਂ

ਲੇਖੇ ਕਿਸੀ ਰੋਜ ਨਾ ਕੋਈ ਇਨਸਾਨ ਭਾਈ । ਹਾਥੀ ਪਕੜਿਆ ਜਾਂਵਦਾ ਕਾਮ ਪਿਛੇ ਬਾਂਦਰ ਲੋਭ ਦੇ ਵਸ ਨਚਾਨ ਭਾਈ।ਕੰਨ ਰਸ ਨੇ ਮ੍ਰਿਗ ਨੂੰ ਮਾਰ ਲੀਤਾ ਜੁਆਰੀ ਕੌਡੀਆਂ ਪਕੜ ਹਰਾਨ ਭਾਈ। ਮਾਤਾ ਪ੍ਰੀਤ ਜਿਉਂ ਬਾਲ ਦੇ ਨਾਲ ਕਰਦੀ ਚੋਰ ਸੇਠ ਦੀ ਹਟ ਤਕਾਨ ਭਾਈ। ਜਲ ਪੀਵਨੇ ਬਾਝ ਨਾ ਤ੍ਰਿਖਾ ਮਿਟਦੀ ਦੀਵਾ ਦੇਖ ਪਤੰਗ ਦੇ ਪ੍ਰਾਣ ਭਾਈ।ਪਾਵਕ ਸੰਗ ਜਿਉਂ ਸੀਤ ਦਾ ਨਾਸ ਹੁੰਦਾ ਸੰਤ ਸੰਗ ਤੇ ਕਸਟ ਮਿਟਾਨ ਭਾਈ। ਸੂਰਜ ਬਾਝ ਨਾ ਚਕਵੀ ਦਾ ਮੇਲ ਹੁੰਦਾ ਚਾਤ੍ਰਿਕ ਬੂੰਦ ਦਾ ਧਰਨ ਧਿਆਨ ਭਾਈ। ਅਮਲੀ ਅਮਲ ਨੂੰ ਵੇਖ ਪ੍ਰਸੰਨ ਹੁੰਦਾ ਸਾਧੂ ਸਿਮਰ ਦੇ ਤਿਵੇਂ ਭਗਵਾਨ ਭਾਈ। ਫੁਲ ਨਾਲ ਜਿਉਂ ਭਵਰ ਪਰੀਤ ਕਰਦਾ ਸਾਧੂ ਸਿਮਰਦੇ ਨਾਮ ਪਰਧਾਨ ਭਾਈ। ਕੋਕਲ ਅੰਬ ਦੇ ਨਾਲ ਪਰੀਤ ਜੈਸੇ ਸਾਧੂ ਰਬ ਤੋਂ ਹੋਏ ਕੁਰਬਾਨ ਭਾਈ। ਬੂਟਾ ਸਿੰਘ ਬਲਿਹਾਰ ਕੁਲ ਸਾਧੂਆਂ ਤੋਂ ਸਰਧਾ ਸਾਧੂਆਂ ਉਤੇ ਮਹਾਨ ਭਾਈ ॥

### ਵਾਕ ਬਹਾਦਰ ਚੰਦ

ਤੇਰੇ ਬਚਨ ਸੁਣ ਕੇ ਚਿਤ ਖੁਸ਼ੀ ਹੋਯਾ ਮੇਰੇ ਕਟ ਕਲੇਸ ਤਮਾਮ ਬਾਵਾ। ਜਿਵੇਂ ਤੁਧ ਨੂੰ ਲਗਨ ਹਰਨਾਮ ਵਾਲੀ ਗਰਜ਼ ਮੁਝ ਨੂੰ ਨਾਲ ਹੈ ਕਾਮ ਬਾਵਾ। ਤੂੰ ਤਾਂ ਰਾਮ ਪਿ-ਆਰੇ ਨੂੰ ਕੂਕਨਾਏਂ ਚਿੰੜਾ ਹੋਇਆ ਮੈਨੂੰ ਆਨੇ ਜਾਮ ਬਾਵਾ। ਮੇਰੇ ਵਾਰਡ ਤੇ ਰੌਲਾ ਹੈ ਮੈਂਬਰੀ ਦਾ ਆਯਾ ਤੁਧ ਦੇ

ਤਾਂਹੀ ਮੈਂ ਧਾ। ਬਾਵਾ। ਕੁਲ ਪਰਚੀਆਂ ਵਾਲੇ ਇਮ-ਦਾਦ ਦੇਵਨ ਪਰਚੀ ਦੇਵੇ ਨਾਂ ਕੋਈ ਵੀ ਲਾਮੂ ਬਾਵਾ। ਤਾਂ ਮੈਂ ਬਨਾਂ ਮੈਂਬਰ ਪਰਚੀ ਘਨੀ ਹੋਵੇ ਮਿਲੇ ਮੁਝ ਤਾਂਈ ਪਰਚੀ ਆਮ ਬਾਵਾ। ਐਸੀ ਦਸੋ ਮ੍ਰਿਯਾਦਾ ਮੈਂ ਆਖਨਾ ਹਾਂ ਕੰਮ ਸੁਧ ਕਰੇ ਜਿਵੇਂ ਰਾਮ ਬਾਵਾ। ਬੂਟੇ ਸਿੰਘਾ ਬਹਾਦਰ ਚੰਦ ਆਖਦਾ ਏ ਉਤਰ ਹੁਣੇ ਦਿਓ ਯਾ ਫਿਰ ਸ਼ਾਮ ਬਾਵਾ॥

### ਜਵਾਬ ਬਾਵਾ ਕਿਸਨ ਦਾਸ

ਕੋਈ ਆਸਰਾ ਰਖੇ ਸ਼ਹੂਕਾਰੜੇ ਦਾ ਕਿਸੇ ਆਸਰਾ ਬਹੁਤ ਪਰਵਾਰ ਭਾਈ। ਕਿਸੇ ਮੱਦ ਹੈ ਵਰਤ ਤੇ ਤਪ ਵਾਲਾ ਕੋਈ ਲਾਵੇ ਸਮਾਧ ਅਪਾਰ ਭਾਈ। ਕਿਸੇ ਨਿਉਲੀ ਖਟ ਕਰਮ ਦਾ ਮਾਨ ਭਾਰੀ ਕੰਦ ਮੂਲ ਦਾ ਕਿਸੇ ਅਧਾਰ ਭਾਈ। ਕੋਈ ਮੋਨੀ ਅਉਧੂਤ ਅਨਿੰਨ ਭਗਤੀ ਕਿਸੇ ਤੀਰਥਾਂ ਵਾਲਾ ਹੰਕਾਰ ਭਾਈ। ਅੰਨ ਤਿਆਗਕੇ ਕੋਈ ਹੈ ਮਾਨ ਕਰਦਾ ਕਿਸੇ ਮੱਦ ਕੇ ਬਾਂਹੀਂ ਹਜਾਰ ਭਾਈ। ਕਿਸੇ ਮਾਨ ਕੁਲ ਧਰਤੀ ਦਾ ਸੈਲ ਕਰਿਆ ਮੈਨੂੰ ਆਸਰਾ ਇਕ ਨਿਰੰਕਾਰ ਭਾਈ। ਕਿਸੇ ਮਾਨ ਕੁਲ ਵਡੀ ਤੇ ਧਨ ਬਹੁਤਾ ਘਰ ਦਰਬ ਦਾ ਨਹੀਂ ਸ਼ੁਮਾਰ ਭਾਈ॥ ਕਿਨੇ ਟੱਲੀ ਵਜਾਈ ਤੇ ਪਾਠ ਪੂਜਾ ਕਿਸੇ ਮਦ ਮਾਲਾ ਕੰਠੀ ਧਾਰ ਭਾਈ॥ ਕਿਸੇ ਮਦ ਹੈ ਚੰਦਨ ਦੇ ਤਿਲਕ ਵਾਲਾ ਮੈਨੂੰ ਓਟ ਹੈ ਇਕ ਕਰਤਾਰ ਭਾਈ।

ਕਿਸੇ ਮਾਨ ਹੈ ਚੇਲਿਆਂ ਬਾਲਿਆਂ ਦਾ ਕੋਈ ਚਾਤਰੀ ਵਿਚ ਹੁਸ਼ਿਆਰ ਭਾਈ। ਕਿਸੇ ਵਨਜ ਵਪਾਰ ਤੇ ਲੱਕ ਬੱਧਾ ਅਸੀ ਵਣਜਿਆ ਨਾਮ ਮੁਰਾਰ ਭਾਈ। ਖੋਟਾ ਕਾਂਸੀ ਤੇ ਤਾਂਬੇ ਦਾ ਵਣਜ਼ ਦਿਸੇ ਨਾਮ ਰਬ ਦਾ ਵਣਜ ਜਵਾਹਰ ਭਾਈ। ਕਿਸੇ ਵਣਜਿਆ ਲੌਂਗ ਸੁਪਾਰੀਆਂ ਨੂੰ ਅਸੀ ਸਾਂਭ ਲਈ ਨਾਮ ਪਸਾਰ ਭਾਈ। ਸੌਤਾਂ ਵਣਜਿਆ ਨਾਮ ਗੋਬਿੰਦ ਦਾ ਜੀ ਜੇਹੜਾ ਅੰਤ ਨੂੰ ਕਰੇ ਉਧਾਰ ਭਾਈ। ਖੇਪ ਲਦ ਪਰਲੋਕ ਨੂੰ ਨਾਮ ਵਾਲੀ ਸਮਝ ਰਬ ਨੂੰ ਇਕ ਪਰਵਾਰ ਭਾਈ। ਬੂਟੇ ਸਿੰਘ ਨੂੰ ਓਟ ਦਸਮੇਸ਼ ਗੁਰ ਦੀ ਜਿਸਨੇ ਅੰਤ ਲੰਘਾ-ਵਨਾ ਪਾਰ ਭਾਈ॥

## ਵਾਕ ਬਹਾਦਰ ਚੰਦ

ਬਹਾਦਰ ਚੰਦ ਕੈਂਹਦਾ ਕੋਈ ਦਾਨ ਦਸੋ ਕਰਾਂ ਝਟ ਮੈਂ ਡੇਰੀ ਨੂੰ ਲਾਵਨਾ ਕੀ। ਕੋਈ ਪਾਠ ਪੂਜਾ ਛੇਤੀ ਦਸ ਮੈਨੂੰ ਬੇੜਾ ਧਰਮ ਬਿਨ ਪਾਰ ਹੋ ਜਾਵਨਾ ਕੀ। ਧਰਮ ਬੇੜਾ ਤੇ ਨਾਮ ਮਲਾਹ ਮੇਰਾ ਵੰਝ ਗੁਰੂ ਫਿਰ ਬੇੜਾ ਅਟਕਾਵਨਾ ਕੀ। ਬੇੜਾ ਪਾਰ ਹੁੰਦਾ ਧਰਮੀ ਬੰਦਿਆਂ ਦਾ ਪਾਪੀ ਪੁਰਸ਼ ਨੇ ਪਾਰ ਲੰਘਾਵਨਾ ਕੀ। ਤੇਰੇ ਸੁਨ ਉਪਦੇਸ ਹੈ ਸ਼ਾਂਤ ਮੈਨੂੰ ਮੇਰੇ ਚਿਤ ਨੇ ਹੁਣ ਘਬਰਾਵਨਾ ਕੀ॥ ਦਾਨ ਕਰਦਿਆਂ ਲਾਵਾਂ ਨਾ ਮੂਲ ਡੇਰੀ ਸਖੀ ਦਾਨ ਬਿਨ ਕਿਸੇ ਸਦਾਵਨਾ ਕੀ। ਪਾਪੀ

ਪੁਰਸ਼ ਸਹਾਰਦਾ ਡੰਡ ਤੀਨੋ ਪਾਸੇ ਧਰਮ ਵਾਲੇ ਪਾਪੀ ਆਵਨਾ ਕੀ। ਅਗ ਸਾੜ ਸੁਟੇ ਚੋਰ ਲੁਟ ਜਾਏ ਲਗੇ ਅਗ ਘਰ ਬਾਰ ਬਚਾਵਨਾ ਕੀ। ਮਰੇ ਮਾਲ ਤੇ ਫਸਲ ਨੂੰ ਗੜਾ ਮਾਰੇ ਸੂਮ ਪੁਰਸ਼ ਨੇ ਧਰਮ ਕਮਾਵਨਾ ਕੀ। ਸਾਡਾ ਧਰਮ ਕਮਾਵਨਾ ਆਦ ਰੀਤੀ ਦਾਨੰ ਦੇਂਦਿਆਂ ਹਥ ਹਟਾਵਨਾਂ ਕੀ । ਕਰਾਓ ਪਾਠ ਪੂਜਾ ਮੇਰੇ ਨਾਮ ਉਤੇ ਸੰਕਟ ਤੁਧ ਬਿਨ ਕਿਸੇ ਹਟਾਵਨਾ ਕੀ। ਬੂਟਾ ਸਿੰਘ ਕੈਂਹਦਾ ਰਾਮ ਰਾਮ ਜਪੀਏ ਫੇਰ ਰਾਹ ਅਵਲੜੇ ਜਾਵਨਾ ਕੀ॥

ਵਾਕ ਬਾਵਾ ਕਿਸ਼ਨ ਦਾਸ॥

ਬਹਾਦਰ ਚੰਦ ਨੂੰ ਕੈਹਨ ਸੁਨ ਸੇਠ ਦੂਲੇ ਤੈਨੂੰ ਸਚ ਦੀ ਬਾਤ ਬਤਾਵਨੇ ਹਾਂ। ਰੌਲਾ ਪਰਚੀਆਂ ਵਾਲਾ ਨਾ ਰਬ ਕਰਸੀ ਪਏ ਰਬ ਨੂੰ ਅਸੀ ਧਿਆਵਨੇ ਹਾਂ। ਪਾਠ ਗੁਰੂ ਗ੍ਰੰਥ ਰਖਵਾਇ ਪੈਹਲੇ ਸੁਧ ਪਾਠ ਨਿਰਵਿਘਨ ਅਲਾਵਨੇਹਾਂ। ਲਘੂ ਦੀਰਘ ਤੇ ਅੰਕਰਾ ਸੁਧ ਕਰਕੇ ਅਸਤ ਨਿਵਸਤ ਨਾ ਪਾਠ ਕਰਾਂਵਨੇਹਾਂ। ਜਗਾ ਜਗਾ ਤੇ ਅਖਰ ਨਿਖੇੜ ਵਾਚੇ ਸੁਧ ਪਾਠ ਫਲ਼ੀ ਭੂਤ ਕਹੀ ਜਾਵਨੇ ਹਾਂ। ਪਾਠ ਕਰੇ ਸਪਤਾਹਕ ਜੱਤ ਇੰਦ੍ਰੀ ਹੋ ਵਿਧੀ ਪਾਠ ਦੀ ਪਏ ਸਮਝਾਂਵਨੇ ਹਾਂ। ਕਲਸ ਭਰੇ ਨਰਯੇਲ ਸੁਪਾਰੀਆਂ ਤੇਰੇ ਤੇ ਕੋਰੇ ਤੇ ਜਉਂ ਸੁਟਾਵਨੇ ਹਾਂਦ੍ਰਯਾਈ ਮੋਹਲੀ ਸਮਿਗ੍ਰੀ ਤਿਯਾਰ ਕਰਕੇ ਉਤਰ ਦਿਸ਼ਾ ਨੂੰ ਮੁਖ ਭੁਆਵਨੇ

ਹਾਂ ਪਾਠ ਗੁਰੂ ਗ੍ਰੰਥ ਦਾ ਸ਼ੁਰੂ ਕੀਤਾ ਕੰਙਨਾ ਹੱਥ ਦੇ ਵਿਚ
ਸੁਹਾਂਵਨੇ ਹਾਂ। ਕਰ ਅਰਦਾਸ ਤੇ ਪਾਠ ਅਰੰਭਿਆ ਜੇ
ਪੂਰੀ ਵਿਧੀ ਸੇ ਕੰਮ ਚਲਾਂਵਨੇ ਹਾਂ। ਧੂਪ ਦੀਪ ਸਮਿਗ੍ਰੀ
ਹਮਨ ਵਾਲ਼ੀ ਗੁਰੂ ਗ੍ਰੰਥ ਨੂੰ ਪੁਸ਼ਪ ਚੜ੍ਹਾਂਵਨੇ ਹਾਂ। ਬੂਟੇ
ਸਿੰਘ ਨੇ ਪਾਠ ਅਰੰਭਿਆ ਜੇ ਕੇਸੀ ਨੂੰ ਇਕੇ ਤੁਕ ਉਠਾਂਵ
ਨੇ ਹਾਂ। ਸਪਤਾਹਕ ਪਾਠ ਹੈ ਦੇਂਵਦਾ ਫਲ ਪੂਰਾ ਨਹੀਂ
ਭੈਦ ਕੁਛ ਅਸੀ ਲੁਕਾਂਵਨੇ ਹਾਂ।ਪਾਠ ਚੰਡੀਦਾ ਤੁਸੀ ਕਰਾਓ
ਜ਼ਲਦੀ ਧਰਮ ਕਰਦਿਆਂ ਡੇਰੀ ਨਾ ਲਾਂਵਨੇਹਾਂ। ਕਲ
ਕਰਦਾ ਅਜ ਤੂੰ ਕਰ ਛੇਤੀ ਅਜ ਕਰਦਾ ਹੁਨੇ ਬਤਾਵਨੇ
ਹਾਂ। ਨਹੀ ਪਤਾ ਅਚਾਨਕੀ ਕਾਲ ਆਵੇ ਗਏ ਪ੍ਰਲੋਕ ਨੂੰ
ਤਦੋਂ ਪਛਤਾਂਵਨੇਹਾਂ। ਪੰਡਤ ਸਦਕੇ ਪਾਠ ਜੇ ਸੂਰੂ ਕੀਤਾ
ਧੂਪ ਦੀਪ ਨੂੰ ਪਏ ਧੁਖਾਂਵਨੇ ਹਾਂ। ਜਗੀ ਜੋਤ ਨਰਯੇਲ
ਦੇ ਝੱਟ ਉਤੇ ਹਮਨ ਚੰਡੀ ਦੇ ਨਾਮ ਤੇ ਪਾਂਵਨੇ ਹਾਂ। ਚੰਦ੍ਰ
ਲਿਲਾਟ ਮੁਖ ਮਹਾਂ ਬਿਸਾਲ ਸੋਭੇ ਦੁਰਗਾ ਨਾਮ ਤੇ ਹੂਤੀ
ਉਟਾਵਨੇ ਹਾਂ। ਨੇਤ੍ਰ ਲਾਲ ਭ੍ਰਗਟੀਓਂ ਵਿਕਰਾਲ ਰੂਪਾ
ਸੁਰਸਤੀ ਨਾਮ ਤੇ ਜਸ ਪਏ ਗਾਂਵਨੇ ਹਾਂ। ਜਗਤ ਮਾਤ
ਤੇ ਰੂਪ ਹੈ ਅਧਕ ਸੁੰਦਰ ਅਸੀ ਮੈਹਮਾਂ ਤੇਰੀ ਕਹੀ ਜਾਂਵ
ਨੇ ਹਾਂ। ਮਾਤੰਗੀ ਨਾਮ ਧੂਮਾਵਤ ਹੈ ਅਤ ਮਾਤਾ ਹਿੰਙ
ਲਾਜ ਭਵਾਨੀ ਧਿਆਂਵਨੇਹਾਂ। ਸ੍ਰੀ ਭੈਰਵ ਤਾਰਾ ਜਗ
ਤਾਰਨੇ ਨੂੰ ਆਦ ਅੰਭਾ ਵਾ ਦੰਭ੍ਹਾ ਨੂੰ ਗਾਂਵਨੇ ਹਾਂ। ਅੰਭਾ
ਪੂਰੀ ਵਾ ਸ਼ਕਤ ਕੁਲ ਠੌਰ ਤੇਰੀ ਜੈ ਦੁਰਗੇ ਜੈ ਦੁਰਗੇ

ਮੰਨਾਂਵਨੇ ਹਾਂ। ਸੋਭੇ ਅਸ ਹਸਤਰ ਤ੍ਰਿਸੂਲ ਤੇਰੇ ਭਵਾਨੀ ਆਖਕੇ ਜੱਲ ਚੜ੍ਹਾਂਵਨੇ ਹਾਂ। ਕੇਹਰ ਬਾਹਨ ਲੰਗੂਰ ਅਗਵਾਨ ਤੇਰੇ ਕੰਬਨ ਭੂਤ ਬੇਤਾਲ ਬਤਾਂਵਨੇ ਹਾਂ। ਕਰਮ ਮੇਖ ਪਰ ਖੜਗ ਬਿਰਾਜਦੀਏ ਭਵ ਨੇਤ੍ਰ ਵਰ ਦਾਤਾ ਬਤਲਾਂਵਨੇ ਹਾਂ। ਰੁੰਡ ਮੁੰਡ ਰਾਕਸ ਦਾਨੋਂ ਦਾੜ ਮਾਰਾ ਅਗੇ ਭੂਤ ਭੂਤਾਨ ਨਚਾਂਵਨੇ ਹਾਂ। ਹਨੂਵੰਤ ਜੈਸੇ ਬਲੀ ਸਾਥ ਜਿਨ ਕੇ ਬੀਰ ਭੈਰੋਂ ਨੂੰ ਅਗੇ ਖਲਵਾਵਨੇ ਹਾਂ। ਅਸਟ ਭੁਜੀ ਦੀ ਜੁਆਲਾ ਮੈਂ ਜੋਤ ਜਾਗੀ ਅਕਬਰ ਪਾਤ ਸ਼ਾਹ ਛਤਰ ਝੁਲਾਂਵਨੇ ਹਾਂ। ਆਈ ਦੰਡਕਾ ਪਕੜਕੇ ਤੇਗ ਨੰਗੀ ਵਰ ਮੰਗ ਕੀ ਜਗਤ ਤੇ ਚਾਂਵਨੇ ਹਾਂ। ਆਈ ਸ਼ੇਰ ਸਵਾਰ ਅਨੇਕ ਸ਼ਸਤ੍ਰ ਖਪਰ ਹੱਥ ਦੇ ਵਿਚ ਸੁਨਾਂਵਨੇ ਹਾਂ। ਦਾਨੋਂ ਦੈਂਤ ਬਲਵਾਨਮੈਂ ਮਾਰ ਆਈ ਭਗਤਾ ਕਾਜ ਹੁਨ ਤੇਰਾ ਸੁਵਾਰਨੇ ਹਾਂ। ਮੇਰੇ ਤੇਜ ਨੂੰ ਜਾਨ ਦਾ ਜਗਤ ਭਗਤਾ ਤੇਰੇ ਚਿਤ ਦੀ ਆਸ ਪੁਜਾਂਵਨੇ ਹਾਂ। ਮੇਰੇ ਮੰਦਰ ਤੇ ਸਿਉਨੇ ਦੇ ਛੱਤਰ ਝੂਲਨ ਭੇਟਾ ਸੇਵਕਾਂ ਦੇ ਸਿਰੋਂ ਲਾਂਵਨੇਹਾਂ।ਮੇਰੇ ਧਾਮ ਤੇ ਜੜੇ ਨੇ ਜੜਤ ਹੀਰੇ ਭਵਨ ਮੋਰ ਲਟੋਰ ਸੁਹਾਂਵਨੇ ਹਾਂ। ਤੇਰੇ ਦੁਖ ਕਲੇਸ ਸਭ ਦੂਰ ਕੀਤੇ ਵਰ ਦੇਕੇ ਜੁਆਲਾ ਮੈਂ ਜਾਂਵਨੇ ਹਾਂ। ਬੂਟਾ ਸਿੰਘ ਕੈਂਹਦਾ ਕੀਤੀ ਜਗਤ ਦੇਂਦਾ ਅਸੀਂ ਰੱਬ ਦੇ ਸੁਆਲੀ ਸਦਾਂਵਨੇਹਾਂ।

## ਬਹਾਦਰ ਚੰਦ ਕਾ ਕਾਰਜ ਸਿਧ

ਬੂਟੇ ਸਿੰਘ ਨੇ ਪਾਠ ਸੰਪੂਰਣ ਕੀਤਾ ਬ੍ਰਾਹਮਣ ਚੰਡੀ

ਦਾ ਭੋਗ ਜੋ ਪਾਇਆਈ। ਰੌਲਾ ਪੂਚੀਆਂ ਵਾਲਿਆਂ ਨ ਰੱਬ ਪਾਯਾ ਕੁਰਤੇ ਹਰਤੇ ਨੇ ਮੈਂ ਬਰ ਬਨਾਇਆਈ। ਵੱਸ ਕਿਸੇ ਦੇ ਕੁਛ ਨਾ ਗਲ ਲੋਕੋ ਭੇਤ ਸਾਂਈ ਦਾ ਕਿਸੇ ਨਾ ਆਇ ਆਈ। ਬੂਟਾ ਸਿੰਘ ਕੈਂਹਦਾ ਸਾਂਈ ਦੇਖ ਅਪਨਾ ਤੈਨੇ ਗੈਰ ਨੂੰ ਕਿਉਂ ਤਕਾਇਆਈ ॥ ਵਾਕ ਕਵੀ

ਧਨ ਮਾਲ ਨਾ ਦੌਲਤ ਨਾ ਪਿੰਡ ਜਾਣਾ ਜਿਵੇਂ ਇਨ੍ਹਾਂ ਕਹਿਆ ਲਿਖ ਪਾਯਾ ਮੈਂ। ਝੂਠ ਪਾਪ ਅਪਰਾਧ ਦੇ ਤਿੰਨੇ ਭਾਗੀ ਕਹੇ ਇਨ੍ਹਾਂ ਦੇ ਹੱਥ ਉਠਾਯਾ ਮੈਂ। ਕਿਸ਼ਨ ਦਾਸ ਨੇਂ ਧਰਮ ਹੈ ਲਿਆ ਮੈਥੋਂ ਹਾਲ ਉਸਨੇ ਕੁਲ ਸੁਨਾਯਾ ਮੈਂ। ਬਹਾਦਰ ਚੰਦ ਨੇ ਆਪ ਨਾ ਹਾਲ ਦਸਿਆ ਅਪਨੀ ਬੁਧ ਅਨੁਸਾਰ ਬਨਾਯਾ ਮੈਂ। ਮੋਹਰੀ ਲਾਲ ਨੇ ਕੁਛ ਸੀ ਜਾਹਰ ਕੀਤਾ ਸਾਰਾ ਭੇਤ ਫਿਰ ਉਸਦਾ ਪਾਯਾ ਮੈਂ। ਹਾਲ ਹੋਰ ਭੀ ਬਾਵੇ ਨੇ ਬਹੁਤ ਦਸੇ ਨਾ ਜਾਇਜ ਸਮਝਕੇ ਸਭ ਹਟਾਯਾ ਮੈਂ। ਗੁਰੂ ਗ੍ਰੰਥ ਸਾਹਿਬ ਸਾਖੀ ਕਰ ਬੈਠਾ ਏਸ ਲਈ ਨਾ ਵਾਕ ਭੁਆਯਾ ਮੈਂ। ਕਲਾਲੀ ਪਿੰਡ ਨਾ ਟੇਕ ਸਿੰਘ ਰਖ ਜਾਨਾ ਕਹੇ ਇਨ੍ਹਾਂ ਦੇ ਏਹ ਰਚਾਯਾ ਮੈਂ। ਝੂਠ ਸਚ ਨੂੰ ਬਾਵਾ ਯਾ ਰਬ ਜਾਣੇ ਧਰਮ ਆਪਨਾ ਤੋੜ ਝੜਾ ਯਾ ਮੈਂ। ਉਸਤਤ ਬੰਦਿਆਂ ਦੀ ਕਰਣੀ ਪਾਪ ਸਮਝਾਂ ਐਪਰ ਧਰਮ ਨੇ ਏਹ ਬੁਲਾਯਾ ਮੈਂ। ਜੋ ਕੁਛ ਲਿਖਿਆ ਬਚਨ ਦੇ ਵਸ ਹੋਕੇ ਦੇਕੇ ਬਚਨ ਨਾ ਮੁਖ ਛਪਾਯਾ ਮੈਂ। ਬੂਟਾ ਸਿੰਘ ਕੈਂਹਦਾ ਕੈਹਨੇ ਇਨ੍ਹਾਂ ਦੇ ਤੇ ਗ੍ਰੰਥ ਰਚ ਕੇ

ਏਹ ਅਲਾਯਾ ਮੈਂ ॥

## ਕੋਰੜਾ ਛੰਦ

ਚਲਨਾ ਜਰੂਰ ਦੁਨੀਆਂ ਤੋਂ ਸਾਰਿਆਂ। ਰਾਵ ਰੰਕ ਸ਼ਾਹ ਨਾ ਰੈਹਨਾ ਅਉਤ੍ਰਾਰਿਆਂ। ਤਨ ਹੈ ਮਲੀਨ ਤੇ ਸੁਗੰਧੀ ਲਾਂਵਦਾ। ਪੈਹਨਕੇ ਪੁਸ਼ਾਕ ਏਸ ਨੂੰ ਸਜਾਂਵਦਾ। ਮੈਹਲ ਅਤੇ ਮਾੜੀਆਂ ਮੈਂ ਗਿਆ ਫਸ ਉਇ। ਚਲਨਾ ਜਰੂਰ ਤੈਨੂੰ ਦਿਤਾ ਦਸ ਉਇ। ਤੇਲ ਜਾਊ ਬਲ ਬਤੀ ਬੁਝ ਜਾਊਗੀ। ਐਸੀ ਦੇਹ ਮਾਨਸ ਦੀ ਨਾ ਥਿਆਊਗੀ।ਹਾਂਡੀ ਕਾਠ ਵਾਲੀ ਅਗ ਉਤੇ ਭੱਸਉਇ। ਚਲਨਾ ਜਰੂਰ ਤੈਨੂੰ ਦਿਤਾ ਦੱਸਉਇ।ਅਰਬ ਖਰਬ ਜਿਨਾਦੇ ਖਜ਼ਾਨੇ ਭਾਰੀਥੇ। ਉਦੇ ਅਸਤ ਰਾਜੇ ਭੂਪਜੋ ਅਪਾਰੀ ਥੇ।ਮਿਟੀ ਨ ਉਨਾ ਦੀ ਇੱਛਾ ਗਏ ਨਸ ਉਇ। ਚੱਲਨਾ ਜਰੂਰ ਤੈਨੂੰ ਦਿਤਾ ਦਸ ਉਇ। ਮਨ ਦੀਆਂ ਦਲੀਲਾਂ ਮਨ ਮੈਂ ਲੈ ਜਾਂਵਦਾ।ਇਕ ਮਨ ਹੋਇ ਨਾਹੀ ਨਾਮ ਗਾਂਵਦਾ। ਤ੍ਰਿਸਨਾ ਤੇ ਵਾਸਨਾ ਨੇ ਲਿਆ ਡਸ ਉਇ। ਚਲਨਾ ਜਰੂਰ ਤੈਨੂੰ ਦਿਤਾ ਦਸ ਉਇ। ਲੱਗ ਲੱਗ ਬਾਗ ਲਖਾਂ ਸੁਕ ਜਾਂਵਦੇ। ਨੰਗੇ ਪੈਰੀਂ ਅੰਤ ਨੂੰ ਸ਼ਜ਼ਾਦੇ ਜਾਂਵਦੇ। ਆਊਗਾ ਅਚਾਨ ਕਾਲ ਪਾਊ ਕਸ ਉਇ। ਚਲਨਾ ਜਰੂਰ ਤੈਨੂੰ ਦਿਤਾ ਦਸ ਉਇ। ਚਿਤ ਚੇਤੇ ਮੌਤ ਤੇਰੇ ਨਹੀਂ ਆਉਂਦੀ। ਬਾਹੋਂ ਫੜ ਆਖਰੀ ਨੂੰ ਹੈ ਜਗਾਉਂਦੀ। ਗੋਰ ਤ੍ਰੇਰਾ ਘਰ ਚਲ ਉਥੇ ਵੱਸ ਉਇ। ਚਲਨਾ ਜਰੂਰ ਤੈਨੂੰ ਦਿਤਾ ਦਸ ਉਇ । ਮਰ ਗਿਆ

ਧਨੰਤ੍ਰ ਵੈਦਗੀ ਦਾ ਬਰਦਾ। ਮਰ ਗਿਆ ਲੁਕਮਾਨ ਜੋ ਹਕੀਮੀ ਕਰਦਾ। ਕਾਲ ਮੂਹਰੇ ਚਲੇ ਨਾ ਕਿਸੇ ਦਾ ਵੱਸ ਉਏ। ਚਲਨਾ ਜਰੂਰ ਤੈਨੂੰ ਦਿਤਾ ਦਸ ਉਏ । ਦੁਨੀਆਂ ਚਬੀਣਾ ਕਾਲ ਫਿਊ ਚੱਬ ਉਏ। ਕੋਈ ਦੇਨ ਸਾੜ ਕੋਈ ਦੇਨ ਦੱਬ ਉਏ।ਲਖਾਂ ਮੁਖ ਛਪੇ ਗਏ ਧਰਨੀ ਧੱਸ ਉਏ। ਚਲਨਾ ਜਰੂਰ ਤੈਨੂੰ ਦਿਤਾ ਦਸ ਉਏ । ਕੋਈ ਦਰਯਾ ਵਿਚ ਲੋਥ ਡਾਰਦੇ। ਖਾਂਦੇ ਮਛ ਕਛ ਹੱਡ ਤੋੜ ਡਾਰਦੇ। ਰਾਮ ਨਾਮ ਜਪ ਏਹੋ ਹਈ ਜਸ ਉਏ।ਚਲਨਾ ਜਰੂਰ ਤੈਨੂੰ ਦਿਤਾ ਦਸ ਉਏ। ਦਾਰਾ ਸ਼ਾਹ ਸਿਕੰਦਰ ਨਾ ਨਜਰ ਆਂਵ ਦਾਂ। ਅਫਲਾ ਤੂਨ ਰੁਸਤਮ ਹਿੰਦ ਕੁਲ ਜਾਂਵਦਾ।ਸ਼ਦਾਦ ਅਕਬਰ ਭੀਮ ਕਾਰੂ ਗਏ ਵੱਸ ਉਏ । ਚਲਨਾ ਜਰੂਰ ਤੈਨੂੰ ਦਿਤਾ ਦਸ ਉਏ। ਰਾਵਨ ਜਰਾਸੰਧ ਕੰਸ ਕੁੰਭ ਚਲਿਆ। ਬਲ ਰਾਜੇ ਤਾਂਈ ਸੋ ਪਤਾਲ ਘਲਿਆ। ਮੋਹ ਰੂਪੀ ਜਾਲ ਮੇਂ ਗਿਓਂ ਤੂੰ ਫਸ ਉਏ। ਚਲਨਾ ਜਰੂਰ ਤੈਨੂੰ ਦਿਤਾ ਦਸ ਉਏ। ਬਾਲ ਬੱਚੇ ਬੁਢੜੇ ਦਾ ਨਾ ਭਰੋਸਾ ਜੀ । ਕੁਲ ਨਰ ਨਾਰੀ ਕਾਲ ਦਾ ਪਰੋਸਾ ਜੀ ॥ ਦੇਖ ਸਿਰ ਮੂੰਹ ਦੰਦ ਗਏ ਘੱਸ ਉਏ । ਚਲਨਾ ਜਰੂਰ ਤੈਨੂੰ ਦਿਤਾ ਦਸ ਉਏ । ਬੂਟਾ ਸਿੰਘ ਕਹੇ ਚੇਤ ਰਾਮ ਅੰਧੜਾ । ਸਤ ਰਾਮ ਜਾਨ ਹੋਰ ਝੂਠਾ ਧੰਧੜਾ ।

ਦੋਹਰਾ॥ ਸੰਮਤ ਉਨੀ ਸੌ ਇਕਾਸੀਆ ਮਾਸ ਜੇਠ ਲੈ ਜਾਨ। ਗ੍ਰੰਥ ਸੰਪੂਰਨ ਹੈ ਕੀਆ ਬੰਗਾਲੇ ਵਿਚ ਪਛਾਨ ॥

## ਵਾਕ ਕਵੀ

ਬਿਨਾਂ ਪ੍ਰਭੂ ਦੇ ਇਛਿਆ ਰਖਦਾ ਨਾ ਕਰਨਹਾਰ ਦੀ ਇਛਿਆ ਧਾਰ ਸਾਂਈ। ਨਾਮਦਾਨ ਮੰਗਾਂ ਪਿਆਰੇ ਰਾਮ ਪਾਸੋਂ ਸਾਧ ਸੰਗਤ ਦਾ ਮੰਗਾਂ ਦੀਦਾਰ ਸਾਂਈ । ਚਰਨ ਧੂੜ ਮੰਗਾਂ ਤੇਰੀਆਂ ਸੰਗਤਾਂ ਦੀ ਜਾਵਾਂ ਅੰਤ ਨੂੰ ਪੁਰੀ ਤੁਹਾਰ ਸਾਂਈ। ਰਾਮ ਪਿਆਰੇ ਨੂੰ ਤਿਆਗਕੇ ਜਗਤ ਜਾਚੇ ਜਾਵੇ ਠੀਕ ਓਹ ਨਰਕ ਮਝਾਰ ਸਾਂਈ । ਬਿਨਾਂ ਪ੍ਰਭੂ ਦੇ ਕੰਮ ਨਾ ਕੋਈ ਪੂਰਨ ਸ੍ਵਾਸ ਸ੍ਵਾਸ ਮਨ ਨਾਮ ਚਿਤਾਰ ਸਾਂਈ। ਲਿਖੀ ਰਬ ਦੀ ਕੋਈ ਨਾ ਮੇਟ ਸਕੇ ਬ੍ਰਮਾ ਬਿਸਨ ਮਹੇਸ ਅਵਤਾਰ ਸਾਂਈ । ਰੋਜ਼ੀ ਦੇਨ ਵਾਲਾ ਕੁਲ ਸ੍ਰਿਸ਼ਟ ਤਾਂਈ ਸਿਰ ਸਿਰ ਨੂੰ ਦੇਵੇ ਅਧਾਰ ਸਾਂਈ। ਮ੍ਰਿਤਕ ਲੋਥ ਨੂੰ ਰਬ ਜਰੂਰ ਦੇਂਦਾ ਖੱਫਨ ਲਕੜੀ ਅੱਗ ਅੰਗਿਆਰ ਸਾਂਈ। ਜੀਵਤ ਨਰ ਜੋ ਰੋਜੀ ਦੀ ਕਰੇ ਚਿੰਤਾ ਅਭਾਗੀ ਪੁਰਸ਼ ਓਹ ਜਗ ਮਝਾਰ ਸਾਂਈ। ਲੱਖਾਂ ਕਰ ਚਤਰਾਈ ਕਰੋੜ ਬੁਧੀ ਬਲ ਆਪਣਾ ਲਾਇ ਅਪਾਰ ਸਾਂਈ। ਅਨਹੋਣੀ ਬਾਤ ਨਾਂ ਹੋਵਨੀ ਕਦੇ ਬੰਦੇ ਹੋਣੀ ਹੋਸੀ ਜੋ ਕਰੇ ਕਰਤਾਰ ਸਾਂਈ । ਬੂਟਾ ਸਿੰਘ ਮੰਗੇ ਮੇਹਰ ਰਬ ਪਾਸੋਂ ਸੁਪਨਾ ਦਿਸਦਾ ਕੁਲ ਸੰਸਾਰ ਸਾਂਈ।

॥ ਸੰਪੂਰਣ ॥